Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ ਯੂ. ਐੱਸ. ਏ.

Chief Editor: Gurjatinder Singh Randhawa
Punjab Mail USA

REALTY ONE GROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567
916-320-9444

Vol. 17, Issue- 770, 05 to 11 Oct., 2023, Ph: 916-320-9444, E-mail: punjabmailusa@yahoo.com, Web: punjabmailusa.com

## ਜੇ ਰਾਸ਼ਟਰਪਤੀ ਬਣਿਆ, ਤਾਂ ਸਟੋਰਾਂ 'ਚ ਹੋ ਰਹੀਆਂ ਲੁੱਟ ਦੀਆਂ ਵਾਰਦਾਤਾਂ ਨੂੰ ਪਾਵਾਂਗਾ ਨਕੇਲ : ਟਰੰਪ



■ ਕਿਹਾ: ਮੈਂ ਚਾਹੁੰਦਾ ਹਾਂ ਕਿ ਕਾਨੂੰਨ ਵਿਵਸਥਾ ਬਣੀ ਰਹੇ
■ ਸਟੋਰ ਮਾਲਕਾਂ ਦੇ ਹੱਕ 'ਚ ਆਏ ਇਸ ਬਿਆਨ ਨਾਲ ਸਟੋਰ ਮਾਲਕਾਂ ਮਿਲੀ ਰਾਹਤ

ਵਾਸ਼ਿੰਗਟਨ, (ਪੰਜਾਬ ਮੇਲ)- ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਲ ਹੀ ਵਿਚ ਆਪਣੇ ਬਿਆਨ 'ਚ ਕਿਹਾ, ਜੇਕਰ ਉਹ 2024 'ਚ 'ਰਾਸ਼ਟਰਪਤੀ ਚੋਣਾਂ ਜਿੱਤਦੇ ਹਨ ਤਾਂ ਉਹ ਇੱਥੇ ਸਟੋਰਾਂ ਵਿੱਚ ਹੋ ਰਹੀਆਂ ਲੁੱਟ ਖਸੁੱਟ ਦੀਆਂ ਵਾਰਦਾਤਾਂ ਨੂੰ ਨੱਥ ਪਾਉਣਗੇ। ਉਨ੍ਹਾਂ ਨੇ ਇਹ ਗੱਲ ਕੈਲੀਫੋਰਨੀਆ 'ਚ ਰਿਪਬਲਿਕਨ ਦੇ ਇੱਕ ਇਕੱਠ ਵਿਚ ਭਾਸ਼ਣ ਦੌਰਾਨ ਕਹੀ। ਉਨ੍ਹਾਂ ਨੇ ਕਿਹਾ ਕਿ ਜੇਕਰ ਮੈਂ ਰਾਸ਼ਟਰਪਤੀ ਚੁਣਿਆ ਜਾਂਦਾ ਹਾਂ, ਤਾਂ ਸਟੋਰਾਂ ਵਿਚ ਲੁੱਟ ਦੀ ਨੀਤ ਨਾਲ ਆਏ ਲੋਕਾਂ ਨੂੰ ਗੋਲੀ ਮਾਰਨ ਦਾ ਹੁਕਮ ਦੇਵਾਂਗਾ। ਸਾਬਕਾ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਮੈਂ ਚਾਹੁੰਦਾ ਹਾਂ ਕਿ ਇੱਥੇ ਕਾਨੂੰਨ ਦੀ ਵਿਵਸਥਾ ਬਣੀ ਰਹੇ। ਉਨ੍ਹਾਂ ਦੇ ਇਸ ਭਾਸ਼ਣ 'ਤੇ ਰਿਪਬਲੀਕਨ ਪਾਰਟੀ ਵੱਲੋਂ ਆਏ ਹੋਏ ਮੈਂਬਰਾਂ ਨੇ ਤਾੜੀਆਂ ਮਾਰ ਕੇ ਸਵਾਗਤ ਕੀਤਾ। ਇੱਥੇ ਇਹ ਗੱਲ ਦੱਸਣੀ ਬਣਦੀ ਹੈ ਕਿ ਸਾਬਕਾ ਅਮਰੀਕੀ ਰਾਸ਼ਟਰਪਤੀ ਦੀ ਇਹ ਟਿੱਪਣੀ ਉਦੋਂ ਆਈ, ਜਦੋਂ ਉਹ ਖ਼ੁਦ 7 ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਨੇ। ਉਨ੍ਹਾਂ ਨੇ ਇਸ ਮੌਕੇ 'ਤੇ ਇਹ ਵੀ ਕਿਹਾ ਕਿ ਮੈਨੂੰ ਰਾਜਨੀਤਿਕ ਤੌਰ 'ਤੇ ਕੇਸਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ਿਕਰਯੋਗ ਹੈ ਕਿ ਪਿਛਲੇ

■ ਬਾਕੀ ਖ਼ਬਰ ਸਫ਼ਾ 15 'ਤੇ

## ਅਮਰੀਕੀ ਪ੍ਰਤੀਨਿਧੀ ਸਭਾ ਦੇ ਸਪੀਕਰ ਕੇਵਿਨ ਮੈਕਕਾਰਥੀ ਬਰਖ਼ਾਸਤ

ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)- ਰਿਪਬਲਿਕਨ ਸੰਸਦ ਮੈਂਬਰ ਕੇਵਿਨ ਮੈਕਕਾਰਥੀ ਨੂੰ ਅਮਰੀਕੀ ਪ੍ਰਤੀਨਿਧੀ ਸਭਾ ਦੇ ਸਪੀਕਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਅਮਰੀਕੀ ਸੰਸਦ ਕਾਂਗਰਸ ਦੇ ਹੇਠਲੇ ਸਦਨ ਹਾਊਸ ਆਫ ਰਿਪ੍ਰੇਜ਼ੈਂਟੇਟਿਵਜ਼ ਨੇ ਮੰਗਲਵਾਰ (ਸਥਾਨਕ ਸਮੇਂ) ਨੂੰ ਸਪੀਕਰ ਦੇ ਅਹੁਦੇ ਤੋਂ ਮੈਕਕਾਰਥੀ ਨੂੰ ਹਟਾਉਣ ਦੇ ਪੱਖ 'ਚ ਵੋਟਿੰਗ ਕੀਤੀ। ਅਮਰੀਕੀ ਇਤਿਹਾਸ ਵਿਚ ਇਸ ਤਰ੍ਹਾਂ ਦੀ ਵੋਟਿੰਗ ਪਹਿਲੀ ਵਾਰ ਹੋਈ ਹੈ। ਇਸ ਦੇ ਨਾਲ ਹੀ ਮੈਕਕਾਰਥੀ ਵੋਟਿੰਗ ਰਾਹੀਂ ਅਹੁਦੇ ਤੋਂ ਹਟਾਏ ਜਾਣ ਵਾਲੇ ਪਹਿਲੇ ਸਪੀਕਰ ਬਣ ਗਏ ਹਨ। ਉੱਧਰ ਸਪੀਕਰ ਦੇ ਅਹੁਦੇ ਤੋਂ ਬੇਦਖਲ ਕੀਤੇ ਗਏ ਕੇਵਿਨ



■ ਅਮਰੀਕੀ ਇਤਿਹਾਸ 'ਚ ਪਹਿਲੀ ਵਾਰ ਹੋਈ ਇਸ ਤਰ੍ਹਾਂ ਦੀ ਵੋਟਿੰਗ
■ 7 ਰਿਪਬਲਿਕਨ ਸੰਸਦ ਮੈਂਬਰਾਂ ਨੇ ਮੈਕਕਾਰਥੀ ਨੂੰ ਹਟਾਉਣ ਦੇ ਪੱਖ 'ਚ ਕੀਤੀ ਵੋਟ
■ ਵੋਟਿੰਗ ਰਾਹੀਂ ਅਹੁਦੇ ਤੋਂ ਹਟਾਏ ਜਾਣ ਵਾਲੇ ਪਹਿਲੇ ਸਪੀਕਰ ਬਣੇ ਮੈਕਕਾਰਥੀ

ਮੈਕਕਾਰਥੀ ਨੇ ਐਲਾਨ ਕੀਤਾ ਕਿ ਉਹ ਇਸ ਅਹੁਦੇ ਲਈ ਦੁਬਾਰਾ ਚੋਣ ਨਹੀਂ ਲੜਨਗੇ, ਪਰ ਉਹ ਕੁਝ ਵੀ ਨਹੀਂ ਬਦਲਣਗੇ। ਮੈਕਕਾਰਥੀ ਨੇ ਮੰਗਲਵਾਰ ਸ਼ਾਮ ਨੂੰ ਕਿਹਾ ਕਿ "ਮੈਂ ਦੁਬਾਰਾ ਰਾਸ਼ਟਰਪਤੀ ਲਈ ਨਹੀਂ ਲੜਾਂਗਾ। ਉਨ੍ਹਾਂ ਨੇ ਕਿਹਾ ਕਿ ਇਹ ਇਸ ਗੱਲ 'ਤੇ ਵਿਚਾਰ ਕਰਨਗੇ ਕਿ ਕੀ ਉਹ ਕਾਂਗਰਸ ਵਿਚ ਬਣੇ ਰਹਿਣਗੇ। ਮੈਕਕਾਰਥੀ ਨੇ ਕੁੱਲ 269 ਦਿਨਾਂ ਲਈ ਸਦਨ ਦੇ ਸਪੀਕਰ ਵਜੋਂ ਸੇਵਾ ਕੀਤੀ, ਯੂ.ਐੱਸ. ਦੇ ਇਤਿਹਾਸ ਵਿਚ ਕਿਸੇ ਵੀ ਸਪੀਕਰ ਦਾ ਦੂਜਾ ਸਭ ਤੋਂ ਛੋਟਾ ਕਾਰਜਕਾਲ ਹੈ। ਮੈਕਕਾਰਥੀ ਨੂੰ 7 ਜਨਵਰੀ, 2023 ਨੂੰ ਸਪੀਕਰ ਚੁਣਿਆ ਗਿਆ ਸੀ ਅਤੇ ਮੰਗਲਵਾਰ ਨੂੰ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ। ਮੀਡੀਆ ਰਿਪੋਰਟਾਂ ਮੁਤਾਬਕ ਸਦਨ ਨੂੰ ਹੁਣ ਨਵੇਂ ਸਪੀਕਰ ਦੀ ਚੋਣ ਕਰਨੀ ਹੋਵੇਗੀ। ਪਰ ਕਿਸੇ ਵੀ ਪਾਰਟੀ ਕੋਲ ਜਿੱਤਣ ਲਈ ਲੋੜੀਂਦਾ ਸਮਰਥਨ ਨਹੀਂ ਹੈ। ਮੈਕਕਾਰਥੀ ਨੇ

■ ਬਾਕੀ ਖ਼ਬਰ ਸਫ਼ਾ 15 'ਤੇ

## ਭਾਰਤ ਵੱਲੋਂ ਕੈਨੇਡਾ ਨੂੰ 40 ਤੋਂ ਵੱਧ ਡਿਪਲੋਮੈਟ ਵਾਪਸ ਬੁਲਾਉਣ ਦੇ ਨਿਰਦੇਸ਼



■ ਦੇਸ਼ ਵਾਪਸੀ ਲਈ 10 ਅਕਤੂਬਰ ਦੀ ਸਮਾਂ ਸੀਮਾ ਤੈਅ

ਨਵੀਂ ਦਿੱਲੀ, (ਪੰਜਾਬ ਮੇਲ)- ਭਾਰਤ ਅਤੇ ਕੈਨੇਡਾ ਵਿਚਾਲੇ ਵਧੇ ਤਣਾਅ ਦਰਮਿਆਨ ਹੁਣ ਭਾਰਤ ਨੇ ਕੈਨੇਡਾ ਨੂੰ ਆਪਣੇ 40 ਤੋਂ ਵੱਧ ਡਿਪਲੋਮੈਟਾਂ ਨੂੰ ਵਾਪਸ ਬੁਲਾਉਣ ਲਈ ਕਿਹਾ ਹੈ। ਭਾਰਤ ਸਰਕਾਰ ਨੇ ਦੇਸ਼ ਵਾਪਸੀ ਲਈ 10 ਅਕਤੂਬਰ ਦੀ ਸਮਾਂ ਸੀਮਾ ਤੈਅ ਕੀਤੀ ਹੈ।

ਭਾਰਤ ਨੇ ਕੈਨੇਡਾ ਨੂੰ ਕਿਹਾ ਹੈ ਕਿ ਉਹ 10 ਅਕਤੂਬਰ ਤੱਕ ਆਪਣੇ 40 ਤੋਂ ਵੱਧ ਡਿਪਲੋਮੈਟਾਂ ਨੂੰ ਦੇਸ਼ ਤੋਂ ਵਾਪਸ ਬੁਲਾ ਲਵੇ।

ਜ਼ਿਕਰਯੋਗ ਹੈ ਕਿ ਇਕ ਹਰਦੀਪ ਨਿੱਜਰ ਦੀ ਹੱਤਿਆ ਦੇ ਮੁੱਦੇ 'ਤੇ ਦੋਵਾਂ ਦੇਸ਼ਾਂ ਵਿਚਾਲੇ ਕੂਟਨੀਤਕ ਤਣਾਅ ਬਣਿਆ ਹੋਇਆ ਹੈ। ਭਾਰਤ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਉਹ ਦੋਵਾਂ ਦੇਸ਼ਾਂ 'ਚ ਡਿਪਲੋਮੈਟਾਂ ਦੀ ਬਰਾਬਰ ਗਿਣਤੀ ਚਾਹੁੰਦਾ ਹੈ। ਦੱਸਣਯੋਗ ਹੈ ਕਿ ਓਟਾਵਾ ਸਥਿਤ ਭਾਰਤ ਦੇ ਹਾਈ ਕਮਿਸ਼ਨ ਨਾਲੋਂ ਨਵੀਂ

■ ਬਾਕੀ ਖ਼ਬਰ ਸਫ਼ਾ 15 'ਤੇ

## ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਫਾਊਂਡੇਸ਼ਨ ਵੱਲੋਂ ਗੁਰਜਤਿੰਦਰ ਸਿੰਘ ਰੰਧਾਵਾ ਦਾ ਸਨਮਾਨ

ਲੁਧਿਆਣਾ, (ਪੰਜਾਬ ਮੇਲ)- ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਫਾਊਂਡੇਸ਼ਨ ਵੱਲੋਂ ਸਤਲੁਜ ਕਲੱਬ, ਲੁਧਿਆਣਾ ਵਿਖੇ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਫਾਊਂਡੇਸ਼ਨ ਦੇ ਮੁਖੀ ਸ਼੍ਰੀ ਕੇ.ਕੇ. ਬਾਵਾ ਨੇ ਕਿਹਾ ਕਿ ਗੁਰਜਤਿੰਦਰ ਸਿੰਘ ਰੰਧਾਵਾ ਪਿਛਲੇ ਲੰਮੇ ਸਮੇਂ ਤੋਂ ਭਾਈਚਾਰੇ 'ਚ ਪੱਤਰਕਾਰੀ ਦੀ ਸੇਵਾ ਨਿਭਾਅ ਰਹੇ ਹਨ। ਉਨ੍ਹਾਂ ਕਿਹਾ ਕਿ ਸ. ਰੰਧਾਵਾ ਨੇ ਹਮੇਸ਼ਾ ਹੀ ਨਿਰਪੱਖ ਪੱਤਰਕਾਰੀ ਕੀਤੀ ਹੈ। ਸਮੇਂ-ਸਮੇਂ 'ਤੇ ਇਹ ਸਮਾਜ ਨਾਲ ਸੰਬੰਧਤ ਮੁੱਦੇ ਉਠਾ ਕੇ ਜਾਗਰੂਕਤਾ ਲਿਆਉਣ




ਸਤਲੁਜ ਕਲੱਬ, ਲੁਧਿਆਣਾ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਫਾਊਂਡੇਸ਼ਨ ਦੇ ਮੈਂਬਰ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਦਾ ਸਨਮਾਨ ਕਰਦੇ ਹੋਏ।

ਦੀ ਕੋਸ਼ਿਸ਼ ਕਰਦੇ ਰਹੇ ਹਨ। ਇਸ ਦੌਰਾਨ ਸਾਬਕਾ ਮੰਤਰੀ ਸ. ਮਲਕੀਤ ਸਿੰਘ ਦਾਖਾ ਨੇ ਬੋਲਦਿਆਂ ਕਿਹਾ ਕਿ ਜਿੱਥੇ ਗੁਰਜਤਿੰਦਰ ਸਿੰਘ ਰੰਧਾਵਾ ਇਕ ਉੱਘੇ ਪੱਤਰਕਾਰ ਹਨ, ਉਥੇ ਉਹ ਇਕ ਚੰਗੇ ਇਨਸਾਨ ਵੀ ਹਨ। ਇਨ੍ਹਾਂ ਵੱਲੋਂ ਅਖ਼ਬਾਰ, ਟੀ.ਵੀ. ਦੀ ਪੱਤਰਕਾਰੀ ਤੋਂ ਇਲਾਵਾ 7 ਕਿਤਾਬਾਂ ਹੁਣ ਤੱਕ ਛਪ ਚੁੱਕੀਆਂ ਹਨ। ਇਨ੍ਹਾਂ ਕਿਤਾਬਾਂ ਵਿਚ ਸ. ਰੰਧਾਵਾ ਨੇ ਜਿਹੜੇ ਪੱਖ ਪੇਸ਼ ਕੀਤੇ ਹਨ, ਉਹ ਕਿਸੇ ਸਮੇਂ ਇਤਿਹਾਸ ਦੇ ਸੋਮੇ ਬਣਨਗੇ। ਇਸ ਮੌਕੇ ਸ. ਰੰਧਾਵਾ ਨੇ ਸਮੂਹ ਸੰਸਥਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪੱਤਰਕਾਰੀ ਰਾਹੀਂ ਸਮਾਜ ਦੀ ਸੇਵਾ ਕਰਨਾ ਸਾਡਾ ਫਰਜ਼ ਹੈ। ਸੋ ਮੈਂ ਇਸੇ ਤਰ੍ਹਾਂ ਆਪਣੀ ਡਿਊਟੀ ਸਦਾ ਨਿਭਾਉਂਦਾ ਰਹਾਂਗਾ। ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਫਾਊਂਡੇਸ਼ਨ ਵੱਲੋਂ ਸ. ਰੰਧਾਵਾ ਨੂੰ ਟਰਾਫੀ, ਸਿਰੋਪਾਓ ਅਤੇ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨਿਤ ਕੀਤਾ ਗਿਆ।

## ਕੈਲੀਫੋਰਨੀਆ 'ਚ 27 ਸ਼ੱਕੀ ਗਿਰੋਹ ਮੈਂਬਰ ਗ੍ਰਿਫਤਾਰ; 68 ਕਿਲੋ ਨਸ਼ੀਲੇ ਪਦਾਰਥ ਬਰਾਮਦ

■ ਅਸੀਂ ਸੰਗਠਤ ਅਪਰਾਧੀ ਗਿਰੋਹਾਂ ਨੂੰ ਸਖ਼ਤ ਸੁਨੇਹਾ ਦਿੱਤਾ : ਅਟਾਰਨੀ ਜਨਰਲ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਲਾਸ ਏਂਜਲਸ (ਕੈਲੀਫੋਰਨੀਆ) 'ਚ ਸੰਗਠਤ ਅਪਰਾਧ ਦੇ ਮਾਮਲਿਆਂ ਵਿਚ ਕਈ ਮਹੀਨੇ ਚੱਲੀ ਜਾਂਚ ਤੇ ਕਾਰਵਾਈ ਦੌਰਾਨ 27 ਸ਼ੱਕੀ



ਲਾਸ ਏਂਜਲਸ 'ਚ ਅਟਾਰਨੀ ਜਨਰਲ ਰਾਬ ਬੋਂਟਾ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ।

ਗਿਰੋਹ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ ਤੇ ਤਕਰੀਬਨ 68 ਕਿਲੋਗ੍ਰਾਮ ਨਸ਼ੀਲੇ ਪਦਾਰਥ ਬਰਾਮਦ ਹੋਏ ਹਨ। ਇਹ ਪ੍ਰਗਟਾਵਾ ਲਾਅ ਇਨਫੋਰਸਮੈਂਟ ਅਧਿਕਾਰੀਆਂ ਨੇ ਕੀਤਾ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਸ਼ੱਕੀ ਗਿਰੋਹ ਮੈਂਬਰ ਕਥਿਤ ਤੌਰ 'ਤੇ ਸਮੁੱਚੇ ਕੈਲੀਫੋਰਨੀਆ ਵਿਚ ਨਸ਼ੀਲੇ ਪਦਾਰਥ ਤੇ ਹਥਿਆਰ ਸਪਲਾਈ ਕਰਨ ਦਾ ਨੈੱਟਵਰਕ ਚਲਾ ਰਹੇ ਸਨ।

■ ਬਾਕੀ ਖ਼ਬਰ ਸਫ਼ਾ 15 'ਤੇ



ਅਦਾਰਾ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਅਤੇ ਹਾਜ਼ਰ ਸਟਾਫ ਮੈਂਬਰ ਇਕ ਯਾਦਗਾਰੀ ਤਸਵੀਰ ਖਿਚਵਾਉਂਦੇ ਹੋਏ।

## ਅਟਾਰਨੀ ਜਨਰਲ ਵੱਲੋਂ ਟਰੰਪ ਦੇ ਕਾਰੋਬਾਰ ਨੂੰ ਬੈਨ ਕਰਨ ਦੀ ਮੰਗ

ਵਾਸ਼ਿੰਗਟਨ, (ਪੰਜਾਬ ਮੇਲ)- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਟਰੰਪ ਇੱਕ ਤੋਂ ਬਾਅਦ ਇੱਕ ਮੁਕੱਦਮਿਆਂ ਦੇ ਜਾਲ ਵਿਚ ਫਸਦੇ ਜਾ ਰਹੇ ਹਨ। ਹੁਣ ਟਰੰਪ ਖ਼ਿਲਾਫ਼ ਧੋਖਾਧੜੀ ਦੇ ਮਾਮਲੇ 'ਚ ਸੁਣਵਾਈ ਸ਼ੁਰੂ ਹੋ ਗਈ ਹੈ। ਇਸ ਕਾਰਨ ਉਹ ਸੋਮਵਾਰ ਨੂੰ ਨਿਊਯਾਰਕ ਦੀ ਅਦਾਲਤ 'ਚ ਪੇਸ਼ ਹੋਏ। ਅਦਾਲਤ 'ਚ ਆਉਣ ਸਮੇਂ ਟਰੰਪ ਨੇ ਗੂੜ੍ਹੇ ਨੀਲੇ ਰੰਗ ਦਾ ਸੂਟ, ਚਮਕੀਲਾ ਨੀਲੀ ਟਾਈ ਅਤੇ ਉਸ 'ਤੇ ਅਮਰੀਕੀ ਝੰਡੇ ਦੀ ਪਿੰਨ ਪਾਈ ਹੋਈ ਸੀ। ਦਰਅਸਲ ਟਰੰਪ 'ਤੇ ਆਪਣੇ ਰੀਅਲ ਅਸਟੇਟ ਕਾਰੋਬਾਰ ਬਾਰੇ ਝੂਠ ਬੋਲ ਕੇ 100 ਮਿਲੀਅਨ ਡਾਲਰ ਤੋਂ ਵੱਧ ਦੀ ਕਮਾਈ ਕਰਨ ਦਾ ਦੋਸ਼ ਹੈ। ਨਿਊਯਾਰਕ ਦੇ ਅਟਾਰਨੀ



■ ਧੋਖਾਧੜੀ ਕੇਸ 'ਚ ਘੱਟੋ-ਘੱਟ 250 ਮਿਲੀਅਨ ਡਾਲਰ ਦਾ ਲੱਗ ਸਕਦੈ ਜੁਰਮਾਨਾ
■ ਟਰੰਪ ਵੱਲੋਂ ਮਾਮਲਾ ਘੁਟਾਲਾ ਤੇ ਸਿਆਸੀ ਬਦਲਾਖੋਰੀ ਕਰਾਰ

ਜਨਰਲ ਨੇ ਉਨ੍ਹਾਂ ਖ਼ਿਲਾਫ਼ ਇਹ ਕੇਸ ਦਾਇਰ ਕੀਤਾ ਹੈ। ਉਸ ਨੇ ਦੋਸ਼ ਲਾਇਆ ਹੈ ਕਿ ਟਰੰਪ ਨੇ ਅਮਰੀਕਾ ਦੇ ਰਾਸ਼ਟਰਪਤੀ ਬਣਦੇ ਸਮੇਂ ਆਪਣੀ ਇੱਛਾ ਅਨੁਸਾਰ ਬੈਂਕ ਕਰਜ਼ੇ ਅਤੇ ਸਸਤੇ ਬੀਮਾ ਪ੍ਰੀਮੀਅਮ ਹਾਸਲ ਕਰਕੇ 2011 ਤੋਂ 2021 ਤੱਕ ਤੇਜ਼ੀ ਨਾਲ ਆਪਣੀ ਦੌਲਤ ਵਧਾਈ। ਅਟਾਰਨੀ ਜਨਰਲ ਲੈਟੀਆ ਜੇਮਸ ਨੇ ਸਾਬਕਾ ਰਾਸ਼ਟਰਪਤੀ 'ਤੇ ਘੱਟੋ-ਘੱਟ 250 ਮਿਲੀਅਨ ਡਾਲਰ ਦਾ ਜੁਰਮਾਨਾ, ਉਸ 'ਤੇ ਅਤੇ ਉਸ ਦੇ ਪੁੱਤਰਾਂ ਡੋਨਾਲਡ ਜੂਨੀਅਰ ਅਤੇ ਇਰਿਕ 'ਤੇ ਨਿਊਯਾਰਕ ਵਿਚ ਕਾਰੋਬਾਰ ਕਰਨ 'ਤੇ ਪਾਬੰਦੀ ਅਤੇ ਟਰੰਪ ਸੰਗਠਨ 'ਤੇ ਰੀਅਲ ਅਸਟੇਟ ਕਾਰੋਬਾਰ ਕਰਨ 'ਤੇ 5 ਸਾਲ ਦੀ ਪਾਬੰਦੀ ਦੀ ਮੰਗ ਕੀਤੀ ਹੈ। ਤੁਹਾਨੂੰ ਦੱਸ ਦੇਈਏ ਕਿ ਕਈ ਗਵਾਹਾਂ ਦੀ ਗਵਾਹੀ ਤੋਂ ਬਾਅਦ ਮੈਨਹਟਨ ਦੀ ਅਦਾਲਤ ਵਿਚ ਸੁਣਵਾਈ ਸ਼ੁਰੂ ਹੋਈ। ਇਸ ਵਿਚ ਰਾਜ ਦੇ ਪਹਿਲੇ ਗਵਾਹ ਵਜੋਂ ਯੂ.ਐੱਸ.ਏ. ਵਿਚ ਇੱਕ ਭਾਈਵਾਲ ਅਤੇ ਲੰਬੇ ਸਮੇਂ ਤੋਂ ਟਰੰਪ ਦੇ

■ ਬਾਕੀ ਖ਼ਬਰ ਸਫ਼ਾ 15 'ਤੇ

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲਗਾਇਆ ਅੱਖਾਂ ਦਾ ਮੁਫ਼ਤ ਜਾਂਚ ਕੈਂਪ

**510 ਲੋਕਾਂ ਦੀ ਕੀਤੀ ਅੱਖਾਂ ਦੀ ਜਾਂਚ**





ਡਾ. ਐੱਸ.ਪੀ. ਸਿੰਘ ਓਬਰਾਏ।

ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਉਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸਰਦਾਰ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਸਰਦਾਰ ਕੁਲਦੀਪ ਸਿੰਘ ਗਰੇਵਾਲ (ਸਿਹਤ ਸੇਵਾਵਾਂ ਸਲਾਹ ਕਾਰ) ਦੀ ਅਗਵਾਈ ਵਿਚ ਪਿੰਡ ਰਣਜੀਤ ਗੜ੍ਹ ਝੁੱਗੇ ਦੇ ਗੁਰਦੁਆਰਾ ਸਾਹਿਬ ਵਿਚ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਡਾਕਟਰ ਹਰਸ਼ਪਰੀਤ ਕੌਰ ਮਹਿੰਦਰਾ ਅਤੇ ਸਿਮਰਨਜੀਤ ਸਿੰਘ ਭੀਨਾ ਬਰਾੜ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਵੱਲੋਂ ਅਤੇ ਸਰਪੰਚ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਅਰਵਿੰਦਰ ਪਾਲ ਸਿੰਘ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਕੈਂਪ ਦੀ ਸ਼ੁਰੂਆਤ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਵੱਲੋਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਕਰਕੇ ਕੈਂਪ ਦੀ ਸ਼ੁਰੂਆਤ ਕੀਤੀ ਗਈ। 510 ਲੋਕਾਂ ਦੀ ਅੱਖਾਂ ਦੀ ਜਾਂਚ ਡਾਕਟਰ ਹਰਸ਼ਪ੍ਰੀਤ ਕੌਰ ਮਹਿੰਦਰਾ ਆਈ ਸਰਜਨ ਸਿਵਲ ਹਸਪਤਾਲ ਸ੍ਰੀ ਮੁਕਤਸਰ ਵੱਲੋਂ ਕੀਤੀ ਗਈ ਅਤੇ ਲੋੜਵੰਦ ਲੋਕਾਂ ਨੂੰ ਦਵਾਈਆਂ ਅਤੇ ਨੇੜੇ ਦੀ ਨਿਗਾਹ ਦੀਆਂ ਐਨਕਾਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਮੁਫ਼ਤ ਦਿੱਤੀਆਂ ਗਈਆਂ ਅਤੇ 25 ਦੇ ਕਰੀਬ ਮਰੀਜ਼ ਅਪਰੇਸ਼ਨ ਲਈ ਚੁਣੇ ਗਏ। ਇਨ੍ਹਾਂ ਦੇ ਅਪਰੇਸ਼ਨ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਲੋੜੀਂਦੇ ਟੈਸਟ ਪਾਸ ਕਰਨ ਉਪਰੰਤ ਕੀਤੇ ਜਾਣਗੇ। ਇਸ ਮੌਕੇ ਸਿਮਰਨਜੀਤ ਸਿੰਘ ਭੀਨਾ ਬਰਾੜ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਵੱਲੋਂ ਡਾਕਟਰ ਐੱਸ.ਪੀ. ਸਿੰਘ ਉਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਸਰਪੰਚ ਵੱਲੋਂ ਵੀ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ। ਪਿੰਡ ਰਣਜੀਤ ਗੜ੍ਹ ਝੁੱਗੇ ਦੇ ਵਾਸੀਆਂ ਵੱਲੋਂ ਸਾਰੀ ਸੰਗਤ ਲਈ ਖੁੱਲ੍ਹਾ ਲੰਗਰ ਲਗਾਇਆ ਗਿਆ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਮਾਲਵਾ ਜੋਨ ਨੇ ਦੱਸਿਆ ਕਿ ਇਹ ਟਰੱਸਟ ਦਾ 601ਵਾਂ ਕੈਂਪ ਹੈ ਅਤੇ ਇਹ ਸਾਰੀ ਰਾਸ਼ੀ ਡਾ. ਉਬਰਾਏ ਵੱਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਜਸਪ੍ਰੀਤ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ ਯੂਥ ਕਾਂਗਰਸ ਨੇ ਦੱਸਿਆ ਕਿ ਡਾ. ਓਬਰਾਏ ਵੱਲੋਂ ਪਹਿਲਾਂ ਵੀ ਸਾਡੇ ਪਿੰਡ ਵਿਚ ਲੋੜਵੰਦ ਪਰਿਵਾਰਾਂ ਨੂੰ ਮਕਾਨ ਬਣਾ ਕੇ ਦਿੱਤੇ ਗਏ ਹਨ। ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਕੈਂਪ ਦੌਰਾਨ ਮਲਕੀਤ ਸਿੰਘ, ਮਾਸਟਰ ਰਾਜਿੰਦਰ ਸਿੰਘ, ਬਲਜੀਤ ਸਿੰਘ ਮਾਨ ਰਿਟਾਇਰਡ ਪ੍ਰਿੰਸੀਪਲ, ਸੋਮਨਾਥ, ਰਛਪਾਲ ਸਿੰਘ ਡਿਵੈਲਪਮੈਂਟ ਅਫਸਰ ਐੱਲ.ਆਈ.ਸੀ., ਮੈਡਮ ਮਨਿੰਦਰ ਕੌਰ, ਬਰਨੇਕ ਸਿੰਘ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਮੈਡਮ ਸੁਨੀਤਾ ਰਾਣੀ ਆਦਿ ਨੇ ਕੈਂਪ ਦੌਰਾਨ ਬਾਖੂਬੀ ਡਿਊਟੀਆਂ ਨੂੰ ਨਿਭਾਇਆ ਅਤੇ ਸਿਹਤ ਵਿਭਾਗ ਸ੍ਰੀ ਮੁਕਤਸਰ ਸਾਹਿਬ ਵੱਲੋਂ ਨਿਯੁਕਤ ਕੀਤੇ ਗਏ ਸਮੂਹ ਸਟਾਫ ਵੱਲੋਂ ਵੀ ਭਰਪੂਰ ਸਹਿਯੋਗ ਦਿੱਤਾ ਗਿਆ। ਸਮੂਹ ਨਗਰ ਨਿਵਾਸੀਆਂ ਵੱਲੋਂ ਭਰਪੂਰ ਸਹਿਯੋਗ ਦਿੱਤਾ ਗਿਆ। ਇਸ ਮੌਕੇ ਗੁਰਪ੍ਰੀਤ ਸਿੰਘ ਹਲਕਾ ਪ੍ਰਧਾਨ, ਹਰਚਰਨ ਸਿੰਘ ਸਰਪੰਚ, ਗੁਰਮੀਤ ਸਿੰਘ, ਜਸਵਿੰਦਰ ਸਿੰਘ ਸਰਪੰਚ, ਰਘਬੀਰ ਸਿੰਘ ਬੱਬੂ, ਹਰਦੇਵ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਕਮੇਟੀ, ਨਵਦੀਪ ਸਿੰਘ, ਗੁਰਜਿੰਦਰ ਸਿੰਘ, ਜਗਜੀਤ ਸਿੰਘ, ਗੁਰਬਚਨ ਸਿੰਘ ਅਤੇ ਸ੍ਰੀ ਮੁਕਤਸਰ ਸਾਹਿਬ ਵਿਚ ਚੱਲ ਰਹੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਫ਼ਤ ਕੰਪਿਊਟਰ ਸੈਂਟਰ ਦੇ ਸਿੱਖਿਆਰਥੀਆਂ ਵੱਲੋਂ ਵਲੰਟੀਅਰ ਤੌਰ 'ਤੇ ਵਡਮੁੱਲਾ ਯੋਗਦਾਨ ਪਾਇਆ ਗਿਆ ਅਤੇ ਪਿੰਡ ਵਾਸੀ ਵੱਡੀ ਗਿਣਤੀ ਵਿਚ ਮੌਜੂਦ ਸਨ।

## ਅਮਰੀਕੀ ਰਾਸ਼ਟਰਪਤੀ ਅਹੁਦੇ ਦੀ ਚੋਣ ਲਈ ਉਮੀਦਵਾਰੀ ਦਾ ਮੁਕਾਬਲਾ ਹੋਇਆ ਤੇਜ਼

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ 'ਚ ਰਿਪਬਲਿਕਨ ਪਾਰਟੀ 'ਚ 2024 ਦੀ ਰਾਸ਼ਟਰਪਤੀ ਅਹੁਦੇ ਦੀ ਚੋਣ ਲਈ ਉਮੀਦਵਾਰੀ ਦਾ ਮੁਕਾਬਲਾ ਤੇਜ਼ ਹੁੰਦਾ ਜਾ ਰਿਹਾ ਹੈ। ਰਿਪਬਲਿਕਨ ਪਾਰਟੀ ਤੋਂ ਭਾਰਤੀ-ਅਮਰੀਕੀ ਉਮੀਦਵਾਰ ਨਿੱਕੀ ਹੇਲੀ ਨੇ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਕੈਂਪੇਨ ਨੇ ਉਨ੍ਹਾਂ ਨੂੰ ਪਿੰਜਰਾ ਤੇ ਉਸ ਦੇ ਨਾਲ ਪੰਛੀਆਂ ਦਾ ਖਾਣਾ ਭੇਜਿਆ ਹੈ। ਹੇਲੀ ਨੇ ਇੰਟਰਨੈੱਟ ਪੋਸਟ 'ਚ ਕਿਹਾ ਕਿ ਇਸ ਨੂੰ ਆਇਓਵਾ 'ਚ ਉਨ੍ਹਾਂ ਦੇ ਹੋਟਲ ਦੇ ਕਮਰੇ ਦੇ ਬਾਹਰ ਰੱਖਿਆ ਗਿਆ ਸੀ।

ਸਾਊਥ ਕੈਰੋਲੀਨਾ ਦੀ ਸਾਬਕਾ ਗਵਰਨਰ ਨਿੱਕੀ ਹੇਲੀ ਰਿਪਬਲਿਕਨ ਦੀ ਦੂਜੀ ਪ੍ਰੈਜ਼ੀਡੈਂਸ਼ੀਅਲ ਡਿਬੇਟ ਤੋਂ ਬਾਅਦ ਤੇਜ਼ੀ ਨਾਲ ਅੱਗੇ ਵੱਧ ਰਹੇ ਹਨ। ਹਾਲੀਆ ਇਕ ਸਰਵੇ 'ਚ ਉਨ੍ਹਾਂ ਨੂੰ ਟਰੰਪ ਤੋਂ ਬਾਅਦ ਦੂਜੇ ਨੰਬਰ 'ਤੇ ਦੱਸਿਆ ਗਿਆ ਸੀ। ਨਿੱਕੀ ਦੀ ਕੈਂਪੇਨ ਮੈਨੇਜਰ ਬੇਟਸੀ ਐਂਕਨੀ ਨੇ ਇਕ ਬਿਆਨ 'ਚ ਕਿਹਾ ਕਿ ਪਿੰਜਰਾ ਰੱਖਣ ਦਾ ਵਿਹਾਰ ਅਜੀਬ, ਡਰਾਉਣਾ ਤੇ ਨਿਰਾਸ਼ਾ ਭਰਿਆ ਹੈ, ਜਿਹੜਾ ਸਾਬਕਾ ਰਾਸ਼ਟਰਪਤੀ ਟਰੰਪ 'ਤੇ ਪੈ ਰਹੇ ਦਬਾਅ ਨੂੰ ਦਰਸਾਉਂਦਾ ਹੈ। ਟਰੰਪ ਨੇ ਟਰੁੱਥ ਸੋਸ਼ਲ 'ਤੇ ਪੋਸਟ 'ਚ ਕਿਹਾ ਕਿ ਮੈਂ ਪੰਛੀਆਂ ਵਰਗਾ ਦਿਮਾਗ ਰੱਖਣ ਵਾਲੀ ਹੇਲੀ ਲਈ ਕਦੇ ਨਹੀਂ ਜਾਵਾਂਗਾ। ਬਰਡਬ੍ਰੇਨ ਕੋਲ ਅਮਰੀਕੀ ਰਾਸ਼ਟਰਪਤੀ ਅਹੁਦੇ ਲਈ ਪ੍ਰਤਿਭਾ ਜਾਂ ਸਮਰੱਥਾ ਨਹੀਂ ਹੈ।

## ਅਮਰੀਕਾ-ਸੀਨੀਅਰ ਗੇਮਾਂ ਵਿਚ ਡਾ. ਦਰਸ਼ਨ ਸਿੰਘ ਭੁੱਲਰ ਨੇ ਜਿੱਤਿਆ ਗੋਲਡ ਮੈਡਲ



ਜਾਰਜੀਆ (ਅਮਰੀਕਾ), (ਮਾਛੀਕੇ/ਧਾਲੀਆਂ/ਪੰਜਾਬ ਮੇਲ)- ਵਾਰਨਰ ਰੌਬਿਨਸ ਜਾਰਜੀਆ (ਸਤੰਬਰ 19-23, 2023) ਵਿਖੇ ਆਯੋਜਿਤ ਜਾਰਜੀਆ ਗੋਲਡਨ ਓਲੰਪਿਕ ਸੀਨੀਅਰ ਖੇਡਾਂ ਹੋਈਆਂ। ਇਨ੍ਹਾਂ ਖੇਡਾਂ ਵਿਚ ਹਿੱਸਾ ਲੈਣ ਲਈ ਅਮਰੀਕਾ ਦੇ ਸੈਂਕੜੇ ਸੀਨੀਅਰ ਖਿਡਾਰੀ ਪਹੁੰਚੇ ਹੋਏ ਸਨ। ਇਨ੍ਹਾਂ ਖੇਡਾਂ ਵਿਚ ਜਾਰਜੀਆ ਨਿਵਾਸੀ ਪੰਜਾਬੀ ਸੀਨੀਅਰ ਖਿਡਾਰੀ ਦਰਸ਼ਨ ਸਿੰਘ ਭੁੱਲਰ ਨੇ ਵੀ ਕਿਸਮਤ ਅਜ਼ਮਾਈ ਅਤੇ 65-69 ਸਾਲ ਉਮਰ ਵਰਗ ਵਿਚ 50 ਮੀਟਰ ਦੌੜ ਵਿਚ ਗੋਲਡ ਮੈਡਲ, 200 ਮੀਟਰ ਦੌੜ ਵਿਚ ਚਾਂਦੀ ਦਾ ਤਗ਼ਮਾ ਅਤੇ 400 ਮੀਟਰ ਦੌੜ ਵਿਚ ਕਾਂਸੀ ਦਾ ਤਗ਼ਮਾ ਜਿੱਤਿਆ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਦਰਸ਼ਨ ਸਿੰਘ ਭੁੱਲਰ ਪੰਜਾਬ ਤੋਂ ਸੰਗਰੂਰ ਏਰੀਏ ਨੂੰ ਬਲੌਂਗ ਕਰਦੇ ਹਨ ਅਤੇ ਸੇਵਾਮੁਕਤ ਪ੍ਰਿੰਸੀਪਲ ਪੀ.ਐੱਚ.ਡੀ. ਹਨ। ਡਾ. ਭੁੱਲਰ ਨੇ 2018 ਵਿਚ ਵੀ ਸੀਨੀਅਰ ਗੇਮਾਂ ਵਿਚ ਮੈਡਲ ਹਿੱਸਾ ਲਿਆ ਸੀ।

## ਅਖੰਡਤਾ ਚੁਣੌਤੀਆਂ ਦਾ ਸਾਹਮਣਾ ਕਰ ਰਿਹੈ ਕੈਨੇਡਾ ਦੇ ਕੌਮਾਂਤਰੀ ਵਿਦਿਆਰਥੀ ਪ੍ਰੋਗਰਾਮ

ਟੋਰਾਂਟੋ, (ਪੰਜਾਬ ਮੇਲ)- ਕੈਨੇਡੀਅਨ ਸੈਨੇਟਰਾਂ ਦਾ ਇੱਕ ਸਮੂਹ ਨੇ ਦੇਸ਼ ਦੇ ਕੌਮਾਂਤਰੀ ਵਿਦਿਆਰਥੀ ਪ੍ਰੋਗਰਾਮ 'ਚ ਸੁਧਾਰਾਂ ਦੀ ਇੱਕ ਲੜੀ ਦਾ ਪ੍ਰਸਤਾਵ ਪੇਸ਼ ਕੀਤਾ ਹੈ, ਜਿਸ 'ਚ ਨਵੇਂ ਆਉਣ ਵਿਦਿਆਰਥੀਆਂ ਨੂੰ ਧੋਖਾਧੜੀ ਅਤੇ ਦੁਰਵਿਵਹਾਰ ਤੋਂ ਬਚਾਉਣ ਦੇ ਤਰੀਕਿਆਂ ਦੇ ਨਾਲ-ਨਾਲ ਭਰਤੀ ਕਰਨ ਵਾਲਿਆਂ ਅਤੇ ਵਿਦਿਅਕ ਸੰਸਥਾਵਾਂ ਲਈ ਵਧੇਰੇ ਨਿਯਮ ਅਤੇ ਜੁਰਮਾਨੇ ਸ਼ਾਮਲ ਹਨ। ਸੈਨੇਟਰ ਰਤਨਾ ਓਮਿਦਵਾਰ, ਯੂਏਨ ਪਾਉ ਵੂ, ਹਸਨ ਯੂਸਫ ਅਤੇ ਸਾਬਕਾ ਸੈਨੇਟਰ ਸਾਬੀ ਮਾਰਵਾਹ, ਇਹ ਸਾਰੇ ਆਜ਼ਾਦ ਸੈਨੇਟਰਜ਼ ਗਰੁੱਪ ਤੋਂ ਹਨ, ਨੇ ਆਪਣੀ ਰਿਪੋਰਟ ਜਾਰੀ ਕੀਤੀ, ਜਿਸ ਦੇ ਬਾਰੇ 'ਚ ਉਨ੍ਹਾਂ ਦਾ ਕਹਿਣਾ ਹੈ ਕਿ ਇਸਦਾ ਉਦੇਸ਼ ਅਖੰਡਤਾ ਚੁਣੌਤੀਆਂ ਨੂੰ ਹੱਲ ਕਰਨਾ ਹੈ।




ਵਿੱਚ ਸੈਕਰਾਮੈਂਟੋ ਕਬੱਡੀਆਂ ਪੈਣੀਆਂ, ਚਾਰੇ ਟੀਮਾਂ ਇਕ ਦੂਜੇ ਨਾਲ ਖਹਿਣੀਆਂ, ਜੋਰ ਵੇਖਣਾ ਖਾਧੀ ਘਿਓ ਦੀ ਚੂਰੀ ਦਾ, ਮੁੱਲ ਪੈਣਾਂ ਅੱਖਾਂ ਦੀ ਘੂਰੀ ਦਾ,
ਰੇਡਰਾਂ ਵੀ ਪੱਟਾਂ ਦਾ ਜੋਰ ਵਿਖਾਉਣਾ, ਜਾਫੀਆਂ ਵੀ ਹੱਸ-ਹੱਸ ਜੱਫਾ ਲਾਉਣਾ, ਨਜ਼ਾਰਾ ਆਉਣਾ ਸਾਨੂੰ ਦੇ ਭੇੜ ਦਾ, ਵੱਖਰਾ ਨਜ਼ਾਰਾ ਯਾਰੋ ਕਬੱਡੀ ਖੇਡ ਦਾ ।


SHAHEED BABA DEEP SINGH SPORTS ACADEMY SACRAMENTO PRESENTS

# INTERNATIONAL KABADDI CUP SACRAMENTO 2023

SIKH TEMPLE, 7676 BRADSHAW ROAD, SACRAMENTO CA 95829



ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਸੈਕਰਾਮੈਂਟੋ ਵੱਲੋਂ ਸਫਲਤਾਪੂਰਵਕ ਕਰਵਾਏ ਗਏ **ਇੰਟਰਨੈਸ਼ਨਲ ਕਬੱਡੀ ਕੱਪ** ਲਈ ਸਮੂਹ ਪ੍ਰਬੰਧਕਾਂ, ਸਪਾਂਸਰਾਂ ਅਤੇ ਕਬੱਡੀ ਖੇਡ ਪ੍ਰੇਮੀਆਂ ਦਾ **ਤਹਿ ਦਿਲੋਂ ਧੰਨਵਾਦ ।**








**Randhir Singh Nijjar**

Lakhy Singh | Sajjad Anwar

**CAMP LOGISTICS**

TRANSPORATATION & BROKERAGE INC

9365, Miko Circle, Elk Grove, CA 95624

# ਧੀਰਾ ਨਿੱਝਰ (ਖੇਡ ਪ੍ਰਮੋਟਰ)

# ਭਾਰਤ ਦੀ ਸੁਖਦੀਪ ਮੰਡੇਰ ਸਿਰ ਸਜਿਆ ਮਿਸ ਵਰਲਡ ਪੰਜਾਬਣ 2023 ਦਾ ਤਾਜ

- **ਆਸਟ੍ਰੇਲੀਆ ਦੀ ਰਮਣੀਕ ਦੋਸਾਂਝ ਪਹਿਲੀ ਉਪ ਜੇਤੂ**
- **ਕੈਨੇਡਾ ਦੀ ਅਸ਼ਮੀਨ ਵਿਰਕ ਤੇ ਲੁਧਿਆਣਾ ਦੀ ਸਿਮਰਪ੍ਰੀਤ ਸਾਂਝੇ ਤੌਰ 'ਤੇ ਦੂਜੀ ਉਪ ਜੇਤੂ ਰਹੀਆਂ**











ਟੋਰਾਂਟੋ, (ਪੰਜਾਬ ਮੇਲ)- ਵਿਸ਼ਵ ਭਰ ਦੀਆਂ ਪੰਜਾਬਣ ਮੁਟਿਆਰਾਂ ਦਾ ਚਹੇਤਾ ਸੁੰਦਰਤਾ ਮੁਕਾਬਲਾ 'ਮਿਸ ਵਰਲਡ ਪੰਜਾਬਣ' ਕੈਨੇਡਾ ਦੇ ਸ਼ਹਿਰ ਟੋਰਾਂਟੋ 'ਚ ਇਤਿਹਾਸਕ ਪੈੜਾਂ ਸਿਰਜਣ ਨਾਲ ਸੰਪੰਨ ਹੋ ਗਿਆ। ਮੁਕਾਬਲਿਆਂ ਦੇ ਬਾਨੀ ਸੱਭਿਆਚਾਰਕ ਸੱਥ ਪੰਜਾਬ ਦੇ ਚੇਅਰਮੈਨ ਸ. ਜਸਮੇਰ ਸਿੰਘ ਢੱਟ ਦੀ ਨਿਰਦੇਸ਼ਨਾਂ ਅਤੇ ਵਤਨੋਂ ਦੂਰ ਨੈੱਟਵਰਕ ਦੇ ਪ੍ਰਮੁੱਖ ਸੁੱਖੀ ਨਿੱਝਰ ਵੱਲੋਂ ਆਯੋਜਿਤ ਇਨ੍ਹਾਂ ਵਿਲੱਖਣ ਯਾਦਗਾਰੀ ਪਲਾਂ ਨੂੰ ਕੈਦ ਕਰਨ ਲਈ ਸਮਾਂ ਵੀ ਜਿਵੇਂ ਰੁੱਕ ਗਿਆ। ਦੁਨੀਆਂ ਦੇ ਹਰ ਕੋਨੇ ਤੋਂ ਪਹੁੰਚੀਆਂ ਪੰਦਰਾਂ ਲੰਮ-ਸਲੰਮੀਆਂ, ਸੁਹਣੀਆਂ-ਸੁਨੱਖੀਆਂ ਮੁਟਿਆਰਾਂ ਨੇ ਜਦੋਂ ਮਿਸੀਸਾਗਾ ਦੇ ਜੌਹਨਪਾਲ ਕਲਚਰਲ ਸੈਂਟਰ ਦੀ ਸਟੇਜ 'ਤੇ ਗਿੱਧੇ ਦੀ ਧਮੱਚੀ ਪੱਟੀ, ਤਾਂ ਸੱਤ ਸਮੁੰਦਰੋਂ ਪਾਰ ਪੰਜਾਬੀਆਂ ਦੀ ਸਰਦਾਰੀ ਦੇ ਵਿਸ਼ਵ ਭਰ ਵਿਚ ਅੱਵਲ ਨੰਬਰ ਹੋਣ ਦੀ ਤਸਦੀਕ ਹੋ ਗਈ।

ਸ. ਜਸਮੇਰ ਢੱਟ ਵੱਲੋਂ ਤਿੰਨ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਕਰਵਾਏ ਜਾ ਰਹੇ ਇਸ ਖ਼ੂਬਸੂਰਤ ਮੁਕਾਬਲੇ ਦਾ ਕਦੇ ਵੀ ਕੋਈ ਸਾਨੀ ਨਹੀਂ ਰਿਹਾ। ਪੂਰੀ ਦੁਨੀਆਂ ਦੀਆਂ ਪੰਜਾਬਣ ਮੁਟਿਆਰਾਂ ਕਰੂਏ ਦੇ ਚੰਨ ਵਾਂਗ ਇਸ ਦਿਨ ਦੀ ਉਡੀਕ ਕਰਦੀਆਂ ਹਨ। ਪੰਜਾਬੀ ਸੱਭਿਆਚਾਰ ਦੇ ਪ੍ਰੇਮੀ, ਮੁਟਿਆਰਾਂ ਦੇ ਇਸ ਵਿਲੱਖਣ ਕੁੰਭ ਦੇ ਮੌਕੇ ਦਾ ਗਵਾਹ ਬਣਨ ਲਈ ਪੱਬਾਂ ਭਾਰ ਹੋ ਜਾਂਦੇ ਹਨ। ਇਸ ਵਾਰ ਵੀ ਇਸ ਗਹਿਗੱਚ ਮੁਕਾਬਲੇ ਦੇ ਜੱਜਾਂ ਨੂੰ ਭਾਰੀ ਮੁਸ਼ੱਕਤ ਦਾ ਸਾਹਮਣਾ ਕਰਨਾ ਪਿਆ, ਜਦੋਂ ਇੱਕ ਤੋਂ ਇੱਕ ਵੱਧ ਪ੍ਰਤਿਭਾਵਾਨ ਮੁਟਿਆਰਾਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ। ਅੰਤਰਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਇਨ੍ਹਾਂ ਨਿਰਣਾਇਕਾਂ ਵਿਚ ਗਾਇਕ ਅਦਾਕਾਰ ਸਰਬਜੀਤ ਚੀਮਾ ਕੈਨੇਡਾ ਤੋਂ, ਪੰਜਾਬੀ ਫ਼ਿਲਮਾਂ ਦੀ ਹੈਰੋਇਨ ਕਿਮੀ ਵਰਮਾ ਅਤੇ ਗਾਇਕਾ ਮਨਿੰਦਰ ਦਿਉਲ ਅਮਰੀਕਾ ਤੋਂ, ਡਾ. ਰੁਪਿੰਦਰ ਕੌਰ ਤੂਰ ਭਾਰਤ ਤੋਂ ਅਤੇ ਅਦਾਕਾਰ ਟੀ.ਵੀ. ਆਰਟਿਸਟ ਉਲਫ਼ਤ ਜੋਇਆ ਪਾਕਿਸਤਾਨ ਤੋਂ ਸਨ।

ਇਸ ਮੁਕਾਬਲੇ ਦੀ ਜੇਤੂ ਰਹੀ ਫਤਿਹਗੜ੍ਹ ਸਾਹਿਬ ਦੀ 5 ਫੁੱਟ 10 ਇੰਚ ਲੰਮੀ ਪੰਜਾਬਣ ਸੁਖਦੀਪ ਮੰਡੇਰ। ਉਸ ਨੇ ਆਸ਼ਾ ਭੋਂਸਲੇ ਦੇ ਗਾਏ ਗੀਤ "ਮੈਨੂੰ ਚੂੜੀਆਂ ਚੜ੍ਹਾਦੇ ਚੰਨ ਵੇ" 'ਤੇ ਡਾਂਸ ਕਰ ਕੇ ਆਪਣੀ ਕਲਾ ਦਾ ਲੋਹਾ ਮਨਵਾਇਆ ਤੇ 'ਮਿਸ ਵਰਲਡ ਪੰਜਾਬਣ' ਦਾ ਮਾਣਮੱਤਾ ਖ਼ਿਤਾਬ ਆਪਣੀ ਝੋਲੀ ਪਾਇਆ। ਪਹਿਲੀ ਉਪ ਜੇਤੂ ਆਸਟਰੇਲੀਆ ਤੋਂ ਆਈ ਰਮਣੀਕ ਦੁਸਾਂਝ ਨੇ ਸਿਮਰਨ ਭਾਰਦਵਾਜ ਦਾ ਗਾਇਆ ਗੀਤ "ਦੇਖ ਧਰਤੀ ਨੂੰ ਪੈਂਦੀਆਂ ਤਰੇੜਾਂ ਹਾਣੀਆਂ" 'ਤੇ ਡਾਂਸ ਕੀਤਾ। ਇਸ ਮੁਕਾਬਲੇ ਦੀਆਂ ਦੋ ਦੂਜੀਆਂ ਉਪ ਜੇਤੂ ਮੁਟਿਆਰਾਂ- ਕੈਨੇਡਾ ਦੀ ਅਸ਼ਮੀਨ ਵਿਰਕ ਅਤੇ ਲੁਧਿਆਣਾ ਦੀ ਸਿਮਰਪ੍ਰੀਤ ਨੇ "ਵੇ ਮੈਂ ਤੇਰੇ ਲੜ ਲੱਗੀ ਆਂ ਵੇ ਰਾਂਝਣਾ" ਅਤੇ "ਟੂਣੇਹਾਰੀਆਂ ਪੁਆੜੇ ਪਾਉਣ ਅੱਖਾਂ" ਗੀਤਾਂ 'ਤੇ ਧਮਾਲ ਪੱਟੀ।

ਸਮਾਰੋਹ ਦੀ ਮੁੱਖ ਮਹਿਮਾਨ ਮੈਡਮ ਨੀਨਾ ਤਾਂਗੜੀ (ਓਨਟਾਰੀਓ ਦੀ ਐਸੋਸੀਏਟ ਮਨਿਸਟਰ ਆਫ ਹਾਊਸਿੰਗ) ਨੇ ਜਿੱਥੇ ਲੰਮਾ ਸਮਾਂ ਬੈਠ ਕੇ ਅਨੰਦ ਮਾਣਿਆ, ਉੱਥੇ ਪੰਜਾਬਣਾਂ ਦੇ ਉਤਸ਼ਾਹ ਅਤੇ ਜੋਸ਼ ਨੂੰ ਵੀ ਸਿਜਦਾ ਕੀਤਾ। ਦੇਰ ਰਾਤ ਤੱਕ ਚੱਲੇ ਇਸ ਸ਼ਾਨਾਂਮੱਤੇ ਮੁਕਾਬਲੇ ਦੀਆਂ ਪ੍ਰਤੀਯੋਗੀਆਂ ਨੇ ਬਹੁਤ ਸਾਰੇ ਸਬ ਟਾਈਟਲ ਵੀ ਜਿੱਤੇ। ਕੈਨੇਡਾ ਦੀ ਅਰਸ਼ਪ੍ਰੀਤ ਬੋਪਾਰਾਏ ਨੇ 'ਮਿਲਾਪੜੀ ਪੰਜਾਬਣ' ਬਣਨ ਦਾ ਮਾਣ ਹਾਸਲ ਕੀਤਾ। ਕੋਲਕੱਤਾ ਦੀ ਰੋਸ਼ਨਦੀਪ ਕੌਰ ਨੇ 'ਖ਼ੂਬਸੂਰਤ ਮੁਸਕਾਨ', ਮਿਸ ਓਨਟਾਰੀਓ ਗੁਰਲੀਨ ਢਿੱਲੋਂ ਨੇ 'ਮ੍ਰਿਗ ਨੈਣੀ', ਲੰਡਨ ਤੋਂ ਆਈ ਸੁਮਨਪ੍ਰੀਤ ਨੇ 'ਲੰਮ ਸਲੰਮੀ ਗੁੱਤ' ਅਤੇ ਮਿਸ ਮਿਸੀਸਾਗਾ ਅਸ਼ਨੂਰ ਖੋਖਰ ਨੇ 'ਚਮਕਦਾਰ ਤਵਚਾ' ਦਾ ਇਨਾਮ ਝੋਲੀ ਪਾਇਆ। ਉੱਥੇ ਹੀ 'ਗੁਣਵੰਤੀ ਪੰਜਾਬਣ' ਦਾ ਖ਼ਿਤਾਬ ਮਿਸ ਇੰਡੀਆ ਪੰਜਾਬਣ ਚਰਨਜੀਤ ਬਰਾੜ ਨੇ ਆਪਣੇ ਨਾਂ ਕੀਤਾ। 'ਫੋਟੋਜੈਨਿਕ ਫੇਸ' ਵਾਸਤੇ ਮਿਸ ਵਿਨੀਪੈੱਗ ਅਰਸ਼ਦੀਪ ਚੁਣੀ ਗਈ ਅਤੇ 'ਸੁੰਦਰ ਲਾੜੀ' ਦਾ ਟਾਈਟਲ ਯੂ.ਕੇ. ਦੀ ਜਸਪ੍ਰੀਤ ਦੇ ਹਿੱਸੇ ਆਇਆ। ਦਿੱਲੀ ਦੀ ਮੁਟਿਆਰ ਅਮਨਜੋਤ ਵਾਲੀਆ ਨੇ 'ਉੱਤਮ ਨਾਚ' ਦਾ, ਰਮਨਪ੍ਰੀਤ ਚੰਡੀਗੜ੍ਹ ਨੇ 'ਸੁਘੜ ਸਿਆਣੀ ਪੰਜਾਬਣ' ਦਾ ਅਤੇ 'ਗਿੱਧਿਆਂ ਦੀ ਰਾਣੀ' ਦਾ ਖ਼ਿਤਾਬ ਮਿਸ ਬਰੈਂਪਟਨ ਹਰਸਿਮਰਨ ਧਾਲੀਵਾਲ ਨੇ ਜਿੱਤਿਆ।

ਸਮਾਰੋਹ ਦੀ ਸਫਲਤਾ ਵਿਚ ਲੁਧਿਆਣਾ ਤੋਂ ਨੀਲੀਬਾਰ ਦੇ ਮਾਲਕ ਸੋਨੂੰ ਨੀਲੀਬਾਰ ਦਾ ਵੱਡਾ ਯੋਗਦਾਨ ਰਿਹਾ, ਜਿਨ੍ਹਾਂ ਨੇ ਪੰਜਾਬਣਾਂ ਦੇ ਡਰੈਸ ਮਟੀਰੀਅਲ ਬੜੀ ਖ਼ੂਬਸੂਰਤੀ ਨਾਲ ਤਿਆਰ ਕਰਵਾਏ। ਮੁਟਿਆਰਾਂ ਨੂੰ ਸਲੀਕੇ ਨਾਲ ਤਿਆਰ ਕਰਨ ਵਿਚ ਡਾ. ਦਵਿੰਦਰ ਕੌਰ ਢੱਟ ਦਾ ਯੋਗਦਾਨ ਸਲਾਹੁਣਯੋਗ ਰਿਹਾ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਡਾ. ਨਿਰਮਲ ਜੌੜਾ ਨੇ ਆਪਣੇ ਖਾਸ ਅੰਦਾਜ਼ ਵਿਚ ਨਿਭਾ ਕੇ ਖੂਬ ਵਾਹ-ਵਾਹ ਖੱਟੀ। ਇਸ ਸਮੇਂ ਹੋਰਨਾਂ ਤੋਂ ਇਲਾਵਾ ਭਾਰਤ ਤੋਂ ਰਿਟਾਇਰਡ ਆਈ.ਜ਼ੀ. ਪੁਲਿਸ ਸਰਦਾਰ ਗੁਰਪ੍ਰੀਤ ਸਿੰਘ ਤੂਰ, ਪੰਜਾਬੀ ਲਹਿਰਾਂ ਰੇਡੀਓ ਤੋਂ ਸਤਿੰਦਰਪਾਲ ਸਿੱਧਵਾਂ, ਬੁੱਧ ਸਿੰਘ ਧਾਲੀਵਾਲ, ਸਮੋਸਾ ਐਂਡ ਸਵੀਟਸ ਦੇ ਸਿੱਧੂ ਬ੍ਰਦਰਜ਼, ਵੁੱਡਬਾਈਨ ਤੋਂ ਦਾਸ ਬਰਦਰਜ਼ ਅਤੇ ਗੁਰਦਮਨ ਸਿੰਘ ਆਦਿ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ।




# ਨਿੱਝਰ ਕਤਲਕਾਂਡ: ਅਮਰੀਕਾ ਵੱਲੋਂ ਭਾਰਤ ਨੂੰ ਸਹਿਯੋਗ ਦੀ ਅਪੀਲ

**ਵਾਸ਼ਿੰਗਟਨ, (ਪੰਜਾਬ ਮੇਲ)-** ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਲੈ ਕੇ ਭਾਰਤ ਅਤੇ ਕੈਨੇਡਾ ਵਿਚਾਲੇ ਦੁਵੱਲੇ ਅਤੇ ਕੂਟਨੀਤਕ ਰਿਸ਼ਤੇ ਤਣਾਅਪੂਰਨ ਬਣੇ ਹੋਏ ਹਨ। ਉੱਥੇ ਅਮਰੀਕਾ ਨੇ ਨਿੱਝਰ ਕਤਲਕਾਂਡ ਦੀ ਜਾਂਚ ਨੂੰ ਲੈ ਕੇ ਇਕ ਵਾਰ ਫਿਰ ਆਪਣਾ ਸਟੈਂਡ ਦੁਹਰਾਇਆ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਕਿਹਾ ਕਿ ਬਾਇਡਨ ਪ੍ਰਸ਼ਾਸਨ ਨੇ ਕਈ ਮੌਕਿਆਂ 'ਤੇ ਭਾਰਤ ਸਰਕਾਰ ਨੂੰ ਨਿੱਝਰ ਦੇ ਕਤਲ ਦੀ ਜਾਂਚ 'ਚ ਕੈਨੇਡਾ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।

ਵਿਦੇਸ਼ ਵਿਭਾਗ ਦੇ ਬੁਲਾਰੇ ਮਿਲਰ ਨੇ ਸੋਮਵਾਰ ਨੂੰ ਇੱਕ ਪ੍ਰੈੱਸ ਬ੍ਰੀਫਿੰਗ ਵਿਚ ਕਿਹਾ ਕਿ ਅਸੀਂ ਇਸ

**ਕਿਹਾ: ਕੈਨੇਡਾ ਨਾਲ ਤਾਲਮੇਲ ਜਾਰੀ**



ਮਾਮਲੇ 'ਤੇ ਕੈਨੇਡਾ ਦੇ ਸਹਿਯੋਗੀਆਂ ਨਾਲ ਨਜ਼ਦੀਕੀ ਸੰਪਰਕ ਅਤੇ ਤਾਲਮੇਲ ਬਣਾ ਰਹੇ ਹਾਂ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਕੈਨੇਡਾ ਵੱਲੋਂ ਚੱਲ ਰਹੀ ਜਾਂਚ ਵਿਚ ਸਹਿਯੋਗ ਕਰਨ ਲਈ ਕਈ ਮੌਕਿਆਂ 'ਤੇ ਭਾਰਤ ਸਰਕਾਰ ਨਾਲ ਗੱਲ ਕੀਤੀ ਹੈ। ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਪਿਛਲੇ ਸ਼ੁੱਕਰਵਾਰ ਨੂੰ ਆਪਣੇ ਭਾਰਤੀ ਹਮਰੁਤਬਾ ਐੱਸ. ਜੈਸ਼ੰਕਰ ਨਾਲ ਮੁਲਾਕਾਤ ਦੌਰਾਨ ਇਸ ਮੁੱਦੇ 'ਤੇ ਚਰਚਾ ਕੀਤੀ ਸੀ। ਇਸ ਸਵਾਲ ਦੇ ਜਵਾਬ ਵਿਚ ਕੀ ਭਾਰਤ ਨੇ ਕੈਨੇਡਾ ਨੂੰ ਜਾਂਚ ਵਿਚ ਸਹਿਯੋਗ ਕਰਨ ਲਈ ਸਹਿਮਤੀ ਦਿੱਤੀ ਹੈ, ਮਿਲਰ ਨੇ ਕਿਹਾ ਕਿ ਇਸ ਦਾ ਜਵਾਬ ਭਾਰਤ ਸਰਕਾਰ ਨੇ ਦੇਣਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਸਰਕਾਰ ਨੂੰ ਆਪਣਾ ਪੱਖ ਪੇਸ਼ ਕਰਨ ਦਾ ਅਧਿਕਾਰ ਹੈ। ਸਾਡੀ ਸਰਕਾਰ ਵੀ ਇਸ 'ਤੇ ਆਪਣੀ ਜ਼ਿੰਮੇਵਾਰੀ ਨਿਭਾਏਗੀ। ਅਸੀਂ ਇੱਕ ਵਾਰ ਫਿਰ ਜਾਂਚ ਵਿਚ ਸਹਿਯੋਗ ਲਈ ਆਪਣੀ ਅਪੀਲ ਨੂੰ ਦੁਹਰਾਉਂਦੇ ਹਾਂ।

ਵਿਦੇਸ਼ ਮੰਤਰੀ ਜੈਸ਼ੰਕਰ ਨੇ ਅਮਰੀਕੀ ਦੌਰੇ ਦੌਰਾਨ ਪਿਛਲੇ ਹਫ਼ਤੇ ਵਾਸ਼ਿੰਗਟਨ ਵਿਚ ਐਂਟਨੀ ਬਲਿੰਕਨ ਨਾਲ ਦੁਵੱਲੀ ਗੱਲਬਾਤ ਕੀਤੀ। ਕਿਹਾ ਗਿਆ ਕਿ ਇਸ ਦੌਰਾਨ ਬਲਿੰਕਨ ਨੇ ਕੈਨੇਡਾ ਦੇ ਦੋਸ਼ਾਂ ਬਾਰੇ ਜੈਸ਼ੰਕਰ ਨਾਲ ਗੱਲ ਕੀਤੀ ਸੀ ਅਤੇ ਉਨ੍ਹਾਂ ਨੂੰ ਇਸ ਮੁੱਦੇ ਨੂੰ ਲੈ ਕੇ ਅਮਰੀਕਾ ਦੀਆਂ ਚਿੰਤਾਵਾਂ ਤੋਂ ਜਾਣੂ ਕਰਵਾਇਆ ਸੀ। ਤੁਹਾਨੂੰ ਦੱਸ ਦੇਈਏ ਕਿ ਹਾਲ ਹੀ ਵਿਚ ਕੈਨੇਡੀਅਨ ਪੀ.ਐੱਮ. ਜਸਟਿਨ ਟਰੂਡੋ ਨੇ ਦੋਸ਼ ਲਾਇਆ ਸੀ ਕਿ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਨਿੱਝਰ ਦੇ ਕਤਲ ਵਿਚ ਭਾਰਤ ਸਰਕਾਰ ਦੇ ਏਜੰਟ ਸ਼ਾਮਲ ਹਨ। ਟਰੂਡੋ ਦੇ ਇਸ ਬਿਆਨ ਤੋਂ ਬਾਅਦ ਭਾਰਤ ਅਤੇ ਕੈਨੇਡਾ ਵਿਚਾਲੇ ਤਣਾਅ ਵਧ ਗਿਆ ਹੈ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਅਤੇ ਸਿਆਸਤ ਤੋਂ ਪ੍ਰੇਰਿਤ ਦੱਸਦਿਆਂ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ।

# ਅਮਰੀਕਾ 'ਚ ਹਵਾਈ ਹਾਦਸੇ ਦੌਰਾਨ ਇਕ ਸੈਨੇਟ ਮੈਂਬਰ ਸਮੇਤ ਪਰਿਵਾਰ ਦੇ 4 ਜੀਆਂ ਦੀ ਮੌਤ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-**ਅਮਰੀਕਾ ਦੇ ਨਾਰਥ ਡਕੋਟਾ ਰਾਜ ਦੇ ਸੈਨੇਟ ਮੈਂਬਰ, ਉਸ ਦੀ ਪਤਨੀ ਤੇ ਉਸ ਦੇ 2 ਛੋਟੇ ਬੱਚਿਆਂ ਦੇ ਉਟਾਹ ਰਾਜ ਵਿਚ ਵਾਪਰੇ ਇਕ ਹਵਾਈ ਹਾਦਸੇ ਵਿਚ ਮਾਰੇ ਜਾਣ ਦੀ ਖਬਰ ਹੈ। ਗਰੈਂਡ ਕਾਊਂਟੀ (ਉਟਾਹ) ਸ਼ੈਰਿਫ ਦਫਤਰ ਨੇ ਇਕ ਪ੍ਰੈੱਸ ਬਿਆਨ ਵਿਚ ਕਿਹਾ ਹੈ ਕਿ ਜਿਸ ਵੇਲੇ ਹਾਦਸਾ ਵਾਪਰਿਆ, ਉਸ ਸਮੇਂ ਸਟੇਟ ਸੈਨੇਟਰ ਡੌਗ ਲਾਰਸਨ ਇਕ ਛੋਟੇ ਜਹਾਜ਼ ਨੂੰ ਚਲਾ ਰਿਹਾ ਸੀ, ਜਦਕਿ ਉਸ ਦੀ ਪਤਨੀ ਐਮੀ ਤੇ ਦੋ ਪੁੱਤਰ ਉਸ ਨਾਲ ਸਫਰ ਕਰ ਰਹੇ ਸਨ। ਸ਼ੈਰਿਫ ਦਫਤਰ ਅਨੁਸਾਰ ਉਨ੍ਹਾਂ ਨੂੰ ਸ਼ਾਮ 8.30 ਵਜੇ ਇਕ ਇੰਜਣ ਵਾਲੇ ਜਹਾਜ਼ ਦੇ ਕੈਨੀਓਨਲੈਂਡਜ਼ ਖੇਤਰੀ ਹਵਾਈ ਅੱਡੇ ਤੋਂ ਉਡਾਨ ਭਰਨ ਉਪਰੰਤ ਜ਼ਮੀਨ ਉਪਰ ਹੀ ਹਾਦਸਾਗ੍ਰਸਤ ਹੋ ਜਾਣ ਦੀ ਸੂਚਨਾ ਮਿਲੀ ਸੀ। ਉਪਰੰਤ ਹੰਗਾਮੀ ਰਾਹਤ ਪਹੁੰਚਾਈ ਗਈ ਪਰੰਤੂ ਡੌਗ ਲਾਰਸਨ, ਉਸ ਦੀ ਪਤਨੀ ਐਮੀ ਲਾਰਸਨ ਤੇ ਦੋ ਛੋਟੇ ਪੁੱਤਰਾਂ ਨੂੰ ਬਚਾਇਆ ਨਹੀਂ ਜਾ ਸਕਿਆ।



ਹਵਾਈ ਹਾਦਸੇ 'ਚ ਆਪਣੇ ਪਰਿਵਾਰ ਨਾਲ ਮਾਰੇ ਗਏ ਸੈਨੇਟਰ ਡੌਗ ਲਾਰਸਨ ਦੀ ਪੁਰਾਣੀ ਤਸਵੀਰ।

# ਮੰਦੀ ਦੀ ਲਪੇਟ 'ਚ ਆਇਆ ਕੈਨੇਡਾ ਹੁਣ ਡਿਫੈਂਸ 'ਚ ਵੀ ਕਰਨ ਜਾ ਰਿਹੈ 1 ਬਿਲੀਅਨ ਡਾਲਰ ਦੀ ਕਟੌਤੀ

**ਟੋਰਾਂਟੋ, (ਪੰਜਾਬ ਮੇਲ)-** ਮੰਦੀ ਦੀ ਲਪੇਟ 'ਚ ਆਇਆ ਕੈਨੇਡਾ ਹੁਣ ਡਿਫੈਂਸ 'ਚ ਵੀ 1 ਬਿਲੀਅਨ ਡਾਲਰ ਦੀ ਕਟੌਤੀ ਕਰਨ ਜਾ ਰਿਹਾ ਹੈ। ਲਿਬਰਲ ਸਰਕਾਰ ਰਾਸ਼ਟਰੀ ਰੱਖਿਆ ਵਿਭਾਗ (ਡੀ.ਐੱਨ.ਡੀ.) ਦੇ ਸਾਲਾਨਾ ਬਜਟ 'ਚੋਂ ਲਗਭਗ 1 ਬਿਲੀਅਨ ਡਾਲਰ ਦੀ ਕਟੌਤੀ ਕਰਨ 'ਤੇ ਵਿਚਾਰ ਕਰ ਰਹੀ ਹੈ। ਇਸ ਮਹੀਨੇ ਦੀ ਸ਼ੁਰੂਆਤ 'ਚ ਚੀਫ ਆਫ ਡਿਫੈਂਸ ਸਟਾਫ ਜਨਰਲ ਵੈਨ ਆਇਰ ਅਤੇ ਉਪ ਰੱਖਿਆ ਮੰਤਰੀ ਬਿੱਲ ਮੈਥਿਊਜ਼ ਨੇ ਇਕ ਸਾਂਝੇ ਬਿਆਨ ਜਾਰੀ ਕਰਕੇ ਚਿਤਾਵਨੀ ਦਿੱਤੀ ਸੀ ਕਿ ਵਿਭਾਗ ਤੋਂ ਸੰਘੀ ਸਰਕਾਰ ਦੇ ਖਰਚੇ ਘੱਟ ਕਰਨ ਦੀ ਯੋਜਨਾ 'ਚ ਯੋਗਦਾਨ ਦੀ ਉਮੀਦ ਕੀਤੀ ਜਾਵੇਗੀ।

ਚੀਫ ਆਫ ਡਿਫੈਂਸ ਸਟਾਫ ਜਨਰਲ ਵੈਨ ਆਇਰ ਮੰਗਲਵਾਰ, 18 ਅਕਤੂਬਰ, 2022 ਨੂੰ ਓਟਾਵਾ 'ਚ ਰਾਸ਼ਟਰੀ ਰੱਖਿਆ 'ਤੇ ਹਾਊਸ ਆਫ ਕਾਮਨਸ ਦੀ



ਸਥਿਤੀ ਕਮੇਟੀ ਦੇ ਸਾਹਮਣੇ ਪੇਸ਼ ਹੋਣ ਲਈ ਪਹੁੰਚੇ। ਚੀਫ ਆਫ ਡਿਫੈਂਸ ਸਟਾਫ ਜਨਰਲ ਵੈਨ ਆਇਰ ਨੇ ਸੰਸਦ ਮੈਂਬਰਾਂ ਨੂੰ ਕਿਹਾ ਕਿ ਅਜਿਹਾ ਕੋਈ ਤਰੀਕਾ ਨਹੀਂ ਹੈ ਕਿ ਤੁਸੀਂ ਰੱਖਿਆ ਬਜਟ 'ਚੋਂ ਲਗਭਗ 1 ਅਰਬ ਡਾਲਰ ਕੱਢ ਸਕੋ ਅਤੇ ਇਸਦਾ ਪ੍ਰਭਾਵ ਨਾ ਪਵੇ। ਇਹ ਕੁਝ ਅਜਿਹਾ ਹੈ, ਜਿਸਦੇ ਨਾਲ ਅਸੀਂ ਅਜੇ ਲੜਾਈ ਲੜ ਰਹੇ ਹਾਂ। ਸਾਨੂੰ ਰੱਖਿਆ ਵਿਭਾਗ ਦੇ ਸਾਲਾਨਾ ਬਜਟ 'ਚ ਕਟੌਤੀ ਕਰਨੀ ਹੋਵੇਗੀ। ਹੁਣ ਉਨ੍ਹਾਂ ਦੇ ਇਸ ਬਿਆਨ ਤੋਂ ਸਾਫ ਹੈ ਕਿ ਖੁਦ ਨੂੰ ਆਰਥਿਕ ਰੂਪ ਨਾਲ ਮਜ਼ਬੂਤ ਦੱਸਣ ਵਾਲਾ ਕੈਨੇਡਾ ਫਿਲਹਾਲ ਮੰਦੀ 'ਚੋਂ ਗੁਜ਼ਰ ਰਿਹਾ ਹੈ।

2023-24 ਲਈ ਡੀ.ਐੱਨ.ਡੀ. ਦੇ ਮੁੱਖ ਅਨੁਮਾਨ ਦੇ ਅਨੁਸਾਰ ਇਸ ਸਾਲ ਵਿਭਾਗ ਦਾ ਬਜਟ 26.5 ਬਿਲੀਅਨ ਡਾਲਰ ਹੋਣ ਦੀ ਉਮੀਦ ਹੈ। ਵੀਰਵਾਰ ਨੂੰ ਆਇਰ ਨੇ ਦੱਸਿਆ ਕਿ ਕਿਵੇਂ ਪਹਿਲੇ ਦਿਨ 'ਚ ਉਨ੍ਹਾਂ ਨੇ ਵੱਖ-ਵੱਖ ਸੇਵਾਵਾਂ ਦੇ ਕਮਾਂਡਰਾਂ ਦੇ ਨਾਲ 'ਬਹੁਤ ਸਖ਼ਤ ਸੈਸ਼ਨ' ਬਿਤਾਇਆ ਸੀ। ਉਨ੍ਹਾਂ ਕਿਹਾ ਕਿ ਬੈਠਕ ਦਾ ਉਦੇਸ਼ ਸਾਡੇ ਲੋਕਾਂ ਨੂੰ ਇਹ ਸਮਝਾਉਣਾ ਸੀ ਕਿ ਅਜਿਹੇ ਸਮੇਂ 'ਚ ਜਦੋਂ ਅੰਤਰਰਾਸ਼ਟਰੀ ਸਥਿਤੀ ਤੇਜ਼ੀ ਨਾਲ ਅਨਿਸ਼ਚਿਤ ਹੁੰਦੀ ਜਾ ਰਹੀ ਹੈ, ਖਾਸ ਕਰਕੇ ਯੂਕਰੇਨ 'ਤੇ ਰੂਸ ਦੇ ਹਮਲੇ ਕਾਰਨ।

# ਅਮਰੀਕਾ 'ਚ ਮਰੀਜ਼ਾਂ ਨੂੰ ਭੁੱਲਣ ਦੀ ਬਿਮਾਰੀ ਲਈ ਨਕਲੀ ਖੁਰਾਕਾਂ ਦੇਣ ਦੇ ਮਾਮਲੇ 'ਚ ਜੋੜੇ ਨੂੰ ਹੋਈ ਕੈਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੇ ਓਹਾਇਓ ਰਾਜ ਵਿਚ ਇਕ ਮੈਮਰੀ ਕੇਅਰ ਵਿਚ ਡਾਇਰੈਕਟਰ ਵਜੋਂ ਕੰਮ ਕਰਦੀ ਰਹੀ ਇਕ ਔਰਤ ਨੂੰ ਮਰੀਜ਼ਾਂ ਨੂੰ ਭੁੱਲ ਜਾਣ ਦੀ ਬਿਮਾਰੀ ਲਈ ਨਕਲੀ ਖੁਰਾਕਾਂ ਦੇਣ ਦੇ ਸੰਘੀ ਦੋਸ਼ਾਂ ਤਹਿਤ 71 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸ਼ੈਰੀ ਐਨ ਜੈਨਕਿਨਸ ਨਾਮੀ ਔਰਤ ਜਿਸ ਕੋਲ ਪੀ.ਐੱਚ.ਡੀ. ਦੀ ਡਿਗਰੀ ਹੈ ਪਰੰਤੂ ਉਸ ਕੋਲ ਨਾ ਲਾਇਸੰਸ ਤੇ ਨਾ ਸਿਖਲਾਈ ਸਰਟੀਫੀਕੇਟ ਹੈ, ਨੂੰ 25000 ਡਾਲਰ ਜੁਰਮਾਨਾ ਵੀ ਕੀਤਾ ਗਿਆ ਹੈ। ਮੁੱਦਈ ਪੱਖ ਨੇ ਇਸ ਮਾਮਲੇ ਨੂੰ 'ਸਕੀਮ ਟੂ ਫਰਾਡ' ਦਾ ਨਾਂ ਦਿੱਤਾ ਹੈ। ਜੇਨਕਿਨਸ ਦੇ ਪਤੀ ਉਲੀਵਰ ਜੇਨਕਿਨਸ ਨੂੰ ਵੀ 41 ਮਹੀਨੇ ਦੀ ਕੈਦ ਤੇ 15000 ਡਾਲਰ ਜੁਰਮਾਨਾ ਕੀਤਾ ਗਿਆ ਹੈ। ਓਹਾਇਓ ਦੇ ਨਾਰਦਰਨ ਡਿਸਟ੍ਰਿਕਟ ਯੂ.ਐੱਸ. ਅਟਾਰਨੀ ਦਫਤਰ ਅਨੁਸਾਰ ਪਤਨੀ ਪਤੀ ਦੋਨਾਂ ਨੂੰ ਸਾਜਿਸ਼ ਰਚਣ, ਮੇਲ ਫਰਾਡ, ਵਾਇਰ ਫਰਾਡ ਤੇ ਸਿਹਤ ਸੰਭਾਲ ਫਰਾਡ ਦੇ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਹੈ।



ਪੰਜਾਬ ਮੇਲ USA

# ਸੈਕਰਾਮੈਂਟੋ 'ਚ ਅੰਗਰੇਜ਼ੀ ਸਿੱਖੋ ਬਿਲਕੁਲ ਮੁਫਤ

## ਬਾਲਗਾਂ ਲਈ ਅੰਗਰੇਜ਼ੀ ਸਿੱਖਣ ਦਾ ਸੁਨਿਹਰੀ ਮੌਕਾ

# HIGHLANDS

COMMUNITY CHARTER AND TECHNICAL SCHOOLS

"...ਹਾਈਲੈਂਡਜ਼ 'ਤੇ, "ਇਹ ਕਦੇ ਵੀ ਬਹੁਤ ਦੇਰ ਨਹੀਂ ਹੁੰਦਾ" At Highlands, "it's Never Too Late..."



### ਅੰਗਰੇਜ਼ੀ ਸਿੱਖੋ

ਅਸੀਂ ਆਪਣੇ ਇੰਟਰਨੈਸ਼ਨਲ ਹਾਈ ਸਕੂਲ (IHS) ਪ੍ਰੋਗਰਾਮ ਰਾਹੀਂ ਅੰਗਰੇਜ਼ੀ ਭਾਸ਼ਾ ਦੀਆਂ ਕਲਾਸਾਂ ਦੀ ਪੇਸ਼ਕਸ਼ ਕਰਦੇ ਹਾਂ, ਜੋ ਤੁਹਾਨੂੰ ਤੁਹਾਡੇ ਯੂ.ਐੱਸ. ਹਾਈ ਸਕੂਲ ਡਿਪਲੋਮਾ ਲਈ ਕ੍ਰੈਡਿਟ ਹਾਸਲ ਕਰਨ ਦੀ ਇਜਾਜ਼ਤ ਦਿੰਦਾ ਹੈ।

### LEARN ENGLISH

We offer English language classes through our international High School (IHS) program that allows you to earn credits towards your U.S. High School Diploma.



### ਆਪਣਾ ਹਾਈ ਸਕੂਲ ਡਿਪਲੋਮਾ ਕਮਾਓ

ਅਸੀਂ ਕਲਾਸਰੂਮ-ਆਧਾਰਿਤ ਅਤੇ ਸੁਤੰਤਰ ਅਧਿਐਨ ਕਲਾਸਾਂ ਦੀ ਪੇਸ਼ਕਸ਼ ਕਰਦੇ ਹਾਂ। ਰੁਕਾਵਟਾਂ ਨੂੰ ਦੂਰ ਕਰਨ ਲਈ, ਅਸੀਂ ਬੱਸ ਪਾਸ 2.5-5 ਸਾਲ ਦੀ ਉਮਰ ਦੇ ਬੱਚਿਆਂ ਲਈ ਇਕ ਅਰਲੀ ਲਰਨਿੰਗ ਸੈਂਟਰ ਅਤੇ ਟਿਊਸ਼ਨ ਦੀ ਪੇਸ਼ਕਸ਼ ਕਰਦੇ ਹਾਂ।

### EARN YOUR HIGH SCHOOL DIPLOMA

We offer classroom-based and independent Study classes. To remove barriers, we offer bus passes, an Early Learning Center for children aged 2.5-5, and tutoring.



### ਇਕ ਹੁਨਰ ਸਿੱਖੋ

ਸਾਡੇ ਵਿਦਿਆਰਥੀਆਂ ਲਈ ਕਰੀਅਰ ਟੈਕਨੀਕਲ ਪ੍ਰੋਗਰਾਮਾਂ ਦੀ ਸਾਡੀ ਵਧਦੀ ਸੂਚੀ ਵਿਚ ਸ਼ਾਮਲ ਹਨ, ਟਰੱਕ ਡਰਾਈਵਿੰਗ, ਅਰਲੀ ਚਾਈਲਡਹੁੱਡ ਐਜੂਕੇਸ਼ਨ, ਡਿਜੀਟਲ ਨੇਵੀਗੇਟਰ, ਬਿਜ਼ਨਸ ਅਸੈਂਸ਼ੀਅਲਸ, ਕਾਸਮੈਟੋਲੋਜੀ, $੩੩ ਕੰਸਟਰਕਸ਼ਨ, ਗਰੁੱਪ ਫਿਟਨੈੱਸ ਅਤੇ ਹੋਰ ਬਹੁਤ ਕੁੱਝ!

### LEARN A SKILL

Our growing list of Career Technical programs for our students includes Truck Driving, Early Childhood Education, Digital Navigator, Business Essentials, Cosmetology, MC3 Construction, Group Fitness, and more!

20 sept.

## ਬਿਲਕੁਲ ਬਿਨਾਂ ਕਿਸੇ ਕੀਮਤ ਦੇ ALL AT ABSOLUTELY NO COST!

ਬਾਲਗਾਂ ਲਈ ਗ੍ਰੇਟਰ ਸੈਕਰਾਮੈਂਟੋ ਖੇਤਰ ਵਿਚ ਕਲਾਸਾਂ ਉਪਲਬਧ ਹਨ +22

Classes are available throughout the Greater Sacramento Area for Adults 22+

**7720 24th St, Sacramento, CA**

Learn more at HCCTS.org 916-844-2283 @HCCTS



ਖੁਸ਼ਖਬਰੀ

ਹੁੰਮਹੁਮਾ ਕੇ ਪਹੁੰਚੋ

## ਪੁੱਤਰਾਂ ਦੇ ਦਾਨੀ, ਬ੍ਰਹਮ ਗਿਆਨੀ

# ਬਾਬਾ ਬੁੱਢਾ ਜੀ ਦਾ ਜਨਮ ਦਿਵਸ

## 6, 7, 8 ਅਕਤੂਬਰ ਨੂੰ ਗੁਰਦੁਆਰਾ ਸਿੰਘ ਸਭਾ ਰੈਨਟਨ, 5200 Talbot Rd S, Renton, WA 98055 ਵਿਖੇ ਮਨਾਇਆ ਜਾ ਰਿਹਾ ਹੈ।

ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਬਾਬਾ ਬੁੱਢਾ ਜੀ ਸੰਸਥਾ ਅਮਰੀਕਾ ਵੱਲੋਂ ਮਿਲ ਕੇ ਗੁਰਦੁਆਰਾ ਸਿੰਘ ਸਭਾ ਰੈਨਟਨ ਵਿਖੇ ਪੁੱਤਰਾਂ ਦੇ ਦਾਨੀ, ਪੂਰਨ ਗੁਰਸਿੱਖ ਤੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਵਸ 6, 7, 8 ਅਕਤੂਬਰ ਨੂੰ ਮਨਾਇਆ ਜਾ ਰਿਹਾ ਹੈ। ਬਾਬਾ ਬੁੱਢਾ ਜੀ ਨੂੰ ਪੰਜ ਗੁਰੂ ਸਾਹਿਬਾਨਾਂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਤਾਗੱਦੀ ਦੀਆਂ ਰਸਮਾਂ ਨਿਭਾਉਣ ਦਾ ਸੁਭਾਗ ਪ੍ਰਾਪਤ ਹੋਇਆ।

ਬਾਬਾ ਬੁੱਢਾ ਜੀ ਅੰਮ੍ਰਿਤਸਰ ਨੇੜੇ ਪਿੰਡ ਕੱਥੂ ਨੰਗਲ ਵਿਚ 1506 'ਚ ਜਨਮੇ ਅਤੇ 125 ਸਾਲ ਦੀ ਉਮਰ ਪੂਰੀ ਕਰਕੇ 1631 ਵਿਚ ਅਕਾਲ ਚਲਾਣਾ ਕਰ ਗਏ। ਆਉ ਮਿਲ ਕੇ ਪੁੱਤਰਾਂ ਦੇ ਦਾਨੀ, ਪੂਰਨ ਗੁਰਸਿੱਖ ਤੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਵਸ ਮਨਾਈਏ ਅਤੇ ਉਨ੍ਹਾਂ ਦੀਆਂ ਸਿੱਖਿਆ 'ਤੇ ਚੱਲਣ ਦੀ ਕੋਸ਼ਿਸ਼ ਕਰਕੇ ਜੀਵਨ ਸਫਲਾ ਬਣਾਈਏ।

Designed By Punjab Mail USA





ਬਾਬਾ ਬੁੱਢਾ ਜੀ ਸੰਸਥਾ ਦੇ ਮੈਂਬਰ



ਬੀਬੀਆਂ ਲੰਗਰਾਂ ਦੀ ਸੇਵਾ ਕਰਦੇ ਸਮੇਂ।





ਬਾਬਾ ਬੁੱਢਾ ਜੀ ਸੰਸਥਾ ਦੇ ਮੈਂਬਰ ਸਾਹਿਬਾਨ।

ਸਵਾਗਤ ਕਰਤਾ

# ਬਾਬਾ ਬੁੱਢਾ ਜੀ ਸੰਸਥਾ

*For more information*

*Dr.Surinder Singh Tung*
*206-604-0982*

*Gurdwara Sahib*
*425-226-2277*

# ਅਮਰੀਕੀ ਰਾਸ਼ਟਰਪਤੀ ਬਾਇਡਨ ਨੇ ਸਾਬਕਾ ਅਮਰੀਕੀ ਰਾਸ਼ਟਰਪਤੀ ਟਰੰਪ ’ਤੇ ਲਾਏ ਗੰਭੀਰ ਦੋਸ਼

**■ ਕਿਹਾ : ‘ਕੁਝ ਬਹੁਤ ਹੀ ਖ਼ਤਰਨਾਕ ਹੋ ਰਿਹੈ’**

**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਡੋਨਾਲਡ ਟਰੰਪ ਦੀ ਚੋਣ ਮੁਹਿੰਮ ’ਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਹਥਿਆਰਾਂ ਦੇ ਜ਼ੋਰ ਨਾਲ ਜਮਹੂਰੀਅਤ ਨੂੰ ਤਬਾਹ ਨਹੀਂ ਕੀਤਾ ਜਾ ਸਕਦਾ ਪਰ ਇਹ ਉਦੋਂ ਹੀ ਤਬਾਹ ਹੋ ਸਕਦਾ ਹੈ, ਜਦੋਂ ਲੋਕ ਚੁੱਪ ਰਹਿਣ ਅਤੇ ਚੁਣੌਤੀਆਂ ਦਾ ਮਜ਼ਬੂਤੀ ਨਾਲ ਸਾਹਮਣਾ ਨਾ ਕਰਨ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣੇ ਵਿਰੋਧੀ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ’ਤੇ ਗੰਭੀਰ ਦੋਸ਼ ਲਗਾਏ ਹਨ।



ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਕੁਝ ਬਹੁਤ ਖ਼ਤਰਨਾਕ ਵਾਪਰ ਰਿਹਾ ਹੈ, ਜਿਸ ਨਾਲ ਦੇਸ਼ ਦੇ ਲੋਕਤੰਤਰ ਨੂੰ ਗੰਭੀਰ ਖ਼ਤਰਾ ਪੈਦਾ ਹੋ ਜਾਵੇਗਾ। ਜਦੋਂ ਅਗਲੇ ਸਾਲ 2024 ਵਿਚ ਅਮਰੀਕਾ ਵਿਚ ਰਾਸ਼ਟਰਪਤੀ ਚੋਣ (ਯੂ.ਐੱਸ.ਏ. ਪ੍ਰੈਜ਼ੀਡੈਂਟ ਦੀ ਇਲੈਕਸ਼ਨ) ਹੋਣ ਜਾ ਰਹੀ ਹੈ, ਤਾਂ ਡੋਨਾਲਡ ਟਰੰਪ ਦਾ ਦਾਅਵਾ ਮਜ਼ਬੂਤ ਹੁੰਦਾ ਜਾ ਰਿਹਾ ਹੈ ਅਤੇ ਮੰਨਿਆ ਜਾ ਰਿਹਾ ਹੈ ਕਿ ਬਾਇਡਨ ਦਾ ਤਾਜ਼ਾ ਬਿਆਨ ਇਸੇ ਸੰਦਰਭ ਦੇ ਵਿਚ ਆਇਆ ਹੈ। ਉਨ੍ਹਾਂ ਕਿਹਾ ਇਕ ਲੋਕਤੰਤਰ ਲਈ ਖ਼ਤਰਾ ਵੱਧਦਾ ਜਾ ਰਿਹਾ ਹੈ। ਜੋਅ ਬਾਇਡਨ ਨੇ ਅਮਰੀਕੀ ਰਾਜ ਐਰੀਜ਼ੋਨਾ ਵਿਚ ਇਕ ਸੰਬੋਧਨ ਵਿਚ ਕਿਹਾ ਕਿ ਅਮਰੀਕਾ ਵਿਚ ਹੁਣ ਕੁਝ ਬਹੁਤ ਖ਼ਤਰਨਾਕ ਹੋ ਰਿਹਾ ਹੈ, ਦੇਸ਼ ਵਿਚ ਇਕ ਕੱਟੜਪੰਥੀ ਚੋਣ ਮੁਹਿੰਮ ਚਲਾਈ ਗਈ ਹੈ ਜੋ ਲੋਕਤੰਤਰ ਦੇ ਅਨੁਕੂਲ ਨਹੀਂ ਹੈ। ਬਾਇਡਨ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਹਥਿਆਰਾਂ ਦੇ ਜ਼ੋਰ ਦੇ ਨਾਲ ਜਮਹੂਰੀਅਤ ਨੂੰ ਤਬਾਹ ਨਹੀਂ ਕੀਤਾ ਜਾ ਸਕਦਾ ਪਰ ਇਹ ਉਦੋਂ ਹੀ ਤਬਾਹ ਹੋ ਸਕਦਾ ਹੈ, ਜਦੋਂ ਲੋਕ ਚੁੱਪ ਰਹਿਣ ਅਤੇ ਚੁਣੌਤੀਆਂ ਦਾ ਮਜ਼ਬੂਤੀ ਦੇ ਨਾਲ ਸਾਹਮਣਾ ਨਾ ਕਰਨ। ਰਾਸ਼ਟਰਪਤੀ ਬਾਇਡਨ ਨੇ ਟਰੰਪ ਦੀ ਚੋਣ ਮੁਹਿੰਮ ਨੂੰ ਨਿਸ਼ਾਨਾ ਬਣਾਇਆ।

ਆਪਣੀ ਵਿਰੋਧੀ ਪਾਰਟੀ ਰਿਪਬਲਿਕਨ ’ਤੇ ਨਿਸ਼ਾਨਾ ਵਿੰਨ੍ਹਦੇ ਹੋਏ ਬਾਇਡਨ ਨੇ ਕਿਹਾ ਕਿ ਅੱਜ ਰਿਪਬਲਿਕਨ ਪਾਰਟੀ ਨੂੰ ਮਾਗਾ ਅੰਦੋਲਨ ਦੇ ਕੱਟੜਪੰਥੀ ਸਮਰਥਕਾਂ ਦੁਆਰਾ ਕੰਟਰੋਲ ਕੀਤਾ ਜਾ ਰਿਹਾ ਹੈ। ਰੈਡੀਕਲਾਂ ਦਾ ਏਜੰਡਾ ਅਮਰੀਕਾ ਦੇ ਲੋਕਤੰਤਰੀ ਅਦਾਰਿਆਂ ਨੂੰ ਬਦਲਣਾ ਹੈ। ਜ਼ਿਕਰਯੋਗ ਹੈ ਕਿ ਮਾਗਾ ਅੰਦੋਲਨ ਟਰੰਪ ਦੇ ਚੋਣ ਨਾਅਰੇ ਮੇਕ ਅਮਰੀਕਾ, ਗ੍ਰੇ ਅਗੇਨ ਦਾ ਛੋਟਾ ਰੂਪ ਹੈ। ਬਾਇਡਨ ਨੇ ਕਿਹਾ ਕਿ ਸਾਬਕਾ ਰਾਸ਼ਟਰਪਤੀ ਟਰੰਪ ਦੀ ਤਾਕਤਵਰ ਬਣਨ ਦੀ ਨਿੱਜੀ ਇੱਛਾ ਹੈ ਅਤੇ ਉਹ ਲੋਕਤੰਤਰ ਦੇ ਸਿਧਾਂਤਾਂ ਅਤੇ ਕਦਰਾਂ-ਕੀਮਤਾਂ ਵਿਚ ਵਿਸ਼ਵਾਸ ਨਹੀਂ ਰੱਖਦੇ। ਬਾਇਡਨ ਨੇ ਮੇਕ ਅਮਰੀਕਾ ਗ੍ਰੇਟ ਮੁਹਿੰਮ ਨੂੰ ਦੇਸ਼ ਦੀ ਸਿਆਸੀ ਪ੍ਰਣਾਲੀ ਲਈ ਇਕ ਗੰਭੀਰ ਖ਼ਤਰਾ ਦੱਸਿਆ ਹੈ।

# ਫਿਲਾਡੇਲਫੀਆ ’ਚ ਪੱਤਰਕਾਰ ਦੀ ਉਸ ਦੇ ਘਰ ’ਚ ਹੀ ਗੋਲੀਆਂ ਮਾਰ ਕੇ ਹੱਤਿਆ

**■ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ ਗਈ**

**ਫਿਲਾਡੇਲਫੀਆ, (ਰਾਜ ਗੋਗਨਾ/ ਪੰਜਾਬ ਮੇਲ)-**ਬੀਤੇ ਦਿਨੀਂ ਪੇਨਸਿਲਵੇਨੀਆ ਸੂਬੇ ਦੇ ਸ਼ਹਿਰ ਫਿਲਾਡੇਲਫੀਆ ਵਿਚ ਰਹਿੰਦੇ ਜੋਸ਼ ਕਰੂਗਰ ਨਾਮੀਂ ਇੱਕ ਫਰੀਲਾਂਸ ਪੱਤਰਕਾਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪੱਤਰਕਾਰ ਜੋਸ਼ ਕਰੂਗਰ ਨੂੰ ਉਸਦੇ ਘਰ ਵਿਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ, ਜੋ ਸਿਟੀ ਲਈ ਕੰਮ ਕਰਦਾ ਸੀ ਅਤੇ ਉਹ ਇੱਕ ਫਰੀਲਾਂਸ ਪੱਤਰਕਾਰ ਸੀ। ਸਥਾਨਕ ਅਧਿਕਾਰੀਆਂ ਅਨੁਸਾਰ, ਜੋਸ਼ ਕਰੂਗਰ, ਇੱਕ ਫਰੀਲਾਂਸ ਪੱਤਰਕਾਰ ਅਤੇ ਸ਼ਹਿਰ ਦੇ ਸਾਬਕਾ ਕਰਮਚਾਰੀ ਨੂੰ ਸੋਮਵਾਰ ਤੜਕੇ ਉਸਦੇ ਘਰ ਵਿਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਸਥਾਨਕ ਫਿਲਾਡੇਲਫੀਆ ਪੁਲਿਸ ਨੂੰ ਜਦੋਂ ਸੂਚਨਾ ਮਿਲੀ, ਤਾਂ ਉਹ ਦੁਪਿਹਰ ਦੇ 1:30 ਵਜੇ ਦੇ



ਕਰੀਬ ਉਸਦੇ ਘਰ ਵਿਚ ਪੁੱਜੀ ਅਤੇ ਉਨ੍ਹਾਂ ਨੇ ਦੇਖਿਆ ਕਿ ਕਰੂਗਰ ਦੀ ਛਾਤੀ ਅਤੇ ਪੇਟ ਵਿਚ ਸੱਤ ਦੇ ਕਰੀਬ ਗੋਲੀਆਂ ਲੱਗੀਆਂ ਸਨ। ਪੁਲਿਸ ਨੇ ਦੱਸਿਆ ਕਿ ਉਸ ਨੂੰ ਸਥਾਨਕ ਪੇਨ ਪ੍ਰੈਸਬੀਟੇਰੀਅਨ ਮੈਡੀਕਲ ਸੈਂਟਰ ਵਿਖੇ ਲਿਜਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਗੋਲੀਬਾਰੀ ਵਿਚ ਕੋਈ ਵੀ ਗ੍ਰਿਫ਼ਤਾਰੀ ਨਹੀਂ ਹੋਈ ਹੈ ਅਤੇ ਨਾ ਹੀ ਕੋਈ ਹਥਿਆਰ ਬਰਾਮਦ ਹੋਇਆ ਹੈ। ਫਿਲਾਡੇਲਫੀਆ ਦੇ ਮੇਅਰ ਜਿਮ ਕੇਨੀ ਨੇ ਐਕਸ ’ਤੇ ਲਿਖਿਆ, “ਜੋਸ਼ ਕਰੂਗਰ ਦੀ ਮੌਤ ਦੇ ਨਾਲ ਸਾਨੂੰ ਬਹੁਤ ਵੱਡਾ ਸਦਮਾ ਪੁੱਜਾ ਹੈ।”

## ਟਰੰਪ ਤੇ ਉਸ ਦੇ ਸਹਿਯੋਗੀ ਦੇਸ਼ ਦੀ ਜਮਹੂਰੀਅਤ ਲਈ ਖ਼ਤਰਾ: ਬਾਇਡਨ

**ਟੈਂਪੇ (ਅਮਰੀਕਾ), (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ’ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਹ ਅਤੇ ਉਨ੍ਹਾਂ ਦੇ ਸਹਿਯੋਗੀ ਦੇਸ਼ ਦੇ ਲੋਕਤੰਤਰ ਲਈ ਖ਼ਤਰਾ ਹਨ। ਉਨ੍ਹਾਂ ਦੋਸ਼ ਲਾਇਆ ਕਿ ਟਰੰਪ ਦੇਸ਼ ਦੀਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਦੀ ਬਜਾਏ ਨਿੱਜੀ ਸੱਤਾ ਵਿਚ ਜ਼ਿਆਦਾ ਵਿਸ਼ਵਾਸ ਰੱਖਦੇ ਹਨ। ਆਪਣੇ ਦੋਸਤ ਅਤੇ ਸਾਬਕਾ ਰਿਪਬਲਿਕਨ ਸੈਨੇਟਰ ਮਰਹੂਮ ਜੌਹਨ ਮੈਕਕੇਨ ਦੀ ਯਾਦ ਵਿਚ ਸਮਾਗਮ ਦੌਰਾਨ ਬਾਇਡਨ ਨੇ ਆਪਣੀ ਚੋਣ ਮੁਹਿੰਮ ਦੇ ਮੁੱਖ ਥੀਮ, ‘ਅਮਰੀਕਾ ਨੂੰ ਦੁਬਾਰਾ ਮਹਾਨ ਬਣਾਓ’ ਉੱਤੇ ਜ਼ੋਰ ਦਿੱਤਾ।

## ਅਮਰੀਕਾ ’ਤੇ ਮੁੜ ਮੰਡਰਾਅ ਰਿਹੈ ਸ਼ਟਡਾਊਨ ਦਾ ਖ਼ਤਰਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ’ਤੇ ਮੁੜ ਸ਼ਟਡਾਊਨ ਦਾ ਖ਼ਤਰਾ ਮੰਡਰਾਅ ਰਿਹਾ ਹੈ। 30 ਸਤੰਬਰ ਦੀ ਅੱਧੀ ਰਾਤ ਤੱਕ ਜੇਕਰ ਡੈਮੋਕਰੇਟਸ ਅਤੇ ਰਿਪਬਲਿਕਨ ਥੋੜ੍ਹੇ ਸਮੇਂ ਦੇ ਖਰਚ ਬਿੱਲ ’ਤੇ ਸਹਿਮਤ ਨਹੀਂ ਹੁੰਦੇ ਹਨ, ਤਾਂ ਅਮਰੀਕਾ ਵਿਚ ਸ਼ਟਡਾਊਨ ਦੀ ਸਥਿਤੀ ਲਾਗੂ ਹੋ ਜਾਵੇਗੀ। ਸ਼ਟਡਾਊਨ ਇਕ ਅਜਿਹੀ ਸਥਿਤੀ ਹੈ, ਜਦੋਂ ਅਮਰੀਕੀ ਸਰਕਾਰ, ਏਜੰਸੀਆਂ ਅਤੇ ਸਰਕਾਰੀ ਕਾਰਜਾਂ ਲਈ ਢੁਕਵੀਂ ਫੰਡਿੰਗ ਪਾਸ ਕਰਨ ਵਿਚ ਅਸਮਰੱਥ ਹੋ ਜਾਵੇਗੀ। ਅਮਰੀਕਾ ਦਾ ਕਰਜ਼ਾ 33 ਟ੍ਰਿਲੀਅਨ ਡਾਲਰ ਨੂੰ ਪਾਰ ਕਰ ਗਿਆ ਹੈ, ਜੋ ਉਸ ਲਈ ਸਭ ਤੋਂ ਵੱਡੀ ਸਮੱਸਿਆ ਬਣਿਆ ਹੋਇਆ ਹੈ। ਇਹ ਕਰਜ਼ਾ ਸੰਕਟ ਇੰਨਾ ਡੂੰਘਾ ਹੋ ਗਿਆ ਹੈ ਕਿ ਉਥੇ ਸ਼ਟਡਾਊਨ ਦੀ ਸਥਿਤੀ ਪੈਦਾ ਹੋ ਗਈ ਹੈ। ਜੇਕਰ ਅਮਰੀਕਾ ’ਚ ਸੰਕਟ ਹੋਰ ਵਧਿਆ, ਤਾਂ ਉਥੋਂ ਦੇ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਤੱਕ ਅਟਕ ਜਾਣਗੀਆਂ। ਦੇਸ਼ ਵਿਚ ਤੇਲ ਦੀਆਂ ਕੀਮਤਾਂ ਉਚਾਈ ’ਤੇ ਹਨ, ਆਟੋ ਉਦਯੋਗ ਦੇ ਕਰਮਚਾਰੀ ਹੜਤਾਲ ’ਤੇ ਹਨ ਅਤੇ ਮਹਿੰਗਾਈ ਆਪਣੇ ਸਿਖਰ ’ਤੇ ਹੈ। ਦੁਨੀਆਂ ਦੇ ਸਾਹਮਣੇ ਆਪਣੀ ਤਾਕਤ ਦਾ ਦਿਖਾਵਾ ਕਰਨ ਵਾਲੇ ਅਮਰੀਕਾ ਦੀ ਅਰਥਵਿਵਸਥਾ ਇਸ ਸਮੇਂ ਮੁਸ਼ਕਲ ਦੌਰ ’ਚੋਂ ਗੁਜ਼ਰ ਰਹੀ ਹੈ। ਅਰਥ ਵਿਵਸਥਾ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਦੇਸ਼ ਵਿਚ ਇਕ ਵਾਰ ਫਿਰ ਮੰਦੀ ਦੀ ਸੰਭਾਵਨਾ ਵਧ ਗਈ ਹੈ। ਅਮਰੀਕਾ ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ ਹੈ।

## ਰਾਮਾਸਵਾਮੀ ਵੱਲੋਂ ਅਮਰੀਕਾ ’ਚ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਬੱਚਿਆਂ ਲਈ ਜਨਮ ਅਧਿਕਾਰ ਨਾਗਰਿਕਤਾ ਨੂੰ ਖਤਮ ਕਰਨ ਦਾ ਸਮਰਥਨ

**ਵਾਸ਼ਿੰਗਟਨ, (ਪੰਜਾਬ ਮੇਲ)-** ਆਪਣੀਆਂ ਸਖ਼ਤ ਨੀਤੀਗਤ ਤਬਦੀਲੀਆਂ ਵਾਲੇ ਪ੍ਰਸਤਾਵਾਂ ਨੂੰ ਜਾਰੀ ਰੱਖਦਿਆਂ ਭਾਰਤੀ-ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਵਿਵੇਕ ਰਾਮਾਸਵਾਮੀ ਨੇ ਆਪਣੀ ਦੂਜੀ ਰਿਪਬਲਿਕਨ ਬਹਿਸ ਵਿਚ ਕਿਹਾ ਹੈ ਕਿ ਉਹ ਅਮਰੀਕਾ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਬੱਚਿਆਂ ਲਈ ਜਨਮ ਅਧਿਕਾਰ ਨਾਗਰਿਕਤਾ ਨੂੰ ਖਤਮ ਕਰਨ ਦਾ ਸਮਰਥਨ ਕਰੇਗਾ। ਕੈਲੀਫੋਰਨੀਆ ’ਚ ਹੋਈ ਦੂਜੀ ਬਹਿਸ ਦੌਰਾਨ ਰਾਮਾਸਵਾਮੀ ਨੇ ਫਲੋਰਿਡਾ ਦੇ ਗਵਰਨਰ ਰੋਨ ਡੀਸੈਂਟਿਸ ਅਤੇ ਸੰਯੁਕਤ ਰਾਸ਼ਟਰ ਦੀ ਸਾਬਕਾ ਸਫ਼ੀਰ ਨਿੱਕੀ ਹੇਲੀ ਸਮੇਤ ਛੇ ਹੋਰ ਉਮੀਦਵਾਰਾਂ ਨਾਲ ਮੰਚ



ਸਾਂਝਾ ਕੀਤਾ। ‘ਵਾਸ਼ਿੰਗਟਨ ਪੋਸਟ’ ਦੀ ਰਿਪੋਰਟ ਮੁਤਾਬਕ ਇਹ ਪੁੱਛੇ ਜਾਣ ’ਤੇ ਕਿ ਉਹ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਅਤੇ ਉਨ੍ਹਾਂ ਦੇ ਅਮਰੀਕੀ ਮੂਲ ਦੇ ਬੱਚਿਆਂ ਨੂੰ ਦੇਸ਼ ਤੋਂ ਬਾਹਰ ਕੱਢਣ ਲਈ ਕਿਸ ਕਾਨੂੰਨੀ ਆਧਾਰ ਦੀ ਵਰਤੋਂ ਕਰੇਗਾ ਤਾਂ ਰਾਮਾਸਵਾਮੀ ਨੇ ਤਤਕਾਲੀ ਉਮੀਦਵਾਰ ਡੋਨਲਡ ਟਰੰਪ ਦੇ ਜਨਮ ਅਧਿਕਾਰ ਨਾਗਰਿਕਤਾ ਨੂੰ ਖਤਮ ਕਰਨ ਦੇ 2015 ਦੇ ਪ੍ਰਸਤਾਵ ਨੂੰ ਦੁਹਰਾਇਆ।




# ਰੰਗ-ਬਰੰਗੀਆਂ ਦਸਤਾਰਾਂ ਨਾਲ ਸਜਿਆ ਸਪਰਿੰਗਫੀਲਡ, ਅਮਰੀਕਾ ਦਾ ਸੱਭਿਆਚਾਰਕ ਮੇਲਾ






**ਡੇਟਨ, ਓਹਾਇਓ, (ਅਵਤਾਰ ਸਿੰਘ/ਪੰਜਾਬ ਮੇਲ)**- ਅਮਰੀਕਾ ਵਿਚ ਦੁਨੀਆਂ ਦੇ ਵੱਖ-ਵੱਖ ਮੁਲਕਾਂ ਤੋਂ ਆ ਕੇ ਵੱਸੇ ਲੋਕਾਂ ਵਿਚ ਵਖਰੇਵਿਆਂ ਦੇ ਬਾਵਜੂਦ ਉਨ੍ਹਾਂ ਵਿਚ ਸਾਂਝ ਪੈਦਾ ਕਰਨ ਲਈ ਹਰੇਕ ਸ਼ਹਿਰ ਵਿਚ ਮੇਲਾ ਲਗਾਇਆ ਜਾਂਦਾ ਹੈ। ਸਿੱਖ ਵੀ ਇਨ੍ਹਾਂ ਮੇਲਿਆਂ ਵਿਚ ਵੱਧ-ਚੜ੍ਹ ਕੇ ਭਾਗ ਲੈਂਦੇ ਹਨ। ਅਜਿਹਾ ਹੀ ਮੇਲਾ ਓਹਾਇਓ ਸੂਬੇ ਦੇ ਸ਼ਹਿਰ ਸਪਰਿੰਗਫੀਲਡ ਵਿਚ ਲਗਾਇਆ ਗਿਆ, ਜਿਸ ਵਿਚ 10 ਹਜ਼ਾਰ ਦੇ ਕਰੀਬ ਲੋਕਾਂ ਨੇ ਭਾਗ ਲਿਆ।



ਸਿੱਖ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਗਏ ਹੋਣ ਉਨ੍ਹਾਂ ਨੇ ਆਪਣੀ ਨਿਵੇਕਲੀ ਪਛਾਣ ਨੂੰ ਕਾਇਮ ਰੱਖਦੇ ਹੋਏ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਅਮਰੀਕਾ ਵਿਚ 9/11 ਦੇ ਦਹਿਸ਼ਤੀ ਹਮਲੇ ਸਮੇਂ ਸਿੱਖਾਂ ਨੂੰ ਮੁਸਲਮਾਨ ਸਮਝਕੇ ਉਨ੍ਹਾਂ 'ਤੇ ਹਮਲੇ ਕੀਤੇ ਗਏ। ਇਥੋਂ ਤੱਕ ਐਰੀਜ਼ੋਨਾ ਵਿਚ ਸ. ਬਲਬੀਰ ਸਿੰਘ ਸੋਢੀ ਨੂੰ ਇਕ ਗੋਰੇ ਨੇ ਮੁਸਲਮਾਨ ਸਮਝਕੇ ਕਤਲ ਕਰ ਦਿੱਤਾ ਸੀ। ਇਸ ਤੋਂ ਬਾਦ ਸਿੱਖਾਂ ਦੀ ਨਿਵੇਕਲ ਪਛਾਣ ਤੋਂ ਜਾਣੂ ਕਰਵਾਉਣ ਲਈ ਉਪਰਾਲੇ ਹੋਣ ਲੱਗੇ। ਇਨ੍ਹਾਂ ਮੇਲਿਆਂ ਵਿਚ ਸਟਾਲ ਲਾ ਕੇ ਸਿੱਖਾਂ ਬਾਰੇ ਸਾਹਿਤ ਵੰਡਿਆ ਜਾਣ ਲੱਗਾ।

ਅਜਿਹਾ ਹੀ ਉਪਰਾਲਾ ਓਹਾਇਓ ਸੂਬੇ ਦੇ ਪ੍ਰਸਿੱਧ ਸ਼ਹਿਰ ਸਪਰਿੰਗਫੀਲਡ ਵਿਚ ਉੱਥੋਂ ਦੇ ਨਿਵਾਸੀ ਅਵਤਾਰ ਸਿੰਘ, ਸਰਬਜੀਤ ਕੌਰ ਦੇ ਪ੍ਰਵਾਰ ਵੱਲੋਂ ਪਿਛਲੇ 22 ਸਾਲਾਂ ਤੋਂ ਕੀਤਾ ਜਾ ਰਿਹਾ ਹੈ। ਇਸ ਮੇਲੇ ਵਿਚ ਡੇਟਨ ਤੇ ਸਿਨਸਿਨਾਟੀ ਦੇ ਵਸਨੀਕ ਵੀ ਬੜੇ ਉਤਸ਼ਾਹ ਨਾਲ ਸ਼ਾਮਲ ਹੁੰਦੇ ਹਨ। ਸਿੱਖਾਂ ਵਿਚ ਦਸਤਾਰ ਦੀ ਮਹੱਤਤਾ ਨੂੰ ਦਰਸਾਉਣ ਲਈ ਮੇਲੇ ਵਿਚ ਅਮਰੀਕਨਾਂ ਨੂੰ ਦਸਤਾਰਾਂ ਸਜਾਈਆਂ ਗਈਆਂ ਤੇ ਸਿੱਖ ਧਰਮ ਨਾਲ ਸਬੰਧਤ ਲਿਟਰੇਚਰ ਵੰਡਿਆ ਗਿਆ। ਲੋਕਾਂ ਵਲੋਂ ਖ਼ੁਸ਼ੀ-ਖ਼ੁਸੀ ਦਸਤਾਰਾਂ ਸਜਾਈਆਂ ਗਈਆਂ ਅਤੇ ਨਾਲ ਹੀ ਉਨ੍ਹਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਵੀ ਦਿੱਤੀ ਗਈ। ਮੇਲੇ ਵਿਚ ਜਦ ਹੀ ਦਸਤਾਰਾਂ ਬੰਨ੍ਹਣੀਆਂ ਸ਼ੁਰੂ ਕੀਤੀਆਂ ਗਈਆਂ, ਲੋਕਾਂ ਦੀ ਇਕ ਲੰਬੀ ਕਤਾਰ ਲੱਗ ਗਈ ਅਤੇ ਸਿਰਫ ਦੋ ਕੁ ਘੰਟਿਆਂ ਦੇ ਸਮੇਂ ਵਿਚ 250 ਤੋਂ ਵੱਧ ਦਸਤਾਰਾਂ ਖਤਮ ਹੋ ਗਈਆਂ। ਦਸਤਾਰਾਂ ਸਜਾਉਣ ਵਾਲਿਆਂ ਵਿਚ ਸਿਟੀ ਮੇਅਰ ਵੈਰਨ ਕੋਪਲੈਂਡ, ਸਾਬਕਾ ਸਿਟੀ ਕਮਿਸ਼ਨਰ ਜੋਹਨ ਡੇਟਰਿਕ ਤੇ ਪੁਲਿਸ ਚੀਫ਼ ਐਲੀਸਨ ਇਲੀਅਟ, ਟੀਨਾ ਸਮਿੱਥ ਅਤੇ ਆਈਸ਼ਾ ਜੋਹਨਸਨ ਸ਼ਾਮਲ ਸਨ। ਇੰਟਰਫ਼ੇਥ ਦੀ ਪ੍ਰੈਜ਼ੀਡੈਂਟ ਇਲੈਨਾ ਬ੍ਰੈਡਲੀ, ਗੇਰੀ ਸਿੰਘ ਅਮਰੀਕਨ ਗੋਰੇ, ਕੇ.ਸੀ. ਰੋਲੇਨਡ ਨੇ ਵੀ ਸਟਾਲ 'ਤੇ ਆ ਕੇ ਆਪਣੀ ਹਾਜ਼ਰੀ ਭਰੀ।

ਦਸਤਾਰਾਂ ਸਜਾਉਣ ਵਿਚ ਕੇਵਲ ਪੁਰਸ਼ ਨਹੀਂ, ਬਲਕਿ ਇਸਤਰੀਆਂ ਵੀ ਸ਼ਾਮਲ ਸਨ। ਉਨ੍ਹਾਂ ਨੇ ਦਸਤਾਰਾਂ ਨਾਲ ਲੈ ਕੇ ਜਾਣ ਦੀ ਇੱਛਾ ਜ਼ਾਹਿਰ ਕੀਤੀ, ਤਾਂ ਜੋ ਉਹ ਇਸ ਨੂੰ ਆਪਣੇ ਆਪ ਵੀ ਬੰਨ੍ਹ ਸਕਣ। ਰੰਗ-ਬਰੰਗੀਆਂ ਦਸਤਾਰਾਂ ਨਾਲ ਇਹ ਕੋਈ ਪੰਜਾਬ ਦਾ ਹੀ ਮੇਲਾ ਲੱਗ ਰਿਹਾ ਸੀ।

ਸਿਟੀ ਹਾਲ ਪਲਾਜ਼ਾ ਵਿਖੇ ਆਯੋਜਤ ਇਸ ਸੱਭਿਆਚਾਰਕ ਮੇਲੇ ਵਿਚ ਭੰਗੜੇ ਤੇ ਗਿੱਧੇ ਨੇ ਵੀ ਖ਼ੂਬ ਰੰਗ ਬੰਨ੍ਹਿਆ। ਜਦ ਢੋਲ ਵੱਜਿਆ, ਤਾਂ ਸਾਰੇ ਲੋਕ ਦੌੜੇ-ਦੌੜੇ ਆਏ ਤੇ ਉਨ੍ਹਾਂ ਨੇ ਇਸ ਦਾ ਖ਼ੂਬ ਆਨੰਦ ਮਾਣਿਆ। ਕਈ ਤਾਂ ਖ਼ੁਦ ਵੀ ਨੱਚਣ ਲੱਗ ਪਏ।

ਪੰਜਾਬੀ ਸੱਭਿਆਚਾਰ ਤੋਂ ਜਾਣੂ ਕਰਾਉਣ ਲਈ ਲਗਾਈ ਗਈ ਪ੍ਰਦਰਸ਼ਨੀ ਵਿਚ ਹਰਮੋਨੀਅਮ, ਢੋਲ, ਚਿਮਟਾ, ਬੀਨ, ਸੁਰਾਹੀ, ਚਰਖਾ, ਮਧਾਣੀ, ਪੀੜੀ, ਆਟਾ ਪੀਣ ਵਾਲੀ ਚੱਕੀ, ਪੱਖੀਆਂ ਆਦਿ ਰੱਖੀਆਂ ਗਈਆਂ ਸਨ।

ਸ੍ਰੀ ਹਰਿਮੰਦਰ ਸਾਹਿਬ, ਸਿੱਖ ਵੈਡਿੰਗ (ਵਿਆਹ) ਤੇ ਸਿੱਖ ਧਰਮ ਨਾਲ ਸਬੰਧਤ ਪੁਸਤਕਾਂ ਵੀ ਰੱਖੀਆਂ ਗਈਆਂ। ਅਮਰੀਕਨਾਂ ਨੇ ਇਨ੍ਹਾਂ ਵਿਚ ਕਾਫੀ ਦਿਲਚਸਪੀ ਦਿਖਾਈ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਸਿੱਖ ਧਰਮ ਸਬੰਧੀ ਪੈਂਫ਼ਲਿਟ ਵੰਡੇ ਗਏ। ਮਹਾਰਾਜਾ ਰੈਸਟੋਰੈਂਟ ਨੇ ਜਲੇਬੀਆਂ ਦਾ ਲੰਗਰ ਲਾਇਆ। ਅਮਰੀਕੀਆਂ ਨੇ ਜਲੇਬੀਆਂ ਦਾ ਖ਼ੂਬ ਆਨੰਦ ਮਾਣਿਆ। ਏ. ਐਂਡ ਏ ਫ਼ੋਟੋਗਰਾਫ਼ੀ ਸੁਨੀਲ ਮੱਲੀ ਨੇ ਕੀਤੀ।

# ਸਿਆਟਲ 'ਚ ਭਾਰਤੀ ਵਿਦਿਆਰਥਣ ਦੀ ਮੌਤ ਦਾ ਮਜ਼ਾਕ ਬਣਾਉਣ ਵਾਲੇ ਪੁਲਿਸ ਅਫਸਰ ਨੂੰ ਡਿਊਟੀ ਤੋਂ ਹਟਾਇਆ




ਪੁਲਿਸ ਅਫਸਰ ਡੈਨੀਅਲ ਐਂਡਰਰ ਤੇ ਵਿਦਿਆਰਥਣ ਜਾਹਨਵੀ ਕੰਡੂਲਾ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**-ਅਮਰੀਕਾ ਦੇ ਸ਼ਹਿਰ ਸਿਆਟਲ (ਵਸ਼ਿੰਗਟਨ) ਵਿਚ ਇਸ ਸਾਲ 23 ਜਨਵਰੀ ਨੂੰ ਪੁਲਿਸ ਦੀ ਗਸ਼ਤੀ ਗੱਡੀ ਹੇਠਾਂ ਆ ਕੇ 23 ਸਾਲਾ ਭਾਰਤੀ ਵਿਦਿਆਰਥਣ ਜਾਹਨਵੀ ਕੰਡੂਲਾ ਦੀ ਮੌਤ ਹੋਣ ਉਪਰੰਤ ਉਸ ਦਾ ਮਜ਼ਾਕ ਉਡਾਉਣ ਵਾਲੇ ਪੁਲਿਸ ਅਫਸਰ ਨੂੰ ਸਰਗਰਮ ਗਸ਼ਤੀ ਡਿਊਟੀ ਤੋਂ ਹਟਾਏ ਜਾਣ ਦੀ ਖਬਰ ਹੈ। ਸਿਆਟਲ ਪੁਲਿਸ ਵਿਭਾਗ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਪੁਲਿਸ ਅਫਸਰ ਡੈਨੀਅਲ ਐਂਡਰਰ ਨੂੰ ਨਾਨ ਆਪਰੇਸ਼ਨਲ ਡਿਊਟੀ ਦਿੱਤੀ ਗਈ ਹੈ। ਇਥੇ ਜ਼ਿਕਰਯੋਗ ਹੈ ਕਿ ਘਟਨਾ ਤੋਂ ਬਾਅਦ ਜਾਰੀ ਹੋਏ ਬੌਡੀ ਕੈਮਰੇ ਦੇ ਦ੍ਰਿਸ਼ਾਂ ਵਿਚ ਐਂਡਰਰ ਨੇ ਭਾਰਤੀ ਵਿਦਿਆਰਥਣ ਦੀ ਮੌਤ ਦਾ ਮਜ਼ਾਕ ਬਣਾਉਂਦਿਆਂ ਕਿਹਾ ਸੀ ਕਿ ਇਸ ਦੀ ਜ਼ਿੰਦਗੀ ਦੀ ਕੀਮਤ ਬਹੁਤ ਥੋੜੀ ਹੈ। ਸਿਟੀ ਨੂੰ ਕੇਵਲ ਇਕ ਚੈੱਕ ਬਣਾਉਣ ਦੀ ਲੋੜ ਪਵੇਗੀ।" ਇਹ ਵੀਡੀਓ ਜਾਰੀ ਹੋਣ ਉਪਰੰਤ ਭਾਰਤੀ ਭਾਈਚਾਰੇ ਵਿਚ ਵੱਡੀ ਪੱਧਰ 'ਤੇ ਰੋਸ ਦੀ ਲਹਿਰ ਦੌੜ ਗਈ ਸੀ ਤੇ ਕਸੂਰਵਾਰ ਅਫਸਰ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਸੀ।

# ਗੈਂਗਸਟਰ ਗੋਲਡੀ ਬਰਾੜ ਕੈਲੀਫੋਰਨੀਆ 'ਚ

**ਅਮਰੀਕਾ ਤੋਂ ਮੰਗ ਰਿਹਾ ਹੈ ਸ਼ਰਨ**

**ਨਵੀਂ ਦਿੱਲੀ, (ਪੰਜਾਬ ਮੇਲ)**- ਗੈਂਗਸਟਰ ਗੋਲਡੀ ਬਰਾੜ ਆਪਣੀ ਜਾਨ ਬਚਾਉਣ ਲਈ ਭੱਜ-ਨੱਠ ਕਰ ਰਿਹਾ ਹੈ। ਇਹ ਖੁਲਾਸਾ ਭਾਰਤੀ ਖੁਫੀਆ ਏਜੰਸੀਆਂ ਦੇ ਨਵੇਂ ਡੋਜ਼ੀਅਰ ਨੇ ਕੀਤਾ ਹੈ। ਗੋਲਡੀ ਬਰਾੜ 15 ਅਗਸਤ 2017 ਨੂੰ ਭਾਰਤ ਤੋਂ ਕੈਨੇਡਾ ਪਹੁੰਚਿਆ ਅਤੇ ਬਾਅਦ ਵਿਚ ਅਮਰੀਕਾ ਭੱਜਣ ਵਿਚ ਕਾਮਯਾਬ ਹੋ ਗਿਆ। ਉਦੋਂ ਤੋਂ ਉਹ ਕੈਲੀਫੋਰਨੀਆ ਵਿਚ ਰਹਿ ਰਿਹਾ ਹੈ ਤੇ ਅਮਰੀਕਾ ਤੋਂ ਕਾਨੂੰਨੀ ਢੰਗ ਨਾਲ ਸ਼ਰਨ ਮੰਗ ਰਿਹਾ ਹੈ। ਪਤਾ ਲੱਗਾ ਹੈ ਕਿ ਉਹ ਕੈਲੀਫੋਰਨੀਆ ਦੇ ਫਰਿਜ਼ਨੋ ਸ਼ਹਿਰ ਵਿਚ ਹੈ। ਏਜੰਸੀਆਂ ਤੋਂ ਬਚਣ ਲਈ ਬਰਾੜ ਐਨਕ੍ਰਿਪਟਡ ਕਮਿਊਨੀਕੇਸ਼ਨ ਐਪਸ ਦੀ ਵਰਤੋਂ ਕਰ ਰਹੇ ਹਨ।

Global Allianz
ਕਾਨੂੰਨੀ ਸਲਾਹ
LAW FIRM LLP
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਅਮਰੀਕਾ 'ਚ ਨਿਹੱਥੇ ਵਿਅਕਤੀ 'ਤੇ ਗੋਲੀ ਚਲਾਉਣ ਸਮੇਤ ਹੋਰ ਗੰਭੀਰ ਦੋਸ਼ਾਂ ਤੋਂ 2 ਸਾਬਕਾ ਪੁਲਿਸ ਅਫਸਰ ਬਰੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੀ ਕੁੱਕ ਕਾਊਂਟੀ (ਇਲੀਨੋਇਸ) ਵਿਚ ਇਕ ਅਦਾਲਤ ਵੱਲੋਂ 2 ਸਾਬਕਾ ਪੁਲਿਸ ਅਫਸਰਾਂ ਨੂੰ ਇਕ ਨਿਹੱਥੇ ਵਿਅਕਤੀ ਉਪਰ ਗੋਲੀ ਚਲਾਉਣ ਸਮੇਤ ਹੋਰ ਗੰਭੀਰ ਦੋਸ਼ਾਂ ਤੋਂ ਮੁਕਤ ਕਰ ਦੇਣ ਦੀ ਖਬਰ ਹੈ। ਸਾਰਜੈਂਟ ਕ੍ਰਿਸਟੋਫਰ ਲਿਅਕੋਪੋਲਸ ਤੇ ਪੁਲਿਸ ਅਫਸਰ ਰੂਬਨ ਰੇਅਨੋਸੋ ਵਿਰੁੱਧ ਜੁਲਾਈ 2022 ਵਿਚ ਨਿਹੱਥੇ ਮਿਗੂਲ ਮੈਡੀਨਾ ਨਾਮੀ ਵਿਅਕਤੀ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦੇਣ ਦੇ ਮਾਮਲੇ ਵਿਚ ਬੁਰੀ ਤਰ੍ਹਾਂ ਹਥਿਆਰ ਦੀ ਵਰਤੋਂ ਕਰਨ ਤੇ ਬੁਰਾ ਵਿਵਹਾਰ ਕਰਨ ਵਰਗੇ ਦੋਸ਼ ਆਇਦ ਕੀਤੇ ਗਏ ਸਨ। ਕੁੱਕ ਕਾਊਂਟੀ ਵਿਚ ਬੈਂਚ



**15 ਸਤੰਬਰ 2022 ਨੂੰ ਜ਼ਮਾਨਤ ਉਪਰ ਰਿਹਾਅ ਹੋਣ ਉਪਰੰਤ ਕੁੱਕ ਕਾਊਂਟੀ ਦੀ ਜੇਲ੍ਹ ਵਿਚੋਂ ਬਾਹਰ ਆਉਂਦੇ ਹੋਏ ਸਾਰਜੈਂਟ ਕ੍ਰਿਸਟੋਫਰ ਲਿਅਕੋਪੋਲਸ ਤੇ ਰੂਬਨ ਰੇਅਨੋਸੋ (ਫਾਈਲ ਤਸਵੀਰ)।**

ਸੁਣਵਾਈ ਉਪਰੰਤ ਜੱਜ ਲਾਰੈਂਸ ਫਲੂਡ ਨੇ ਦੋਨਾਂ ਸਾਬਕਾ ਪੁਲਿਸ ਅਫਸਰਾਂ ਨੂੰ ਬਰੀ ਕਰ ਦਿੱਤਾ। ਇਹ ਜਾਣਕਾਰੀ ਕਾਊਂਟੀ ਦੀ ਸਰਕਟ ਕੋਰਟ ਦੇ ਮੁੱਖ ਜੱਜ ਦਫਤਰ ਦੇ ਇਕ ਬੁਲਾਰੇ ਮੈਰੀ ਵਿਸਨੀਵਸਕੀ ਨੇ ਦਿੱਤੀ ਹੈ। ਮੇਡੀਨਾ ਦੇ ਵਕੀਲ ਗਰੇਗੋਰੀ ਕੁਲਿਸ ਨੇ ਅਦਾਲਤ ਦੇ ਫੈਸਲੇ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਹ ਨਿਰਾਸ਼ ਹੋਏ ਹਨ ਪਰੰਤੂ ਹੈਰਾਨ ਨਹੀਂ ਹਨ।" ਵਕੀਲ ਨੇ ਕਿਹਾ ਵੀਡੀਓ 'ਚ ਸਾਫ ਨਜ਼ਰ ਆ ਰਿਹਾ ਹੈ ਕਿ ਮੇਡੀਨਾ ਦੇ ਹੱਥ ਉਪਰ ਹਨ ਤੇ ਉਸ ਕੋਲ ਕੋਈ ਹਥਿਆਰ ਨਹੀਂ ਹੈ। ਉਸ ਨੇ ਪੁਲਿਸ ਅਫਸਰਾਂ ਵਿਰੁੱਧ ਕੋਈ ਅਪਰਾਧ ਨਹੀਂ ਕੀਤਾ। ਪੁਲਿਸ ਅਫਸਰਾਂ ਨੇ ਮੈਡੀਨਾ ਨੂੰ ਇਕ ਤਰ੍ਹਾਂ ਮਾਰ ਦੇਣ ਦੇ ਇਰਾਦੇ ਨਾਲ ਹੀ ਗੋਲੀਆਂ ਚਲਾਈਆਂ ਸਨ।"

## ਜਾਰਜੀਆ ਚੋਣਾਂ 'ਚ ਦਖ਼ਲ-ਅੰਦਾਜ਼ੀ ਮਾਮਲਾ: ਟਰੰਪ ਦੀ ਜ਼ਮਾਨਤ ਕਰਾਉਣ ਵਾਲਾ ਦੋਸ਼ੀ ਕਰਾਰ

**ਅਟਲਾਂਟਾ, (ਪੰਜਾਬ ਮੇਲ)-** ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ 17 ਹੋਰਨਾਂ ਦੀ ਜਾਰਜੀਆ ਚੋਣ ਦਖ਼ਲ ਮਾਮਲੇ 'ਚ ਸ਼ੁੱਕਰਵਾਰ ਨੂੰ ਜ਼ਮਾਨਤ ਕਰਾਉਣ ਵਾਲੇ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਸਤਗਾਸਾ ਪੱਖ ਵੱਲੋਂ ਕਿਸੇ ਜ਼ਮਾਨਤ ਕਰਾਉਣ ਵਾਲੇ 'ਤੇ ਮੁਕੱਦਮਾ ਚਲਾਏ ਜਾਣ ਦਾ ਇਹ ਪਹਿਲਾ ਮਾਮਲਾ ਹੈ। ਮੁਕੱਦਮੇ ਦੇ ਹਿੱਸੇ ਵਜੋਂ ਸਕਾਟ ਗ੍ਰਾਹਮ ਹਾਲ ਨੂੰ 5 ਸਾਲ ਦੀ ਪ੍ਰੋਬੇਸ਼ਨ ਦੀ ਸੇਵਾ 'ਚ ਰਹਿਣਾ ਪਵੇਗਾ ਅਤੇ ਨਾਲ ਹੀ ਅਦਾਲਤ ਨੇ ਉਸ ਨੂੰ ਕਾਰਵਾਈ ਦੌਰਾਨ ਸਬੂਤ ਪੇਸ਼ ਕਰਨ ਦੀ ਇਜਾਜ਼ਤ ਦਿੱਤੀ। ਅਦਾਲਤ ਨੇ ਉਸ ਨੂੰ ਜਾਰਜੀਆ ਦੇ ਲੋਕਾਂ ਤੋਂ ਮੁਆਫ਼ੀ ਮੰਗਣ ਲਈ ਪੱਤਰ ਲਿਖਣ ਦਾ ਹੁਕਮ ਵੀ ਦਿੱਤਾ ਅਤੇ ਉਸ ਦੀ ਚੋਣ ਸਰਗਰਮੀਆਂ ਵਿਚ ਹਿੱਸਾ ਲੈਣ 'ਤੇ ਪਾਬੰਦੀ ਲਗਾ ਦਿੱਤੀ।


**MATRIMONIAL**

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

**MATRIMONIAL**

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

**MATRIMONIAL**

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319


## ਮੈਕਸੀਕੋ ਸਰਹੱਦ 'ਤੇ 27 ਪ੍ਰਵਾਸੀ ਲੋਕਾਂ ਨੂੰ ਲਿਜਾ ਰਿਹਾ ਟਰੱਕ ਪਲਟਿਆ; 10 ਪ੍ਰਵਾਸੀ ਮਹਿਲਾਵਾਂ ਦੀ ਮੌਤ

ਤਾਪਾਚੁਲਾ/ਮੈਕਸੀਕੋ, (ਪੰਜਾਬ ਮੇਲ)- ਮੈਕਸੀਕੋ ਵਿਚ ਗੁਆਟੇਮਾਲਾ ਸਰਹੱਦ ਨੇੜੇ ਇਕ ਹਾਈਵੇਅ 'ਤੇ ਇਕ ਮਾਲ-ਵਾਹਕ ਟਰੱਕ ਦੇ ਪਲਟ ਜਾਣ ਕਾਰਨ ਉਸ ਵਿਚ ਸਵਾਰ ਘੱਟੋ-ਘੱਟ 10 ਮਹਿਲਾ ਪ੍ਰਵਾਸੀਆਂ ਦੀ ਮੌਤ ਹੋ ਗਈ ਅਤੇ 17 ਹੋਰ ਗੰਭੀਰ ਜ਼ਖ਼ਮੀ ਹੋ ਗਏ। ਹਾਦਸੇ ਵਿਚ ਮਰਨ ਵਾਲੀਆਂ ਸਾਰੀਆਂ ਔਰਤਾਂ ਕਿਊਬਾ ਦੀਆਂ ਨਾਗਰਿਕ ਸਨ। ਨੈਸ਼ਨਲ ਇਮੀਗ੍ਰੇਸ਼ਨ ਇੰਸਟੀਚਿਊਟ ਨੇ ਦੱਸਿਆ ਕਿ ਕਿਊਬਾ ਦੇ ਜਿਨ੍ਹਾਂ ਨਾਗਰਿਕਾਂ ਦੀ ਮੌਤ ਹੋਈ ਹੈ, ਉਹ ਸਾਰੀਆਂ ਔਰਤਾਂ ਸਨ ਅਤੇ ਉਨ੍ਹਾਂ ਵਿਚੋਂ ਇੱਕ ਦੀ ਉਮਰ 18 ਸਾਲ ਤੋਂ ਘੱਟ ਸੀ।



ਸੰਸਥਾ ਨੇ ਕਿਹਾ ਕਿ ਟਰੱਕ ਡਰਾਈਵਰ ਸਪੱਸ਼ਟ ਤੌਰ 'ਤੇ ਤੇਜ਼ ਰਫਤਾਰ ਨਾਲ ਵਾਹਨ ਚਲਾ ਰਿਹਾ ਸੀ ਅਤੇ ਉਸ ਨੇ ਵਾਹਨ ਦਾ ਕੰਟਰੋਲ ਗੁਆ ਦਿੱਤਾ। ਟਰੱਕ ਵਿਚ 27 ਪ੍ਰਵਾਸੀ ਸਵਾਰ ਸਨ। ਹਾਦਸੇ ਤੋਂ ਬਾਅਦ ਟਰੱਕ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਚਿਆਪਾਸ ਰਾਜ ਦੇ ਨਾਗਰਿਕ ਸੁਰੱਖਿਆ ਦਫ਼ਤਰ ਨੇ ਕਿਹਾ ਕਿ ਇਹ ਹਾਦਸਾ ਐਤਵਾਰ ਨੂੰ ਪੀਜੀਜਿਆਪਨ ਸ਼ਹਿਰ ਦੇ ਨੇੜੇ ਹਾਈਵੇਅ 'ਤੇ ਵਾਪਰਿਆ।

## ਭਾਰਤ ਵਿਚਲੇ ਅਮਰੀਕੀ ਸਫ਼ਾਰਤਖਾਨੇ ਵੱਲੋਂ ਇਸ ਸਾਲ 10 ਲੱਖ ਵੀਜ਼ੇ ਦੇਣ ਦਾ ਟੀਚਾ ਪੂਰਾ

**ਨਵੀਂ ਦਿੱਲੀ, (ਪੰਜਾਬ ਮੇਲ)-**ਭਾਰਤ ਵਿਚ ਅਮਰੀਕੀ ਮਿਸ਼ਨ ਨੇ ਇਸ ਸਾਲ 10 ਲੱਖ ਗੈਰ-ਪ੍ਰਵਾਸੀ ਵੀਜ਼ੇ ਦੇਣ ਦਾ ਆਪਣਾ ਟੀਚਾ ਪੂਰਾ ਕਰ ਲਿਆ ਹੈ। ਰਾਜਦੂਤ ਐਰਿਕ ਗਾਰਸੇਟੀ ਨੇ ਨਿੱਜੀ ਤੌਰ 'ਤੇ ਇਕ ਜੋੜੇ ਨੂੰ 10 ਲੱਖਵਾਂ ਵੀਜ਼ਾ ਸੌਂਪਿਆ ਹੈ, ਜੋ ਅਮਰੀਕਾ 'ਚ ਆਪਣੇ ਬੇਟੇ ਦੇ ਗ੍ਰੈਜੂਏਸ਼ਨ ਸਮਾਗਮ ਵਿਚ ਸ਼ਾਮਲ ਹੋਵੇਗਾ। ਲੇਡੀ ਹਾਰਡਿੰਗ ਕਾਲਜ ਦੀ ਸੀਨੀਅਰ ਸਲਾਹਕਾਰ ਡਾ. ਰੰਜੂ ਸਿੰਘ ਅਮਰੀਕੀ ਦੂਤਘਰ ਤੋਂ ਇਸ ਸਾਲ ਦਾ 10 ਲੱਖਵਾਂ ਵੀਜ਼ਾ ਮਿਲਣ ਬਾਰੇ ਈਮੇਲ ਪ੍ਰਾਪਤ ਕਰਕੇ ਬਹੁਤ ਖੁਸ਼ ਹੋਈ। ਉਸ ਦੇ ਪਤੀ ਪੁਨੀਤ ਦਰਗਨ ਨੂੰ ਅਗਲਾ ਵੀਜ਼ਾ ਦਿੱਤਾ ਗਿਆ। ਇਹ ਜੋੜਾ ਮਈ 2024 ਵਿਚ ਅਮਰੀਕਾ ਦੀ ਯਾਤਰਾ ਕਰੇਗਾ।






ਪੰਜਾਬ ਮੇਲ USA


EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਭਾਰਤ ਵਿਰੋਧੀ ਏਜੰਡਾ ਚਲਾਉਣ ਵਾਲੇ ਇੰਟਰਨੈੱਟ ਮੀਡੀਆ ਅਕਾਊਂਟਸ ਪੁਲਿਸ ਦੀ ਰਡਾਰ 'ਤੇ!

**ਅੱਤਵਾਦੀ ਤੇ ਗੈਂਗਸਟਰ ਸਮਰਥਨ ਕਰਨ ਵਾਲੇ 1297 ਇੰਟਰਨੈੱਟ ਮੀਡੀਆ ਅਕਾਊਂਟਸ ਕੀਤੇ ਬਲਾਕ**

**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤ ਵਿਰੋਧੀ ਏਜੰਡਾ ਚਲਾਉਣ, ਅਪਰਾਧਿਕ ਗਤੀਵਿਧੀਆਂ ਵਿਚ ਇਸਤੇਮਾਲ ਇੰਟਰਨੈੱਟ ਮੀਡੀਆ ਅਕਾਊਂਟਸ ਚੰਡੀਗੜ੍ਹ ਪੁਲਿਸ ਦੀ ਇਕ ਵਿਸ਼ੇਸ਼ ਯੂਨਿਟ ਦੇ ਰਡਾਰ 'ਤੇ ਹਨ। ਇਸ ਤਰ੍ਹਾਂ ਦੇ ਇੰਟਰਨੈੱਟ ਮੀਡੀਆ ਅਕਾਊਂਟਸ ਦੇ ਜ਼ਰੀਏ ਫੈਲਦੇ ਅਪਰਾਧ ਨੂੰ ਖਤਮ ਕਰਨ ਵਿਚ ਪੁਲਿਸ ਜੁੱਟ ਗਈ ਹੈ। ਪੁਲਿਸ ਨੇ ਇਕ ਸਾਲ ਵਿਚ 1297 ਇੰਟਰਨੈੱਟ ਮੀਡੀਆ ਅਕਾਊਂਟਸ ਬਲਾਕ ਕਰਵਾਏ ਹਨ। ਇਹ ਅਕਾਊਂਟਸ ਅੱਤਵਾਦੀ, ਖਾਲਿਸਤਾਨੀ ਤੇ ਗੈਂਗਸਟਰਾਂ ਦੀਆਂ ਗਤੀਵਿਧੀਆਂ 'ਚ ਸਰਗਰਮ ਸੀ। ਇਸ ਵਿਚ ਖਾਲਿਸਤਾਨ, ਅੱਤਵਾਦੀਆਂ ਤੇ ਗੈਂਗਸਟਰ ਲਾਰੈਂਸ ਬਿਸ਼ਨੋਈ, ਕਾਲਾ ਰਾਣਾ ਜਠੇੜੀ, ਨੀਰਜ ਬਵਾਨਾ, ਦੇਵੇਂਦਰ ਬੰਬੀਹਾ ਗਰੁੱਪ ਵਿਚ ਸਮਰਥਨ ਵਿਚ ਫੋਟੋ, ਵੀਡੀਓ ਤੇ ਹੋਰ ਤਰ੍ਹਾਂ ਦੀ ਪੋਸਟ ਕਰਨ ਵਾਲੇ ਅਕਾਊਂਟ ਸ਼ਾਮਲ ਹਨ। ਉਥੇ ਹੀ, ਪੁਲਿਸ ਦੇ ਸੰਯੁਕਤ ਟੀਮ ਦੀ ਰਡਾਰ 'ਤੇ 591 ਅਕਾਊਂਟਸ ਹਨ। ਇਨ੍ਹਾਂ ਨੂੰ ਬਲਾਕ ਕਰਵਾਉਣ ਦੀ ਕਾਨੂੰਨੀ ਪ੍ਰਕਿਰਿਆ ਪੁਲਿਸ ਵੱਲੋਂ ਜਾਰੀ ਹੈ।

ਚੰਡੀਗੜ੍ਹ ਪੁਲਿਸ ਦੇ ਅਨੁਸਾਰ ਅੱਤਵਾਦੀ ਤੇ ਖਾਲਿਸਤਾਨ ਗਤੀਵਿਧੀਆਂ ਰੋਕਣ 'ਚ ਸਰਗਰਮ ਆਪਰੇਸ਼ਨ ਸੈੱਲ ਯੂਨਿਟ, ਸਾਈਬਰ ਸੈੱਲ ਤੇ ਸੀ.ਆਈ.ਡੀ. ਟੀਮ ਦੀ ਇਕ ਸੰਯੁਕਤ ਟੀਮ ਗਠਿਤ ਹੈ। ਸੀ.ਆਈ.ਡੀ. ਵੱਲੋਂ ਮਿਲਣ ਵਾਲੇ ਇਸ ਤਰ੍ਹਾਂ ਦੇ ਇੰਟਰਨੈੱਟ ਮੀਡੀਆ ਅਕਾਊਂਟਸ ਨੂੰ ਆਪਰੇਸ਼ਨ ਸੈੱਲ ਦੀ ਟੀਮ ਜਾਂਚ ਕਰਦੀ ਹੈ। ਇਸ ਤੋਂ ਬਾਅਦ ਭਾਰਤ ਵਿਰੋਧੀ ਗਤੀਵਿਧੀਆਂ 'ਚ ਸ਼ਾਮਲ ਖਾਲਿਸਤਾਨੀ, ਅੱਤਵਾਦੀ ਤੇ ਦੇਸ਼ ਦੇ ਅੰਦਰ ਕਾਨੂੰਨ ਵਿਵਸਥਾ ਵਿਗਾੜਨ ਵਾਲੇ ਗੈਂਗਸਟਰ ਦੇ ਪੱਖ ਵਿਚ ਪੋਸਟ ਕਰਨ ਵਾਲੀ ਦੀ ਸੂਚੀ ਸਾਈਬਰ ਸੈੱਲ ਨੂੰ ਸੌਂਪੀ ਜਾਂਦੀ ਹੈ। ਇਸ ਤੋਂ ਬਾਅਦ ਸਾਈਬਰ ਸੈੱਲ ਦੀ ਟੀਮ ਤਕਨੀਕੀ ਤੇ ਕਾਨੂੰਨੀ ਪ੍ਰਕਿਰਿਆ ਦੇ ਜ਼ਰੀਏ ਫੇਸਬੁੱਕ, ਵ੍ਹਟਸਅੱਪ, ਯੂ-ਟਿਊਬ, ਇਸਟਾਗ੍ਰਾਮ ਸਮੇਤ ਹੋਰ ਇੰਟਰਨੈੱਟ ਮੀਡੀਆ 'ਤੇ ਸਰਗਰਮ ਅਕਾਊਂਟਸ ਨੂੰ ਬਲਾਕ ਕਰਵਾਉਂਦੀ ਹੈ।

ਪੁਲਿਸ ਦੀ ਸਾਂਝੀ ਟੀਮ ਨੇ ਸਤੰਬਰ 2022 ਤੋਂ ਸਤੰਬਰ 2023 ਤੱਕ ਇਸ ਤਰ੍ਹਾਂ ਦੇ ਸਰਗਰਮ ਅਕਾਊਂਟਸ ਦੀ ਪਛਾਣ ਕਰ ਕੇ ਬੰਦ ਕਰਵਾਇਆ ਹੈ। ਪਹਿਲੀ ਵਾਰ ਵਿਚ 96, ਦੂਜੀ ਵਾਰ ਵਿਚ 427, ਤੀਜੀ ਵਾਰ ਵਿਚ 331 ਤੇ ਚੌਥੀ ਵਾਰ ਵਿਚ 443 ਸਮੇਤ ਕੁਲ 1888 ਅਕਾਊਂਟਸ ਨੂੰ ਵੈਰੀਫਾਈ ਕੀਤਾ ਹੈ। ਇਸ ਤਰ੍ਹਾਂ ਦੇ ਅੱਤਵਾਦੀ, ਖਾਲਿਸਤਾਨੀ ਤੇ ਗੈਂਗਸਟਰ ਦੇ ਗਰੁੱਪ ਵੀ ਬਣਾ ਕੇ ਬਲਾਕ ਦੀ ਪ੍ਰਕਿਰਿਆ ਸ਼ੁਰੂ ਕਰਵਾਈ।

## ਅਮਰੀਕਾ-ਮੈਕਸੀਕੋ ਸਰਹੱਦ 'ਤੇ ਪ੍ਰਵਾਸੀਆਂ ਦੀ ਆਮਦ 'ਚ ਲਗਾਤਾਰ ਵਾਧਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੂਬੇ ਟੈਕਸਾਸ ਦੇ ਸਰਹੱਦੀ ਸ਼ਹਿਰ ਈਗਲ ਪਾਸ ਵਿਚ ਘੱਟੋ-ਘੱਟ 4,000 ਪ੍ਰਵਾਸੀ ਦਾਖਲ ਹੋ ਗਏ, ਜਿਸ ਮਗਰੋਂ ਗਵਰਨਰ ਗ੍ਰੇਗ ਐਬੋਟ ਨੂੰ ਅਮਰੀਕਾ-ਮੈਕਸੀਕੋ ਸਰਹੱਦ 'ਤੇ 'ਹਮਲੇ' ਦੀ ਸਥਿਤੀ ਦਾ ਐਲਾਨ ਕਰਨ ਪਿਆ। ਸਰਹੱਦ ਵਿਚ ਦਾਖਲ ਹੁੰਦੇ ਇਨ੍ਹਾਂ ਪ੍ਰਵਾਸੀਆਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਸਮਾਚਾਰ ਏਜੰਸੀ ਸ਼ਿਨਹੂਆ ਦੀ ਰਿਪੋਰਟ ਮੁਤਾਬਕ ਰਿਪਬਲਿਕਨ ਗਵਰਨਰ ਨੇ ਐਕਸ 'ਤੇ ਕਿਹਾ ਕਿ "ਮੈਂ ਅਧਿਕਾਰਤ ਤੌਰ 'ਤੇ ਬਾਇਡਨ ਦੀਆਂ ਨੀਤੀਆਂ ਕਾਰਨ ਸਾਡੀ ਸਰਹੱਦ 'ਤੇ ਹਮਲੇ ਦਾ ਐਲਾਨ ਕੀਤਾ ਹੈ"। ਉਸਨੇ ਵਾਰ-ਵਾਰ ਵ੍ਹਾਈਟ ਹਾਊਸ ਦੀ ਸਰਹੱਦ ਨੀਤੀ ਨੂੰ "ਅਸਫਲ" ਕਰਾਰ ਦਿੰਦੇ ਹੋਏ ਕਿਹਾ ਕਿ "ਅਸੀਂ ਇੱਕ ਸਰਹੱਦੀ ਕੰਧ, ਰੇਜ਼ਰ ਤਾਰ ਅਤੇ ਸਮੁੰਦਰੀ ਰੁਕਾਵਟਾਂ ਬਣਾ ਰਹੇ ਹਾਂ।

## ਗ੍ਰੰਥੀ ਸਿੰਘ ਨੇ ਅਮਰੀਕੀ ਪ੍ਰਤੀਨਿਧੀ ਸਭਾ ਦੀ ਕਾਰਵਾਈ ਅਰਦਾਸ ਨਾਲ ਸ਼ੁਰੂ ਕਰਵਾਕੇ ਰਚਿਆ ਇਤਿਹਾਸ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਨਿਊਜਰਸੀ ਦੇ ਇਕ ਸਿੱਖ ਗ੍ਰੰਥੀ ਨੇ ਹਾਊਸ ਆਫ ਰਿਪ੍ਰਜ਼ੈਂਟੇਟਿਵ ਦੀ ਕਾਰਵਾਈ ਸ਼ੁਰੂ ਕਰਨ ਲਈ ਅਰਦਾਸ ਕੀਤੀ, ਜੋ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ। ਨਿਊਜਰਸੀ ਦੇ ਪਾਈਨ ਹਿੱਲ ਗੁਰਦੁਆਰੇ ਦੇ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਨੇ ਸ਼ੁੱਕਰਵਾਰ ਨੂੰ ਸਦਨ ਵਿਚ ਅਰਦਾਸ ਕਰਕੇ ਦਿਨ ਦੀ ਕਾਰਵਾਈ ਸ਼ੁਰੂ ਕੀਤੀ। ਆਮ ਤੌਰ 'ਤੇ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਇੱਕ ਪਾਦਰੀ ਪ੍ਰਾਰਥਨਾ ਕਰਦਾ ਹੈ। ਸਦਨ ਦੇ ਸਪੀਕਰ ਕੇਵਿਨ ਮੈਕਕਾਰਥੀ ਨੇ ਐਲਾਨ ਕੀਤਾ ਕਿ ਸਿੰਘ ਕਾਰਵਾਈ ਸ਼ੁਰੂ ਕਰਨਗੇ।


ਅਰਦਾਸ ਤੋਂ ਤੁਰੰਤ ਬਾਅਦ ਕਾਂਗਰਸਮੈਨ ਡੋਨਾਲਡ ਨੌਰਕਰੌਸ ਨੇ ਇਸ ਨੂੰ ਇਤਿਹਾਸਕ ਮੌਕਾ ਦੱਸਿਆ। ਸਿੰਘ ਅਮਰੀਕਾ ਦੇ ਪ੍ਰਤੀਨਿਧੀ ਸਭਾ (ਸੰਸਦ ਦੇ ਹੇਠਲੇ ਸਦਨ) ਵਿਚ ਅਰਦਾਸ ਕਰਨ ਵਾਲੇ ਪਹਿਲੇ ਸਿੱਖ ਗ੍ਰੰਥੀ ਹਨ। ਨੌਰਕਰੌਸ ਨੇ ਕਿਹਾ, "ਅੱਜ ਰਚਿਆ ਗਿਆ ਇਤਿਹਾਸ ਇਹ ਯਾਦ ਦਿਵਾਉਂਦਾ ਹੈ ਕਿ ਅਮਰੀਕਾ ਧਰਮ ਦੇ ਸੁਤੰਤਰ ਪ੍ਰਗਟਾਵੇ ਦਾ ਸੁਆਗਤ ਕਰਦਾ ਹੈ ਅਤੇ ਉਸ ਨੂੰ ਅਹਿਮੀਅਤ ਦਿੰਦਾ ਹੈ ਅਤੇ ਹਮੇਸ਼ਾ ਇਸ ਲਈ ਵਚਨਬੱਧ ਰਹੇਗਾ। ਗਿਆਨੀ ਸਿੰਘ ਨੇ ਅੱਜ ਸਾਊਥ ਜਰਸੀ ਨੂੰ ਮਾਣ ਮਹਿਸੂਸ ਕਰਾਇਆ ਹੈ ਅਤੇ ਉਨ੍ਹਾਂ ਨਾਲ ਇਸ ਪਲ ਦਾ ਹਿੱਸਾ ਬਣਨਾ ਮਾਣ ਵਾਲੀ ਗੱਲ ਹੈ।"

## ਫਰਿਜ਼ਨੋ ਬਣਿਆ ਨਸਲ ਆਧਾਰਿਤ ਭੇਦਭਾਵ 'ਤੇ ਪਾਬੰਦੀ ਲਗਾਉਣ ਵਾਲਾ ਅਮਰੀਕਾ ਦਾ ਦੂਜਾ ਸ਼ਹਿਰ

**ਵਾਸ਼ਿੰਗਟਨ, (ਪੰਜਾਬ ਮੇਲ)-** ਕੈਲੀਫੋਰਨੀਆ 'ਚ ਫਰਿਜ਼ਨੋ ਜਾਤੀ ਆਧਾਰਿਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲਾ ਦੂਜਾ ਅਮਰੀਕੀ ਸ਼ਹਿਰ ਬਣ ਗਿਆ ਹੈ। ਨਗਰ ਕੌਂਸਲ ਨੇ ਆਪਣੇ ਮਿਊਂਸਪਲ ਕੋਡ ਵਿਚ ਦੋ ਨਵੀਆਂ ਸ਼੍ਰੇਣੀਆਂ ਜੋੜ ਕੇ ਇਸ ਸਬੰਧੀ ਸਰਬਸੰਮਤੀ ਨਾਲ ਮਤਾ ਪਾਸ ਕੀਤਾ। ਇਸ ਤੋਂ ਪਹਿਲਾਂ ਫਰਵਰੀ ਵਿਚ ਸਿਆਟਲ ਨਸਲ ਆਧਾਰਿਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲਾ ਦੇਸ਼ ਦਾ ਪਹਿਲਾ ਸ਼ਹਿਰ ਬਣ ਗਿਆ ਸੀ। ਇਸ ਤੋਂ ਬਾਅਦ ਅਮਰੀਕੀ ਸੂਬੇ ਕੈਲੀਫੋਰਨੀਆ ਨੇ ਸਤੰਬਰ 'ਚ ਅਜਿਹਾ ਹੀ ਬਿੱਲ ਪਾਸ ਕੀਤਾ ਸੀ। ਜਾਣਕਾਰੀ ਮੁਤਾਬਕ ਇਹ ਕਦਮ ਦੇਸ਼ ਭਰ 'ਚ ਚੱਲ ਰਹੇ ਨਾਗਰਿਕ ਅਧਿਕਾਰਾਂ ਦੇ ਅੰਦੋਲਨ ਦੇ ਵਿਚਕਾਰ ਚੁੱਕਿਆ ਗਿਆ, ਜਿਸ ਦੀ ਅਗਵਾਈ ਮੁੱਖ ਤੌਰ 'ਤੇ ਦੱਖਣੀ ਏਸ਼ੀਆਈ ਅਮਰੀਕੀ ਕਰ ਰਹੇ ਹਨ। ਫਰਿਜ਼ਨੋ ਸਿਟੀ ਕਾਊਂਸਿਲ ਦੀ ਉਪ ਪ੍ਰਧਾਨ ਐਨਾਲਿਸਾ ਪੇਰੇਆ ਨੇ ਕਿਹਾ, "ਮੈਂ ਇੱਕ ਵਾਰ ਫਿਰ ਨਾਗਰਿਕ ਅਧਿਕਾਰਾਂ ਦੀ ਸੁਰੱਖਿਆ 'ਤੇ ਪਾਬੰਦੀ ਨੂੰ ਵਧਾਉਣ ਲਈ ਆਪਣੇ ਸ਼ਹਿਰ 'ਤੇ ਮਾਣ ਮਹਿਸੂਸ ਕਰ ਰਹੀ ਹਾਂ।" ਉਸਨੇ ਕਿਹਾ, "ਅਸੀਂ ਮੰਨਦੇ ਹਾਂ ਕਿ ਵਿਤਕਰਾ ਰਾਤੋ-ਰਾਤ ਖਤਮ ਨਹੀਂ ਹੁੰਦਾ ਹੈ, ਪਰ ਸਾਡੇ ਸਿਟੀ ਨੇ ਜਾਤੀ ਆਧਾਰਿਤ ਵਿਤਕਰੇ ਵਿਰੁੱਧ ਨਾਗਰਿਕ ਅਧਿਕਾਰਾਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਭੇਦਭਾਵ ਵਿਰੋਧੀ ਨੀਤੀ ਪਾਸ ਕਰਨ ਦਾ ਦਲੇਰਾਨਾ ਕਦਮ ਚੁੱਕਿਆ ਹੈ।"

## 1996 'ਚ ਕਤਲ ਕੀਤੇ ਮਸ਼ਹੂਰ ਅਮਰੀਕੀ ਰੈਪਰ ਸ਼ਕੂਰ ਦੀ ਹੱਤਿਆ ਦਾ ਮੁੱਖ ਮੁਲਜ਼ਮ ਗ੍ਰਿਫ਼ਤਾਰ

**ਲਾਸ ਵੇਗਾਸ (ਅਮਰੀਕਾ), (ਪੰਜਾਬ ਮੇਲ)-** 1996 ਵਿਚ ਅਮਰੀਕੀ ਰੈਪਰ ਟੂਪੈਕ ਸ਼ਕੂਰ ਦੇ ਕਤਲ ਦੇ ਮੁੱਖ ਸਾਜ਼ਿਸ਼ਕਰਤਾ ਨੂੰ ਅੱਜ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸ 'ਤੇ ਕਤਲ ਦਾ ਦੋਸ਼ ਲਾਇਆ ਗਿਆ। ਸਰਕਾਰੀ ਵਕੀਲਾਂ ਦਾ ਕਹਿਣਾ ਹੈ ਕਿ ਮੁਲਜ਼ਮ ਦੀ ਗ੍ਰਿਫਤਾਰੀ ਨਾਲ ਲੰਬੇ ਸਮੇਂ ਬਾਅਦ ਮਸ਼ਹੂਰ ਹਿੱਪ-ਹਾਪ ਕਲਾਕਾਰ ਦੇ ਕਤਲ ਦਾ ਭੇਤ



**ਟੂਪੈਕ ਸ਼ਕੂਰ ਦੀ ਫਾਈਲ ਫੋਟੋ।**

ਸੁਲਝਿਆ ਹੈ। ਡੁਆਨ 'ਕੀਫੇ ਡੀ' ਡੇਵਿਸ ਚਾਰ ਮਸ਼ਕੂਕਾਂ ਵਿਚੋਂ ਇੱਕ ਹੈ, ਜੋ ਸ਼ੁਰੂਆਤੀ ਤੌਰ 'ਤੇ ਜਾਂਚ ਦੇ ਅਧੀਨ ਸਨ। ਮੁਲਜ਼ਮ ਨੇ ਆਪ ਗੋਲੀ ਨਹੀਂ ਚਲਾਈ ਪਰ ਉਹ ਗਰੋਹ ਦਾ ਮੁੱਖ ਸਰਗਨਾ ਹੈ ਤੇ ਉਸ ਨੇ ਕਤਲ ਦੀ ਸਾਜ਼ਿਸ਼ ਰਚੀ ਸੀ।

60 ਸਾਲਾ ਡੇਵਿਸ ਨੂੰ ਅੱਜ ਸਵੇਰੇ ਲਾਸ ਵੇਗਾਸ ਦੇ ਬਾਹਰਵਾਰ ਆਪਣੇ ਘਰ ਦੇ ਨੇੜੇ ਸੈਰ ਕਰਦੇ ਹੋਏ ਗ੍ਰਿਫਤਾਰ ਕੀਤਾ ਗਿਆ। ਸ਼ਕੂਰ ਨੂੰ ਕਈ ਗੋਲੀਆਂ ਮਾਰੀਆਂ ਗਈਆਂ ਸਨ ਤੇ ਹਫ਼ਤੇ ਬਾਅਦ 25 ਸਾਲ ਦੀ ਉਮਰ ਵਿਚ ਉਸ ਦੀ ਮੌਤ ਹੋ ਗਈ ਸੀ।




# ਟਰੰਪ ’ਤੇ ਮੁਕੱਦਮਾ ਚਲਾਉਣ ਤੋਂ ਰੋਕੇ ਜਾਣ ’ਤੇ ਦੇਵਾਂਗਾ ਅਸਤੀਫਾ : ਅਟਾਰਨੀ ਜਨਰਲ ਗਾਰਬੈਂਡ



**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕਾ ਦੇ ਅਟਾਰਨੀ ਜਨਰਲ ਮੇਹਿਕ ਗਾਰਬੈਂਡ ਨੇ ਸਪੱਸ਼ਟ ਕਿਹਾ ਹੈ ਕਿ, ਜੇਕਰ ਰਾਸ਼ਟਰਪਤੀ ਜੋਅ ਬਾਇਡਨ ਨੂੰ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਪ੍ਰਮੁੱਖ ਉਮੀਦਵਾਰ ਡੋਨਾਲਡ ਟਰੰਪ ਖਿਲਾਫ ਮਾਮਲੇ ’ਚ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ, ਤਾਂ ਉਹ ਤੁਰੰਤ ਅਸਤੀਫਾ ਦੇ ਦੇਣਗੇ। ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਕਿ ਹਾਲਾਂਕਿ ਮੈਨੂੰ ਨਹੀਂ ਲੱਗਦਾ ਕਿ ਮੈਨੂੰ ਇਸ ਅਹੁਦੇ ’ਤੇ ਰੱਖਿਆ ਜਾਣਾ ਚਾਹੀਦਾ ਹੈ। ਸੀ.ਬੀ.ਐੱਸ. ਦੇ 300 ਮਿੰਟ ਦੇ ਪ੍ਰੋਗਰਾਮ ਵਿਚ ਉਨ੍ਹਾਂ ਕਿਹਾ, ਰਾਸ਼ਟਰਪਤੀ ਆਮ

> ■ **ਮੈਨੂੰ ਯਕੀਨ ਹੈ ਕਿ ਅਜਿਹਾ ਨਹੀਂ ਹੋਵੇਗਾ, ਪਰ ਜੇ ਅਜਿਹਾ ਹੁੰਦਾ ਹੈ, ਤਾਂ ਮੈਂ ਇਸ ਬਾਰੇ ਕੁਝ ਨਹੀਂ ਕਰਾਂਗਾ: ਸੀ.ਬੀ.ਐੱਸ. ਪ੍ਰੋਗਰਾਮ ’ਤੇ ਅਟਾਰਨੀ ਜਨਰਲ ਗਾਰਬੈਂਡ ਦਾ ਭਾਸ਼ਣ**

ਤੌਰ ’ਤੇ ਕਾਨੂੰਨੀ ਕਾਰਵਾਈਆਂ ਵਿਚ ਦਖਲ ਨਹੀਂ ਦਿੰਦੇ ਹਨ। ਰਾਸ਼ਟਰਪਤੀ ਆਪਣੇ ਬੇਟੇ ਹੰਟਰ ਵਿਰੁੱਧ ਟੈਕਸ ਚੋਰੀ ਦੇ ਦੋਸ਼ਾਂ ਅਤੇ ਬੰਦੂਕ ਰੱਖਣ ਦੇ ਦੋਸ਼ਾਂ ਤੋਂ ਭਗੌੜਾ ਰਹਿੰਦਾ ਹੈ। ਨਿਆਂ ਵਿਭਾਗ ਦੇ ਵਕੀਲ ਹਮੇਸ਼ਾ ਨਿਰਪੱਖ ਰਹੇ ਹਨ। ਅਤੇ ਉਹ ਫੈਸਲੇ ਲੈਣ ਵਿਚ ਵੀ ਪੱਖਪਾਤ ਤੋਂ ਦੂਰ ਰਹਿੰਦੇ ਹਨ। ਰਾਸ਼ਟਰਪਤੀ ਬਾਇਡਨ ਦੇ ਪੁੱਤਰ ਹੰਟਰ ਬਾਇਡਨ ਨੂੰ ਇਸ ਹਫਤੇ ਡੇਲਾਵੇਅਰ ਸੂਬੇ ਦੀ ਅਦਾਲਤ ਵਿਚ ਪੇਸ਼ ਕੀਤਾ ਜਾਣਾ ਹੈ। ਡੋਨਾਲਡ ਟਰੰਪ ’ਤੇ 2020 ਦੀਆਂ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਕੈਪੀਟੋਲ (ਯੂ.ਐੱਸ. ਹਾਊਸ ਆਫ ਰਿਪ੍ਰਜ਼ੈਂਟੇਟਿਵਜ਼) ’ਤੇ ਭੜਕਾਉਣ ਅਤੇ ਹਮਲਾ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਟਰੰਪ ’ਤੇ (ਆਪਣੇ ਰਾਸ਼ਟਰਪਤੀ ਦੇ ਕਾਰਜਕਾਲ ਦੌਰਾਨ) ਕਲਾਸੀਫਾਈਡ ਦਸਤਾਵੇਜ਼ਾਂ ਨੂੰ ਲੀਕ ਕਰਨ ਦਾ ਵੀ ਦੋਸ਼ ਹੈ। ਹਾਲਾਂਕਿ ਕਈ ਲੋਕ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਵੀ ਦੱਸਦੇ ਹਨ। ਇਸ ਦੇ ਮੱਦੇਨਜ਼ਰ, ਕਈਆਂ ਦਾ ਕਹਿਣਾ ਹੈ ਕਿ ਅਮਰੀਕਾ ਦੇ ਅਟਾਰਨੀ ਜਨਰਲ ਗਾਰਬੈਂਡ ਨੇ ਡੋਨਾਲਡ ਟਰੰਪ ਦੇ ਖਿਲਾਫ ਕਾਰਵਾਈ ਵਿਚ ਖੜ੍ਹੇ ਨਾ ਹੋਣ ਲਈ ਕਿਹਾ ਹੋ ਸਕਦਾ ਹੈ। ਹਾਲਾਂਕਿ ਇਹ ਤੈਅ ਹੈ ਕਿ 2024 ਨੂੰ ਹੋਣ ਵਾਲੀਆਂ ਅਮਰੀਕਾ ਦੀਆਂ ਚੋਣਾਂ ’ਤੇ ਕਾਫੀ ਅਸਰ ਪਵੇਗਾ।

# ਭਾਰਤ ਵੱਲੋਂ ਕੈਨੇਡਾ ਲਈ ਐਮਰਜੈਂਸੀ ਵੀਜ਼ਾ ਬੰਦ !

**ਨਵੀਂ ਦਿੱਲੀ, (ਪੰਜਾਬ ਮੇਲ)-**ਕੈਨੇਡਾ ਅਤੇ ਭਾਰਤ ਦਰਮਿਆਨ ਕੂਟਨੀਤਕ ਵਿਵਾਦ ਵੱਧਦਾ ਜਾ ਰਿਹਾ ਹੈ। ਇਸ ਵਿਵਾਦ ਕਾਰਨ ਵਿਦਿਆਰਥੀ ਅਤੇ ਆਮ ਲੋਕ ਯਾਤਰਾ ਰੁਕਾਵਟਾਂ ਦਾ ਸਾਹਮਣਾ ਕਰ ਰਹੇ ਹਨ। ਟੋਰਾਂਟੋ ਤੋਂ ਭਾਰਤ ਕੌਂਸਲ ਜਨਰਲ ਵਾਲੋਂ ਬੀਤੇ ਦਿਨੀਂ ਸਪੱਸ਼ਟ ਕਿਹਾ ਗਿਆ ਕਿ ਕੈਨੇਡਾ ਦੇ ਨਾਗਰਿਕ ਓਵਰਸੀਜ਼ ਇੰਡੀਅਨ ਸਿਟੀਜ਼ਨ (ਓ.ਸੀ.ਆਈ.) ਲਈ ਅਪਲਾਈ ਕਰ ਸਕਦੇ ਹਨ ਪਰ 21 ਸਤੰਬਰ ਤੋਂ ਬਾਅਦ ਆਰਜ਼ੀ ਵੀਜ਼ੇ ਬੰਦ ਹਨ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਇਹ ਵੀ ਕਿਹਾ ਕਿ ਐਮਰਜੈਂਸੀ ਵੀਜ਼ਾ ਵੀ ਬੰਦ ਹੈ। ਇਹ ਵੀ ਕਿਹਾ ਕਿ 21 ਸਤੰਬਰ ਤੋਂ ਪਹਿਲਾਂ ਜਾਰੀ ਕੀਤੇ ਵੀਜ਼ੇ ਭਾਰਤ ਜਾਣ ਲਈ ਵੈਧ ਹਨ ਅਤੇ ਓ.ਸੀ.ਆਈ. ਧਾਰਕ ਵੀ ਆਮ ਵਾਂਗ ਭਾਰਤ ਜਾ ਸਕਦੇ ਹਨ। ਅਜਿਹੀ ਸਥਿਤੀ ਵਿਚ ਬਹੁਤ ਸਾਰੇ ਲੋਕ ਅਜਿਹੇ ਹਨ, ਜੋ ਹਰੇਕ ਵਾਰ ਭਾਰਤ ਜਾਣ ਲਈ ਵੀਜ਼ਾ ਅਪਲਾਈ ਕਰਦੇ ਹਨ ਅਤੇ ਉਨ੍ਹਾਂ ਕੋਲ ਲੰਬੀ ਮਿਆਦ ਦੇ ਵੀਜ਼ੇ ਜਾਂ ਓ.ਸੀ.ਆਈ. ਨਹੀਂ ਹੈ। ਵੀਜ਼ੇ ਬੰਦ ਹੋਣ ਨਾਲ ਇਨ੍ਹਾਂ ਲੋਕਾਂ ਨੂੰ ਕਾਫ਼ੀ ਪਰੇਸ਼ਾਨੀਆਂ ਪੇਸ਼ ਆ ਰਹੀਆਂ ਹਨ ਕਿਉਂਕਿ ਨਵਾਂ ਵੀਜ਼ਾ ਅਪਲਾਈ ਨਹੀਂ ਕੀਤਾ ਜਾ ਸਕਦਾ। ਕੈਨੇਡਾ ਵਿਚ ਭਾਰਤੀ ਮੂਲ ਦੇ ਲੋਕਾਂ ਦੇ ਭਾਰਤ ਵਿਚ ਪਰਿਵਾਰ ਅਤੇ ਰਿਸ਼ਤੇਦਾਰ ਹਨ, ਕਿਸੇ ਜੀਅ ਦੇ ਬਿਮਾਰ ਹੋਣ ਜਾਂ ਮੌਤ ਹੋ ਜਾਣ ਦੀ ਸਥਿਤੀ ਵਿਚ ਕੈਨੇਡਾ ਤੋਂ ਭਾਰਤ ਜਾਣ ਲਈ ਅਕਸਰ ਐਮਰਜੈਂਸੀ ਵੀਜ਼ਾ ਅਪਲਾਈ ਕੀਤਾ ਜਾਂਦਾ ਹੈ, ਜੋ ਕਿ ਭਾਰਤੀ ਕੌਂਸਲਖਾਨੇ ਦੇ ਅਧਿਕਾਰੀ ਛੁੱਟੀ ਵਾਲੇ ਦਿਨ ਵੀ ਲਗਾ ਦਿੰਦੇ ਹਨ ਪਰ ਹੁਣ ਬਦਲੇ ਹਾਲਾਤ ਵਿਚ ਐਮਰਜੈਂਸੀ ਵੀਜ਼ਾ ਬੰਦ ਕਰ ਦਿੱਤਾ ਗਿਆ ਹੈ, ਜਿਸ ਕਰਕੇ ਕੈਨੇਡਾ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਚਿੰਤਾ ਵਧ ਗਈ

## ਕਾਨੂੰਨ ਕਮਿਸ਼ਨ 2029 ਤੋਂ ਲੋਕ ਸਭਾ ਤੇ ਵਿਧਾਨ ਸਭਾਵਾਂ ਚੋਣਾਂ ਇਕੋ ਵੇਲੇ ਕਰਾਉਣ ਲਈ ਤਿਆਰ ਕਰ ਰਿਹਾ ਹੈ ਫਾਰਮੂਲਾ

**ਨਵੀਂ ਦਿੱਲੀ, (ਪੰਜਾਬ ਮੇਲ)-** ਕਾਨੂੰਨ ਕਮਿਸ਼ਨ ਮੌਜੂਦਾ ਵਿਧਾਨ ਸਭਾਵਾਂ ਦੇ ਕਾਰਜਕਾਲ ਨੂੰ ਵਧਾ ਕੇ ਜਾਂ ਘਟਾ ਕੇ 2029 ਤੋਂ ਲੋਕ ਸਭਾ ਚੋਣਾਂ ਦੇ ਨਾਲ ਹੀ ਸਾਰੀਆਂ ਚੋਣਾਂ ਇਕੋ ਵੇਲੇ ਕਰਾਉਣ ਦੇ ਫਾਰਮੂਲੇ ’ਤੇ ਕੰਮ ਕਰ ਰਿਹਾ ਹੈ। ਸਰਕਾਰ ਨੇ ਲੋਕ ਸਭਾ, ਵਿਧਾਨ ਸਭਾਵਾਂ ਅਤੇ ਸਥਾਨਕ ਸੰਸਥਾਵਾਂ ਦੀਆਂ ਇੱਕੋ ਸਮੇਂ ਚੋਣਾਂ ਕਰਵਾਉਣ ਲਈ ਪਹਿਲਾਂ ਹੀ ਉੱਚ ਪੱਧਰੀ ਕਮੇਟੀ ਕਾਇਮ ਕੀਤੀ ਹੋਈ ਹੈ। ਇਸ ਲਈ ਕਾਨੂੰਨ ਕਮਿਸ਼ਨ ਨੂੰ ਕੌਮੀ ਅਤੇ ਸੂਬਾਈ ਚੋਣਾਂ ਲਈ ਆਪਣੀ ਮੌਜੂਦਾ ਸਿਫ਼ਾਰਸ਼ ਦੇ ਨਾਲ-ਨਾਲ ਸਥਾਨਕ ਚੋਣਾਂ ਵੀ ਸ਼ਾਮਲ ਕਰਨ ਬਾਰੇ ਵਿਚਾਰ ਕਰਨ ਲਈ ਕਿਹਾ ਜਾ ਸਕਦਾ ਹੈ।

## ਦੇਸ਼ ਦੇ ਕੁੱਲ 107 ਸੰਸਦ ਮੈਂਬਰਾਂ ਤੇ ਵਿਧਾਇਕਾਂ ਖ਼ਿਲਾਫ਼ ਨਫਰਤੀ ਤਕਰੀਰ ਦੇ ਕੇਸ

**ਨਵੀਂ ਦਿੱਲੀ, (ਪੰਜਾਬ ਮੇਲ)-** ਚੋਣ ਅਧਿਕਾਰ ਸੰਸਥਾ ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ (ਏ.ਡੀ.ਆਰ.) ਅਨੁਸਾਰ ਦੇਸ਼ ਦੇ ਕੁੱਲ 107 ਸੰਸਦ ਮੈਂਬਰਾਂ ਤੇ ਵਿਧਾਇਕਾਂ ਖ਼ਿਲਾਫ਼ ਨਫਰਤੀ ਤਕਰੀਰਾਂ ਦੇ ਕੇਸ ਹਨ ਤੇ ਅਜਿਹੇ ਕੇਸਾਂ ਵਾਲੇ 480 ਉਮੀਦਵਾਰਾਂ ਨੇ ਪਿਛਲੇ ਪੰਜ ਸਾਲਾਂ ’ਚ ਚੋਣ ਲੜੀ ਹੈ। ਏਡੀਆਰ ਤੇ ਨੈਸ਼ਨਲ ਇਲੈਕਸ਼ਨ ਵਾਚ (ਐੱਨ.ਈ.ਡਬਲਯੂ.) ਨੇ ਉਕਤ ਮਿਆਦ ਅੰਦਰ ਦੇਸ਼ ’ਚ ਹੋਈਆਂ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ’ਚ ਨਾਕਾਮ ਉਮੀਦਵਾਰਾਂ ਤੋਂ ਇਲਾਵਾ ਸਾਰੇ ਮੌਜੂਦਾ ਸੰਸਦ ਮੈਂਬਰਾਂ ਤੇ ਵਿਧਾਇਕਾਂ ਦੇ ਸਵੈ-ਘੋਸ਼ਣਾ ਪੱਧਰਾਂ ਦਾ ਵਿਸ਼ਲੇਸ਼ਣ ਕੀਤਾ ਹੈ।

# ਤੇਜ਼ੀ ਨਾਲ ਬੁੱਢਾ ਹੋ ਰਿਹਾ ਹੈ ਨੌਜਵਾਨ ਭਾਰਤ



**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਵਿਚ ਬਜ਼ੁਰਗਾਂ ਦੀ ਆਬਾਦੀ ਬੜੀ ਤੇਜ਼ੀ ਨਾਲ ਵਧ ਰਹੀ ਹੈ ਅਤੇ ਇਸ ਸਦੀ ਦੇ ਮੱਧ ਤੱਕ ਇਹ ਬੱਚਿਆਂ ਦੀ ਆਬਾਦੀ ਨੂੰ ਪਾਰ ਕਰ ਸਕਦੀ ਹੈ। ਇਹ ਜਾਣਕਾਰੀ ਸੰਯੁਕਤ ਰਾਸ਼ਟਰ ਆਬਾਦੀ ਫੰਡ (ਯੂ.ਐੱਨ.ਐੱਫ.ਪੀ.ਏ.) ਦੀ ਨਵੀਂ ਰਿਪੋਰਟ ਵਿਚ ਸਾਹਮਣੇ ਆਈ ਹੈ। ਰਿਪੋਰਟ ਵਿਚ ਕਿਹਾ ਹੈ ਕਿ ਆਉਣ ਵਾਲੇ ਦਹਾਕਿਆਂ ਵਿਚ ਨੌਜਵਾਨ ਭਾਰਤ ਤੇਜ਼ੀ ਨਾਲ ਬੁਢਾਪੇ ਵਾਲੇ ਸਮਾਜ ਵਿਚ ਬਦਲ ਜਾਵੇਗਾ। ਭਾਰਤ ਦੁਨੀਆਂ ਵਿਚ ਅੱਲ੍ਹੜਾਂ ਅਤੇ ਨੌਜਵਾਨਾਂ ਦੀ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੈ। ਯੂ.ਐੱਨ.ਐੱਫ.ਪੀ.ਏ. ਦੀ ‘ਇੰਡੀਆ ਏਜਿੰਗ ਰਿਪੋਰਟ 2023’ ਅਨੁਸਾਰ ਕੌਮੀ ਪੱਧਰ ’ਤੇ ਬਜ਼ੁਰਗਾਂ (60 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ) ਦੀ ਹਿੱਸੇਦਾਰੀ 2021 ਵਿਚ 10.1 ਪ੍ਰਤੀਸ਼ਤ ਸੀ, ਜੋ 2036 ਵਿੱਚ 15 ਪ੍ਰਤੀਸ਼ਤ ਅਤੇ 2050 ਵਿੱਚ 20.8 ਪ੍ਰਤੀਸ਼ਤ ਤੱਕ ਵਧਣ ਦਾ ਅਨੁਮਾਨ ਹੈ। ਰਿਪੋਰਟ ਵਿਚ ਕਿਹਾ ਹੈ, ‘ਸਦੀ ਦੇ ਅੰਤ ਤੱਕ ਦੇਸ਼ ਦੀ ਕੁੱਲ ਆਬਾਦੀ ਵਿਚ ਬਜ਼ੁਰਗਾਂ ਦੀ ਗਿਣਤੀ 36 ਫੀਸਦੀ ਤੋਂ ਵੱਧ ਹੋ ਜਾਵੇਗੀ।”

# ਨਵਾਜ਼ ਸ਼ਰੀਫ 21 ਅਕਤੂਬਰ ਨੂੰ ਦੇਸ਼ ਵਾਪਸੀ ’ਤੇ ਰੈਲੀ ਨੂੰ ਕਰਨਗੇ ਸੰਬੋਧਨ



**ਇਸਲਾਮਾਬਾਦ, (ਪੰਜਾਬ ਮੇਲ)-** ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ 21 ਅਕਤੂਬਰ ਨੂੰ ਲੰਡਨ ਤੋਂ ਪਰਤਣ ਦੇ ਬਾਅਦ ਲਾਹੌਰ ਵਿਚ ਮੀਨਾਰ-ਏ-ਪਾਕਿਸਤਾਨ ’ਚ ਇਕ ਰੈਲੀ ਨੂੰ ਸੰਬੋਧਨ ਕਰਨ ਤੋਂ ਇਕ ਦਿਨ ਬਾਅਦ ਅਦਾਲਤ ਵਿਚ ਪੇਸ਼ ਹੋਣਗੇ। ਇਹ ਜਾਣਕਾਰੀ ਸ਼ੁੱਕਰਵਾਰ ਨੂੰ ਮੀਡੀਆ ’ਚ ਪ੍ਰਕਾਸ਼ਿਤ ਇਕ ਖ਼ਬਰ ’ਚ ਦਿੱਤੀ ਗਈ। ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ.ਐੱਮ.ਐੱਲ.-ਐੱਨ.) ਦੇ ਮੁਖੀ ਸ਼ਰੀ (73) ਮੀਨਾਰ-ਏ-ਪਾਕਿਸਤਾਨ ਵਿਚ ਇਕ ਰੈਲੀ ਨੂੰ ਸੰਬੋਧਨ ਕਰਨ ਤੋਂ ਬਾਅਦ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕਰਨਗੇ। ਪਾਕਿਸਤਾਨ ਆਬਜ਼ਰਵਰ ਅਖ਼ਬਾਰ ਨੇ ਪੀ.ਐੱਮ.ਐੱਲ.-ਐੱਨ. ਦੇ ਪੰਜਾਬ ਮੁਖੀ ਰਾਣਾ ਸਨਾਉੱਲ੍ਹਾ ਦੇ ਹਵਾਲੇ ਨਾਲ ਕਿਹਾ, “ਰੈਲੀ ’ਚ ਸ਼ਾਮਲ ਹੋਣ ਅਤੇ ਪਾਰਟੀ ਦਾ ਚੋਣ ਮੈਨੀਫੈਸਟੋ ਜਾਰੀ ਕਰਨ ਤੋਂ ਬਾਅਦ ਨਵਾਜ਼ ਸ਼ਰੀਫ ਅਗਲੇ ਦਿਨ ਅਦਾਲਤ ’ਚ ਪੇਸ਼ ਹੋਣਗੇ।” ਇਸ ਐਲਾਨ ਤੋਂ ਇਕ ਦਿਨ ਪਹਿਲਾਂ ਪਾਕਿਸਤਾਨ ਦੀ ਭ੍ਰਿਸ਼ਟਾਚਾਰ ਰੋਕੂ ਸੰਸਥਾ ਨੇ ਕਿਹਾ ਸੀ ਕਿ ਉਹ ਨਵਾਜ਼ ਸ਼ਰੀਫ ਦੀ ਅਗਲੇ ਮਹੀਨੇ ਪ੍ਰਸਤਾਵਿਤ ਘਰ ਵਾਪਸੀ ਤੋਂ ਪਹਿਲਾਂ ਉਨ੍ਹਾਂ ਖਿਲਾਫ ਘੱਟੋ-ਘੱਟ ਚਾਰ ਭ੍ਰਿਸ਼ਟਾਚਾਰ ਦੇ ਮਾਮਲਿਆਂ ਨੂੰ ਦੁਬਾਰਾ ਖੋਲ੍ਹ ਰਹੀ ਹੈ। ਸ਼ਰੀਫ ਨਵੰਬਰ 2019 ’ਚ ਇਲਾਜ ਲਈ ਵਿਦੇਸ਼ ਗਏ ਸਨ।






# ਸਿਆਟਲ ਦੇ ਕੈਂਟ ਸ਼ਹਿਰ 'ਚ ਟਾਕੋਟਵਿਸ਼ ਤੇ ਟਾਕੋ ਨਾਨ ਰੈਸਟੋਰੈਂਟ ਦਾ ਮੇਅਰ ਨੇ ਉਦਘਾਟਨ ਕੀਤਾ



ਕੈਂਟ ਦੀ ਮੇਅਰ ਟਾਕੋ ਟਵਿਸ਼ ਤੇ ਟਾਕੋ ਨਾਨ ਰੈਸਟੋਰੈਂਟ ਦਾ ਉਦਘਾਟਨ ਕਰਦੇ ਸਮੇਂ। ਟਾਕੋ ਟਵਿਸ਼ ਦੇ ਚਾਲਕ ਮੈਂਬਰ, ਸਤਵਿੰਦਰ ਕੌਰ ਤੇ ਹੀਰਾ ਸਿੰਘ ਭੁੱਲਰ ਖੜ੍ਹੇ ਦਿਖਾਈ ਦੇ ਰਹੇ ਹਨ।

ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-ਪੰਜਾਬੀ ਭਾਈਚਾਰੇ ਦੀ ਸਿਘਣੀ ਵਸੋਂ ਵਾਲੇ ਸ਼ਹਿਰ ਕੈਂਟ ਵਿਚ ਸ਼ਿਕਾਗੋ ਪੀਜ਼ਾ ਦੇ ਨਾਲ ਲੱਗਦੀ ਦੁਕਾਨ ਵਿਚ ਟਾਕੋ ਟਵਿਸਟ ਤੇ ਟਾਕੋ ਨਾਨ ਰੈਸਟੋਰੈਂਟ ਦਾ ਕੈਂਟ ਦੀ ਮੇਅਰ ਨੇ ਗ੍ਰਾਟ ਓਪਨਿੰਗ ਤੇ ਮੁੱਖ ਮਹਿਮਾਨ ਵਜੋਂ ਪਹੁੰਚ ਕੇ ਉਦਘਾਟਨ ਕੀਤਾ। ਇਸ ਮੌਕੇ ਕੈਂਟ ਕੌਂਸਲ ਮੈਂਬਰ ਸਤਵਿੰਦਰ ਕੌਰ ਵਿਸ਼ੇਸ਼ ਮਹਿਮਾਨ ਵਜੋਂ ਤੇ ਹੀਰਾ ਸਿੰਘ ਭੁੱਲਰ ਹਾਜ਼ਰ ਹੋਏ। ਇਸ ਤੋਂ ਇਲਾਵਾ ਦੂਰ-ਦੂਰ ਤੋਂ ਦੋਸਤ-ਮਿੱਤਰ ਨੇ ਕੈਂਟ ਦੇ ਪੰਜਾਬੀ ਭਾਈਚਾਰੇ ਦੇ ਪਤਵੰਤੇ ਲੋਕ ਪਹੁੰਚੇ। ਸਰੀ ਤੋਂ ਟੀ.ਵੀ. ਹੋਸਟ ਬਲਜਿੰਦਰ ਕੌਰ, ਰਣਜੀਤ ਸਿੰਘ ਰਿਸ਼ਤੇਦਾਰ, ਪਰਿਵਾਰ ਸਮੇਤ ਪਹੁੰਚੇ। ਕੈਂਟ ਦੀਆਂ ਮਾਣਮੱਤੀਆਂ ਸ਼ਖ਼ਸੀਅਤਾਂ ਗੁਰਦੀਪ ਸਿੰਘ ਸਿੱਧੂ, ਸਰਬਜੀਤ ਸਿੰਘ ਝੱਲੀ, ਜਗਰੂਪ ਸਿੰਘ, ਸੰਤੋਖ ਸਿੰਘ ਅਟਵਾਲ, ਹਰਦਿਆਲ ਸਿੰਘ ਚੀਮਾ, ਬਲਿਹਾਰ ਸਿੰਘ ਲੇਹਲ, ਲਾਲੀ ਸੰਧੂ ਤੇ ਰੇਡੀਓ ਪੰਜਾਬ ਦੀ ਟੀਮ ਨੂੰ ਸੁਖਪ੍ਰੀਤ ਸਿੰਘ ਮੱਲ੍ਹੀ ਨੇ ਪਹੁੰਚ ਕੇ ਸਮਾਰੋਹ ਦੀ ਸ਼ੋਭਾ ਵਧਾਈ। ਮਾਲਕ ਸੁਰਜੀਤ ਸਿੰਘ ਸਮਰਾ ਨੇ ਸਾਰੇ ਪਹੁੰਚੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਅਮਰੀਕਾ 'ਚ ਡਾ. ਅੰਬੇਡਕਰ ਦੀ 19 ਫੁੱਟ ਲੰਬੀ ਮੂਰਤੀ ਤਿਆਰ



ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)- ਡਾ: ਬਾਬਾ ਸਾਹਿਬ ਅੰਬੇਡਕਰ, ਜੋ ਭਾਰਤ ਦੀ ਸੰਵਿਧਾਨ ਸਭਾ ਵਿਚ ਡਰਾਫਟ ਕਮੇਟੀ ਦੇ ਚੇਅਰਮੈਨ ਅਤੇ ਸੰਵਿਧਾਨ ਦੇ ਨਿਰਮਾਤਾ ਵੀ ਸਨ, ਦੇ ਭਾਰਤ ਵਿਚ ਬਹੁਤ ਸਾਰੇ ਛੋਟੇ ਅਤੇ ਵੱਡੇ ਬੁੱਤ ਹਨ। ਹਾਲਾਂਕਿ ਭਾਰਤ ਤੋਂ ਬਾਹਰ ਅਮਰੀਕਾ ਦੇ ਸੂਬੇ ਮੈਰੀਲੈਂਡ 'ਚ ਡਾ. ਅੰਬੇਡਕਰ ਦੀ 19 ਫੁੱਟ ਲੰਬੀ ਮੂਰਤੀ ਤਿਆਰ ਕੀਤੀ ਗਈ ਹੈ। ਮੂਰਤੀ ਦਾ ਉਦਘਾਟਨ 14 ਅਕਤੂਬਰ ਨੂੰ ਕੀਤਾ ਜਾਵੇਗਾ। ਇਸ ਬੁੱਤ ਨੂੰ 'ਸਟੈਚੂ ਆਫ ਇਕਵਾਲਿਟੀ' (ਸਮਾਨਤਾ ਦੀ ਮੂਰਤੀ) ਦਾ ਨਾਂ ਦਿੱਤਾ ਗਿਆ ਹੈ। ਡਾ. ਅੰਬੇਡਕਰ ਦੀ ਇਸ ਮਸ਼ਹੂਰ ਮੂਰਤੀ ਨੂੰ ਮਸ਼ਹੂਰ ਕਲਾਕਾਰ ਅਤੇ ਬੁੱਤ ਕਲਾਕਾਰ ਰਾਮ ਸੁਤਾਰ ਨੇ ਡਿਜ਼ਾਈਨ ਕੀਤਾ ਹੈ। ਗੁਜਰਾਤ ਵਿਚ ਇੱਕ ਤਰਖਾਣ ਨੇ ਸਰਦਾਰ ਪਟੇਲ ਦੀ ਮੂਰਤੀ ਬਣਾਈ। ਇਹ ਮੂਰਤੀ ਅੰਬੇਡਕਰ ਇੰਟਰਨੈਸ਼ਨਲ ਸੈਂਟਰ (ਏ.ਆਈ.ਸੀ.) ਦਾ ਹਿੱਸਾ ਹੈ, ਜੋ ਮੈਰੀਲੈਂਡ ਦੇ ਅਕੋਕੀਕ ਸ਼ਹਿਰ ਵਿਚ 13 ਏਕੜ ਜ਼ਮੀਨ ਵਿਚ ਬਣਾਇਆ ਜਾ ਰਿਹਾ ਹੈ। ਇਹ ਭਾਰਤ ਤੋਂ ਬਾਹਰ ਡਾ. ਅੰਬੇਡਕਰ ਦੀ ਸਭ ਤੋਂ ਵੱਡੀ ਮੂਰਤੀ ਹੈ। ਵ੍ਹਾਈਟ ਹਾਊਸ ਤੋਂ 21 ਮੀਲ ਦੂਰ ਅਕੋਕੇਕ ਕਸਬੇ ਵਿਚ ਸਥਾਪਿਤ ਕੀਤੀ ਗਈ ਮੂਰਤੀ ਹੈਦਰਾਬਾਦ ਵਿਚ ਹਾਲ ਹੀ ਵਿਚ ਖੋਲ੍ਹੀ ਗਈ ਮੂਰਤੀ ਵਰਗੀ ਹੈ। ਇਸ ਪ੍ਰੋਗਰਾਮ ਵਿਚ ਅਮਰੀਕਾ ਅਤੇ ਦੁਨੀਆਂ ਦੇ ਕਈ ਹਿੱਸਿਆਂ ਤੋਂ ਅੰਬੇਡਕਰਵਾਦੀ ਲਹਿਰ ਦੇ ਨੁਮਾਇੰਦਿਆਂ ਅਤੇ ਇਸਦੇ ਪੈਰੋਕਾਰਾਂ ਦੇ ਵੱਡੀ ਗਿਣਤੀ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਹੈ। ਇਹ ਯਾਦਗਾਰ ਡਾ. ਅੰਬੇਡਕਰ ਦੇ ਸਿੱਖਿਆ ਦੇ ਵਿਚਾਰਾਂ ਨੂੰ ਫੈਲਾਏਗੀ, ਬਰਾਬਰੀ ਅਤੇ ਮਨੁੱਖੀ ਅਧਿਕਾਰਾਂ ਦੇ ਪ੍ਰਤੀਕਾਂ ਨੂੰ ਪ੍ਰਦਰਸ਼ਿਤ ਕਰੇਗੀ। ਮੂਰਤੀ ਦੇ ਉਦਘਾਟਨ ਮੌਕੇ ਵੱਖ-ਵੱਖ ਦੇਸ਼ਾਂ ਦੇ ਪ੍ਰਤੀਨਿਧਾਂ ਦੇ ਆਉਣ ਦੀ ਸੰਭਾਵਨਾ ਹੈ।

# ਅਮਰੀਕੀ ਸਰਹੱਦ 'ਤੇ ਗ਼ੈਰ-ਕਾਨੂੰਨੀ ਤਰੀਕੇ ਨਾਲ ਘੁਸਪੈਠ ਕਰਦੇ ਹੋਏ 8,900 ਪ੍ਰਵਾਸੀ ਗ੍ਰਿਫਤਾਰ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੀ ਦੱਖਣੀ ਸਰਹੱਦ 'ਤੇ ਖ਼ਤਰੇ ਅਤੇ ਦੇਸ਼ ਨਿਕਾਲੇ ਦੇ ਬਾਵਜੂਦ, ਦੁਨੀਆਂ ਭਰ ਤੋਂ ਲੋਕਾਂ ਦੀ ਭੀੜ ਇਕੱਠੀ ਹੋ ਰਹੀ ਹੈ। ਬ੍ਰਾਜ਼ੀਲ, ਬੁਰਕੀਨਾ ਫਾਸੋ, ਉਜ਼ਬੇਕਿਸਤਾਨ, ਭਾਰਤ ਅਤੇ ਦਰਜਨਾਂ ਹੋਰ ਦੇਸ਼ਾਂ ਦੇ ਹਜ਼ਾਰਾਂ ਲੋਕ ਅਮਰੀਕਾ ਦੀ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਅੰਦਾਜ਼ਾ ਹੈ ਕਿ ਹਰ ਰੋਜ਼ 9 ਹਜ਼ਾਰ ਤੋਂ ਵੱਧ ਲੋਕ ਗੈਰ-ਕਾਨੂੰਨੀ ਢੰਗ ਨਾਲ ਅਮਰੀਕੀ ਸਰਹੱਦਾਂ ਪਾਰ ਕਰ ਰਹੇ ਹਨ।

ਬਾਰਡਰ ਪੈਟਰੋਲ ਯੂਨੀਅਨ ਦੇ ਚੀਫ਼ ਬੈਂਡਲ ਜੁਡ ਨੇ ਕਿਹਾ ਕਿ ਬੀਤੇ ਹਫਤੇ ਬੁੱਧਵਾਰ ਨੂੰ 8,900 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਵੀਰਵਾਰ ਨੂੰ 8,360 ਲੋਕਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਦੇ ਹੋਏ ਗ੍ਰਿਫਤਾਰ ਕੀਤਾ ਗਿਆ। ਰੇਜ਼ਰ ਤਾਰ ਦੀਆਂ ਝਾੜੀਆਂ, ਦੇਸ਼ ਨਿਕਾਲੇ ਦੇ ਖ਼ਤਰੇ ਅਤੇ ਸਬਰ ਦੀ ਅਪੀਲ ਦੇ ਬਾਵਜੂਦ, ਮਰਦਾਂ, ਔਰਤਾਂ ਅਤੇ ਬੱਚਿਆਂ ਦੀ ਭੀੜ ਉਡੀਕ ਕਰਨ ਨੂੰ ਤਿਆਰ ਨਹੀਂ ਹੈ। ਸਥਿਤੀ ਇੱਕ ਮਾਨਵਤਾਵਾਦੀ ਅਤੇ ਰਾਜਨੀਤਿਕ ਸੰਕਟ ਪੈਦਾ ਕਰ ਰਹੀ ਹੈ, ਸਰਹੱਦੀ ਰਾਜਾਂ ਵਿਚ ਭੀੜ-ਭੜੱਕੇ ਵਾਲੇ ਪ੍ਰਵਾਸੀ ਪ੍ਰੋਸੈਸਿੰਗ ਸਹੂਲਤਾਂ ਤੋਂ ਲੈ ਕੇ ਵੱਡੇ ਅਮਰੀਕੀ ਸ਼ਹਿਰਾਂ 'ਚ ਦਾਖਲ ਹੋ ਰਹੇ ਹਨ।

ਸਥਿਤੀ ਵਿਗੜਦੀ ਦੇਖ ਕੇ ਮੈਕਸੀਕੋ ਦੇ ਰਾਸ਼ਟਰਪਤੀ ਆਂਡ੍ਰੇਸ ਮੈਨੁਅਲ ਲੋਪੇਜ਼ ਓਬਰਾਡੋਰ ਇਮੀਗ੍ਰੇਸ਼ਨ 'ਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਮਿਲਣ ਲਈ ਵਾਸ਼ਿੰਗਟਨ ਡੀ.ਸੀ. ਜਾਣਗੇ। ਇਹ ਬਿਆਨ ਉਦੋਂ ਆਇਆ ਹੈ, ਜਦੋਂ ਮੈਕਸੀਕੋ ਤੋਂ ਲੰਘਣ ਵਾਲੇ ਪ੍ਰਵਾਸੀਆਂ ਦੇ ਵਾਧੇ ਕਾਰਨ ਕੁਝ ਯੂ.ਐੱਸ.-ਮੈਕਸੀਕੋ ਸਰਹੱਦੀ ਕ੍ਰਾਸਿੰਗਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਇਸ ਨੇ ਮੈਕਸੀਕੋ ਦੀ ਸਭ ਤੋਂ ਵੱਡੀ ਰੇਲਵੇ ਕੰਪਨੀ ਨੂੰ ਲਗਭਗ 60 ਟ੍ਰੇਨਾਂ ਨੂੰ ਰੋਕਣ ਲਈ ਮਜਬੂਰ ਕੀਤਾ ਕਿਉਂਕਿ ਪ੍ਰਵਾਸੀ ਮਾਲ ਕਾਰਾਂ ਵਿਚ ਸਵਾਰ ਸਨ।

# ਬਰਤਾਨੀਆ ਸਰਕਾਰ ਵੱਲੋਂ ਵੀਜ਼ਾ ਫੀਸ 'ਚ ਵਾਧਾ ਹੋਇਆ ਲਾਗੂ

ਲੰਡਨ, (ਪੰਜਾਬ ਮੇਲ)- ਬਰਤਾਨੀਆ ਸਰਕਾਰ ਵੱਲੋਂ ਵੀਜ਼ਾ ਫੀਸ ਵਿਚ ਕੀਤਾ ਵਾਧਾ ਲਾਗੂ ਹੋ ਗਿਆ। ਹੁਣ ਦੁਨੀਆਂ ਭਰ ਦੇ ਲੋਕਾਂ ਨੂੰ ਛੇ ਮਹੀਨਿਆਂ ਤੋਂ ਘੱਟ ਸਮੇਂ ਦੇ ਵਿਜ਼ਿਟਰ ਵੀਜ਼ੇ ਲਈ 15 ਪੌਂਡ ਤੇ ਸਟੂਡੈਂਟ ਵੀਜ਼ੇ ਲਈ 127 ਪੌਂਡ ਜ਼ਿਆਦਾ ਖ਼ਰਚ ਕਰਨੇ ਪੈਣਗੇ। ਭਾਰਤ ਤੋਂ ਵੱਡੀ ਗਿਣਤੀ 'ਚ ਵਿਦਿਆਰਥੀ ਪੜ੍ਹਾਈ ਲਈ ਬਰਤਾਨੀਆ ਜਾਂਦੇ ਹਨ।

ਬਰਤਾਨਵੀ ਸੰਸਦ 'ਚ ਪਿਛਲੇ ਮਹੀਨੇ ਲਿਆਂਦੇ ਗਏ ਇਸ ਬਿੱਲ ਮੁਤਾਬਕ, ਗ੍ਰਹਿ ਮੰਤਰਾਲੇ ਨੇ ਕਿਹਾ ਕਿ ਇਸ ਬਦਲਾਅ ਦਾ ਮਤਲਬ ਹੈ ਕਿ ਵਿਜ਼ਿਟਰ ਵੀਜ਼ੇ ਲਈ ਅਪਲਾਈ ਕਰਨ ਦੀ ਫੀਸ ਅਗਲੇ ਮਹੀਨੇ ਤੋਂ 115 ਪੌਂਡ ਹੋ ਜਾਵੇਗੀ। ਇਸ ਤੋਂ ਇਲਾਵਾ ਦੇਸ਼ ਤੋਂ ਬਾਹਰ ਸਟੂਡੈਂਟ ਵੀਜ਼ੇ ਲਈ ਅਪਲਾਈ ਕਰਨ 'ਤੇ 490 ਪੌਂਡ ਫੀਸ ਦੇਣੀ ਪਵੇਗੀ, ਜਿਹੜੀ ਦੇਸ਼ 'ਚ ਅਪਲਾਈ ਕਰਨ ਲਈ ਵਸੂਲੀ ਜਾਣ ਵਾਲੀ ਰਾਸ਼ੀ ਦੇ ਬਰਾਬਰ ਹੋਵੇਗੀ। ਭਾਰਤੀ ਵਿਦਿਆਰਥੀ ਦੇਸ਼ ਦੇ ਸਭ ਤੋਂ ਵੱਡੇ ਕੌਮਾਂਤਰੀ ਵਿਦਿਆਰਥੀ ਭਾਈਚਾਰਿਆਂ 'ਚੋਂ ਇਕ ਹਨ। ਅੰਕੜਿਆਂ ਮੁਤਾਬਕ, 2021-22 'ਚ 1,20,000 ਤੋਂ ਜ਼ਿਆਦਾ ਭਾਰਤੀ ਵਿਦਿਆਰਥੀ ਬਰਤਾਨੀਆ 'ਚ ਪੜ੍ਹ ਰਹੇ ਹਨ। ਸਰਕਾਰ ਨੇ ਕਿਹਾ ਕਿ ਇਮੀਗ੍ਰੇਸ਼ਨ ਫੀਸ 'ਚ ਬਦਲਾਅ ਅਹਿਮ ਸੇਵਾਵਾਂ ਲਈ ਭੁਗਤਾਨ ਕਰਨ ਅਤੇ ਜਨਤਕ ਖੇਤਰ ਦੀ ਤਨਖ਼ਾਹ 'ਚ ਕੀਤੇ ਗਏ ਵਾਧੇ ਲਈ ਜ਼ਿਆਦਾ ਪੈਸੇ ਨੂੰ ਪਹਿਲ ਦੇਣ ਦੀ ਮਨਜ਼ੂਰੀ ਦੇਣ ਲਈ ਕੀਤੇ ਗਏ ਹਨ। ਇਸ ਦਾ ਐਲਾਨ ਬਰਤਾਨਵੀ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਜੁਲਾਈ 'ਚ ਕੀਤਾ ਸੀ।






# ਅਮਰੀਕਾ ਨੇ ਦਿਲ ਖੋਲ੍ਹ ਕੇ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਵੀਜ਼ੇ




ਨਵੀਂ ਦਿੱਲੀ, (ਪੰਜਾਬ ਮੇਲ)- ਅਮਰੀਕਾ ਨੇ ਇਸ ਗਰਮੀਆਂ ’ਚ ਭਾਰਤੀ ਵਿਦਿਆਰਥੀਆਂ ਨੂੰ ਰਿਕਾਰਡ ਗਿਣਤੀ ਵਿਚ 90,000 ਤੋਂ ਵੱਧ ਵੀਜ਼ੇ ਜਾਰੀ ਕੀਤੇ ਹਨ। ਭਾਰਤ ਵਿਚ ਅਮਰੀਕੀ ਦੂਤਘਰ ਨੇ ਸੋਮਵਾਰ ਨੂੰ ਟਵਿੱਟਰ ’ਤੇ ਲਿਖਿਆ “ਭਾਰਤ ਵਿਚ ਯੂ.ਐੱਸ. ਮਿਸ਼ਨ ਨੂੰ ਇਹ ਘੋਸ਼ਣਾ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਅਸੀਂ ਇਸ ਗਰਮੀਆਂ/ਜੂਨ, ਜੁਲਾਈ ਅਤੇ ਅਗਸਤ ਵਿਚ ਇੱਕ ਰਿਕਾਰਡ ਸੰਖਿਆ 90,000 ਤੋਂ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ ਹਨ। ਇਸ ਗਰਮੀਆਂ ਵਿਚ ਦੁਨੀਆਂ ਭਰ ਵਿਚ ਲਗਭਗ ਚਾਰ ਵਿਚੋਂ ਇੱਕ ਵਿਦਿਆਰਥੀ ਵੀਜ਼ਾ ਭਾਰਤ ਵਿਚ ਜਾਰੀ ਕੀਤਾ ਗਿਆ ਸੀ!”

ਇਸ ਮਗਰੋਂ ਅਮਰੀਕੀ ਦੂਤਘਰ ਨੇ ਫਿਰ ਉਨ੍ਹਾਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ, ਜਿਨ੍ਹਾਂ ਨੇ ਆਪਣੇ ਉੱਚ ਸਿੱਖਿਆ ਦੇ ਟੀਚਿਆਂ ਨੂੰ ਹਕੀਕਤ ਬਣਾਉਣ ਲਈ ਸੰਯੁਕਤ ਰਾਜ ਨੂੰ ਚੁਣਿਆ। ਹਾਲ ਹੀ ਵਿਚ ਭਾਰਤ ਵਿਚ ਸੰਯੁਕਤ ਰਾਜ ਦੇ ਰਾਜਦੂਤ ਐਰਿਕ ਗਾਰਸੇਟੀ ਨੇ ਕਿਹਾ ਕਿ ਪਹਿਲੀ ਵਾਰ ਟੂਰਿਸਟ ਵੀਜ਼ਾ ਇੰਟਰਵਿਊ ਲਈ ਉਡੀਕ ਸਮਾਂ 50 ਪ੍ਰਤੀਸ਼ਤ ਤੋਂ ਵੱਧ ਘਟਾ ਦਿੱਤਾ ਗਿਆ ਹੈ, ਜੋ ਕਿ 2023 ਲਈ ਮਿੱਥੇ ਟੀਚੇ ਲਈ ਘੱਟੋ-ਘੱਟ 10 ਲੱਖ ਵੀਜ਼ਿਆਂ ਦੀ ਪ੍ਰਕਿਰਿਆ ਕਰਦਾ ਹੈ।

ਆਈ.ਆਈ.ਟੀ. ਦਿੱਲੀ ਵਿਖੇ ਬੋਲਦਿਆਂ ਗਾਰਸੇਟੀ ਨੇ ਵੀਜ਼ਾ ਪ੍ਰੋਸੈਸਿੰਗ ਵਿਚ ਹੋਈ ਪ੍ਰਗਤੀ ਨੂੰ ਉਜਾਗਰ ਕਰਦੇ ਹੋਏ ਕਿਹਾ ਕਿ ਭਾਰਤ ਵਿਚ ਯੂ.ਐੱਸ. ਮਿਸ਼ਨ ਵਰਤਮਾਨ ਵਿਚ ਵੀਜ਼ਾ ਦੀ ਪ੍ਰਕਿਰਿਆ ਪਹਿਲਾਂ ਨਾਲੋਂ ਤੇਜ਼ੀ ਨਾਲ ਕੰਮ ਕਰ ਰਿਹਾ ਹੈ।

## ਸਫਾ 1 ਦਾ ਬਾਕੀ ਕੈਲੀਫੋਰਨੀਆ ’ਚ 27 ਸ਼ੱਕੀ ਗਿਰੋਹ ਮੈਂਬਰ ਗ੍ਰਿਫਤਾਰ;...

ਕੈਲੀਫੋਰਨੀਆ ਅਟਾਰਨੀ ਜਨਰਲ ਰਾਬ ਬੋਨਟਾ ਨੇ ਇਕ ਪ੍ਰੈੱਸ ਬਿਆਨ ਵਿਚ ਕਿਹਾ ਹੈ ਕਿ ਬਹੁਤ ਸਾਰੀਆਂ ਏਜੰਸੀਆਂ ਦੀ ਕੋਸ਼ਿਸ਼ ਦੇ ਸਿੱਟੇ ਵਜੋਂ ਇਹ ਸਫਲਤਾ ਮਿਲੀ ਹੈ। ਨਸ਼ੀਲੇ ਪਦਾਰਥਾਂ ਤੋਂ ਇਲਾਵਾ 30 ਹਥਿਆਰ ਵੀ ਬਰਾਮਦ ਹੋਏ ਹਨ। ਬਰਾਮਦ ਨਸ਼ੀਲੇ ਪਦਾਰਥਾਂ ਵਿਚ 72000 ਤੋਂ ਵਧ ਫੈਂਟਾਨਾਇਲ ਗੋਲੀਆਂ, 750 ਗ੍ਰਾਮ ਤੋਂ ਵਧ ਫੈਂਟਾਨਾਇਲ ਪਾਊਡਰ, 21 ਕਿਲੋਗ੍ਰਾਮ ਤੋਂ ਵਧ ਹੈਰੋਇਨ ਤੇ ਤਕਰੀਬਨ 65 ਕਿਲੋਗ੍ਰਾਮ ਮੈਥਫੈਟਾਮਾਈਨ ਨਸ਼ੀਲਾ ਪਦਾਰਥ ਸ਼ਾਮਲ ਹੈ। ਅਟਾਰਨੀ ਜਨਰਲ ਨੇ ਕਿਹਾ ਹੈ ਕਿ “ਆਪਰੇਸ਼ਨ ਸੇਫ ਹਾਰਬਰ” ਨੇ ਸੰਗਠਤ ਅਪਾਰਧੀ ਗਿਰੋਹਾਂ ਨੂੰ ਸਖਤ ਸੁਨੇਹਾ ਦਿੱਤਾ ਹੈ ਕਿ ਉਹ ਲਾਅ ਇਨਫੋਰਸਮੈਂਟ ਦੀ ਵਧੀਆ ਕੰਮ ਕਰਨ ਦੀ ਸ਼ਕਤੀ ਅੱਗੇ ਟਿਕ ਨਹੀਂ ਸਕਣਗੇ। ਹਾਲਾਂਕਿ ਅਟਾਰਨੀ ਜਨਰਲ ਨੇ ਪ੍ਰਸ਼ਾਸਨਿਕ ਕਾਰਨਾਂ ਕਾਰਨ ਗ੍ਰਿਫਤਾਰ ਸ਼ੱਕੀ ਮੈਂਬਰਾਂ ਦੇ ਗ੍ਰਿਰੋਹ ਦਾ ਨਾਂ ਨਹੀਂ ਦੱਸਿਆ ਹੈ ਪਰੰਤੂ ਉਨ੍ਹਾਂ ਕਿਹਾ ਕਿ ਅਸੀਂ ਖਤਰਨਾਕ ਨਸ਼ੀਲੇ ਪਦਾਰਥ ਤੇ ਹਥਿਆਰਾਂ ਤੋਂ ਲੋਕਾਂ ਨੂੰ ਸੁਰੱਖਿਅਤ ਕਰਨ ਵਿਚ ਸਫਲ ਹੋਏ ਹਾਂ।

## ਸਫਾ 1 ਦਾ ਬਾਕੀ ਭਾਰਤ ਵੱਲੋਂ ਕੈਨੇਡਾ ਨੂੰ 40 ਤੋਂ ਵੱਧ ਡਿਪਲੋਮੈਟ ਵਾਪਸ...

ਦਿੱਲੀ ਸਥਿਤ ਕੈਨੇਡਾ ਦੇ ਹਾਈ ਕਮਿਸ਼ਨ ਵਿਚ ਕਈ ਦਰਜਨ ਵੱਧ ਡਿਪਲੋਮੈਟ ਹਨ। ਕੈਨੇਡਾ ਵਿਚ ਵੱਡੀ ਗਿਣਤੀ ਭਾਰਤੀ ਮੂਲ ਦੇ ਲੋਕਾਂ ਦੀ ਮੌਜੂਦਗੀ ਕਾਰਨ ਵੱਡੇ ਕੌਂਸੁਲਰ ਸੈਕਸ਼ਨ ਦੀ ਲੋੜ ਪੈਂਦੀ ਹੈ। ਮੀਡੀਆ ਰਿਪੋਰਟ ਮੁਤਾਬਕ ਭਾਰਤ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਹ ਡਿਪਲੋਮੈਟ 10 ਅਕਤੂਬਰ ਤੱਕ ਵਾਪਸ ਨਾ ਗਏ, ਤਾਂ ਇਨ੍ਹਾਂ ਨੂੰ ਮਿਲਦੀ ‘ਡਿਪਲੋਮੈਟਿਕ ਇਮਿਊਨਿਟੀ’ (ਕੂਟਨੀਤਕ ਪੱਧਰ ’ਤੇ ਮਿਲਦੀ ਵਿਸ਼ੇਸ਼ ਸਹੂਲਤ) ਖ਼ਤਮ ਕਰ ਦਿੱਤੀ ਜਾਵੇਗੀ। ਰਿਪੋਰਟ ’ਚ ਕਿਹਾ ਗਿਆ ਹੈ ਕਿ ਕੈਨੇਡਾ ਦੇ ਭਾਰਤ ਵਿਚ 62 ਡਿਪਲੋਮੈਟ ਹਨ ਅਤੇ ਪਹਿਲਾਂ ਭਾਰਤ ਨੇ ਕਿਹਾ ਸੀ ਕਿ ਕੁੱਲ ਗਿਣਤੀ ਵਿਚੋਂ 41 ਘੱਟ ਕੀਤੇ ਜਾਣੇ ਚਾਹੀਦੇ ਹਨ। ਇਸ ਤੋਂ ਪਹਿਲਾਂ ਭਾਰਤ ਨੇ ਕੈਨੇਡਾ ਨੂੰ ਦੇਸ਼ ਵਿਚ ਆਪਣੀ ਕੂਟਨੀਤਕ ਮੌਜੂਦਗੀ ਨੂੰ ਘਟਾਉਣ ਲਈ ਕਿਹਾ ਸੀ। ਭਾਰਤ ਤੇ ਕੈਨੇਡਾ ਦੇ ਵਿਦੇਸ਼ ਮੰਤਰਾਲਿਆਂ ਨੇ ਇਸ ਮਾਮਲੇ ’ਤੇ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ ਹੈ। ਭਾਰਤ ਸਰਕਾਰ ਨੇ ਕੈਨੇਡੀਅਨ ਨਾਗਰਿਕਾਂ ਨੂੰ ਵੀਜ਼ਾ ਦੇਣਾ ਪਹਿਲਾਂ ਹੀ ਬੰਦ ਕੀਤਾ ਹੋਇਆ ਹੈ।

## ਸਫਾ 1 ਦਾ ਬਾਕੀ ਜੇ ਰਾਸ਼ਟਰਪਤੀ ਬਣਿਆ, ਤਾਂ ਸਟੋਰਾਂ ’ਚ ਰਹੀਆਂ ਲੁੱਟ...

ਦਿਨਾਂ ਦੌਰਾਨ ਕੈਲੀਫੋਰਨੀਆ ਵਿਚ SB-553 ਬਿੱਲ ਪੇਸ਼ ਕੀਤਾ ਗਿਆ, ਜੋ ਕਿ ਅਸੈਂਬਲੀ ਅਤੇ ਸੈਨੇਟ ਵੱਲੋਂ ਪਾਸ ਕਰ ਦਿੱਤਾ ਗਿਆ ਹੈ, ਜਿਸ ਉੱਪਰ ਗਵਰਨਰ ਦੇ ਦਸਤਖਤ ਹੋਣੇ ਬਾਕੀ ਹਨ। ਜੇ ਇਹ ਕਾਨੂੰਨ ਬਣ ਜਾਂਦਾ ਹੈ, ਤਾਂ ਲੁੱਟਾਂ-ਖੋਹਾਂ ਤੇ ਚੋਰੀਆਂ ਕਰਨ ਵਾਲਿਆਂ ਨੂੰ ਰਾਹਤ ਮਿਲੇਗੀ ਅਤੇ ਉਹ ਸ਼ਰੇਆਮ ਕਿਸੇ ਵੀ ਸਟੋਰ ਨੂੰ ਲੁੱਟ ਸਕਦੇ ਹਨ ਅਤੇ ਸਟੋਰ ਦਾ ਮਾਲਕ ਜਾਂ ਕਰਿੰਦਾ ਉਨ੍ਹਾਂ ਨੂੰ ਕੁਝ ਵੀ ਨਹੀਂ ਕਹਿ ਸਕਦਾ।

ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮਾਲਕਾਂ ਦੇ ਹੱਕ ਵਿਚ ਆਏ ਇਸ ਬਿਆਨ ਦੇ ਨਾਲ ਸਟੋਰ ਮਾਲਕਾਂ ਨੂੰ ਰਾਹਤ ਮਿਲੀ ਹੈ।

## ਸਫਾ 1 ਦਾ ਬਾਕੀ ਅਮਰੀਕੀ ਪ੍ਰਤੀਨਿਧੀ ਸਭਾ ਦੇ ਸਪੀਕਰ ਕੇਵਿਨ ਮੈਕਕਾਰਥੀ...

ਅਮਰੀਕਾ ’ਚ ਸ਼ਟਡਾਊਨ ਨੂੰ ਟਾਲਣ ਲਈ ਲਿਆਏ ਗਏ ਫੰਡਿੰਗ ਬਿੱਲ ਨੂੰ ਹਾਊਸ ਆਫ ਰਿਪ੍ਰਜ਼ੈਂਟੇਟਿਵ ’ਚ ਪਾਸ ਕਰਵਾਉਣ ’ਚ ਅਹਿਮ ਭੂਮਿਕਾ ਨਿਭਾਈ ਸੀ। ਰਿਪਬਲਿਕਨ ਸੰਸਦ ਮੈਂਬਰ ਉਸ ਦੇ ਇਸ ਕਦਮ ਤੋਂ ਨਾਰਾਜ਼ ਸਨ। ਇਸ ਕਾਰਨ ਉਨ੍ਹਾਂ ਨੇ ਮੈਕਕਾਰਥੀ ਨੂੰ ਸਪੀਕਰ ਦੇ ਅਹੁਦੇ ਤੋਂ ਹਟਾਉਣ ਦੇ ਪ੍ਰਸਤਾਵ ਦਾ ਸਮਰਥਨ ਕੀਤਾ। ਤੁਹਾਨੂੰ ਦੱਸ ਦੇਈਏ ਕਿ ਪ੍ਰਤੀਨਿਧੀ ਸਭਾ ਵਿਚ ਰਿਪਬਲਿਕਨ ਪਾਰਟੀ ਦਾ ਬਹੁਮਤ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਮੈਕਕਾਰਥੀ ਨੂੰ ਹਟਾਉਣ ਲਈ ਲਿਆਂਦੇ ਗਏ ਪ੍ਰਸਤਾਵ ਨੂੰ ਸਦਨ ਵਿਚ 216-210 ਵੋਟਾਂ ਦੇ ਫਰਕ ਨਾਲ ਪਾਸ ਕੀਤਾ ਗਿਆ। ਸੱਤ ਰਿਪਬਲਿਕਨ ਸੰਸਦ ਮੈਂਬਰਾਂ ਨੇ ਮੈਕਕਾਰਥੀ ਨੂੰ ਅਹੁਦੇ ਤੋਂ ਹਟਾਉਣ ਦੇ ਮਤੇ ਦੇ ਹੱਕ ਵਿਚ ਵੋਟ ਦਿੱਤੀ। ਇਨ੍ਹਾਂ ਵਿਚ ਐਂਡੀ ਬਿਗਸ, ਕੇਨ ਬਕ, ਟਿਮ ਬਰਚੇਟ, ਐਲੀ ਕ੍ਰੇਨ, ਮੈਟ ਗੇਟਜ਼, ਬੌਬ ਗੁੱਡ, ਨੈਨਸੀ ਮੇਸ ਅਤੇ ਮੈਟ ਰੋਸੇਂਡੇਲ ਸ਼ਾਮਲ ਹਨ। ਇਸ ਤੋਂ ਇਲਾਵਾ ਹਾਊਸ ਦੇ ਸਾਰੇ ਡੈਮੋਕਰੇਟਸ ਨੇ ਮੈਕਕਾਰਥੀ ਨੂੰ ਹਟਾਉਣ ਲਈ ਵੋਟ ਕੀਤਾ। ਹਾਲਾਂਕਿ ਮੈਕਕਾਰਥੀ ਨੇ ਡੈਮੋਕਰੇਟਿਕ ਸੰਸਦ ਮੈਂਬਰਾਂ ਨੂੰ ਉਸਦੇ ਹੱਕ ਵਿਚ ਵੋਟ ਪਾਉਣ ਦੀ ਅਪੀਲ ਕੀਤੀ। ਉਸਨੇ ਕਿਹਾ ਕਿ ਇਹ ਉਸਦੇ ਲਈ ਕੁਝ ਹੋਵੇਗਾ ਜੇਕਰ ਡੈਮੋਕਰੇਟਸ ਉਸਦੇ ਹੱਕ ਵਿਚ ਵੋਟ ਦਿੰਦੇ ਹਨ।

## ਸਫਾ 1 ਦਾ ਬਾਕੀ ਅਟਾਰਨੀ ਜਨਰਲ ਵੱਲੋਂ ਟਰੰਪ ਦੇ ਕਾਰੋਬਾਰ ਨੂੰ ਬੈਨ ਕਰਨ...

ਕਾਰੋਬਾਰ ਲਈ ਲੇਖਾਕਾਰ ਡੋਨਾਲਡ ਬੈਂਡਰ ਵੀ ਸ਼ਾਮਲ ਹੈ। ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਟਰੰਪ ਨੇ ਮੀਡੀਆ ਨੂੰ ਕਿਹਾ ਕਿ ਇਹ ਮਾਮਲਾ ਇੱਕ ਘੁਟਾਲਾ ਅਤੇ ਧੋਖਾ ਹੈ। ਇਹ ਜੇਮਜ਼ ਦੁਆਰਾ ਸਿਆਸੀ ਬਦਲਾਖੋਰੀ ਹੈ। ਦੁਪਹਿਰ ਦੇ ਖਾਣੇ ਦੇ ਬ੍ਰੇਕ ਦੌਰਾਨ ਉਸਨੇ ਲੈਟੀਆ ਜੇਮਸ ਨੂੰ ਭ੍ਰਿਸ਼ਟ ਅਤੇ ਲੋਕਾਂ ਨੂੰ ਨਿਊਯਾਰਕ ਤੋਂ ਬਾਹਰ ਕੱਢਣ ਲਈ ਭਿਆਨਕ ਦੱਸਿਆ।


ਇੰਨਾ ਹੀ ਨਹੀਂ, ਡੋਨਾਲਡ ਟਰੰਪ ਨੇ ਜੱਜ ਆਰਥਰ ਐਂਗੋਰੋਨ ’ਤੇ ਵੀ ਨਿਸ਼ਾਨਾ ਸਾਧਿਆ। ਉਸਨੇ ਜੱਜ ਨੂੰ ਇੱਕ ਪੱਖਪਾਤੀ ਡੈਮੋਕਰੇਟ ਕਿਹਾ ਅਤੇ ਉਸ ’ਤੇ 2024 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਦਖਲ ਦੇਣ ਲਈ ਕੇਸ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ। ਇੱਥੇ ਰਿਪਬਲਿਕਨ ਉਮੀਦਵਾਰ ਵਜੋਂ ਟਰੰਪ ਨੂੰ ਵੱਡੀ ਲੀਡ ਹਾਸਲ ਹੈ। ਟਰੰਪ ਨੇ ਪੱਤਰਕਾਰਾਂ ਨੂੰ ਕਿਹਾ, “ਇਹ ਇੱਕ ਜੱਜ ਹੈ, ਜਿਸਨੂੰ ਬਰਖਾਸਤ ਕੀਤਾ ਜਾਣਾ ਚਾਹੀਦਾ ਹੈ। ਉਸਨੂੰ ਅਹੁਦੇ ਤੋਂ ਹਟਾ ਦਿੱਤਾ ਜਾਣਾ ਚਾਹੀਦਾ ਹੈ”। ਜੇਮਸ ਨੇ ਟਰੰਪ ’ਤੇ ਮੈਨਹਟਨ ਵਿਚ ਉਸ ਦੇ ਟਰੰਪ ਟਾਵਰ ਪੈਂਟਹਾਊਸ ਅਪਾਰਟਮੈਂਟ, ਫਲੋਰੀਡਾ ਵਿਚ ਉਸ ਦੀ ਮਾਰ-ਏ-ਲਾਗੋ ਅਸਟੇਟ ਅਤੇ ਵੱਖਰੇ ਦਫਤਰ ਟਾਵਰਾਂ ਅਤੇ ਗੋਲਫ ਕਲੱਬਾਂ ਸਮੇਤ ਆਪਣੀ ਜਾਇਦਾਦ ਵਿਚ ਤੇਜ਼ੀ ਨਾਲ ਵਾਧਾ ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਟਰੰਪ ਨੇ ਆਪਣੀ ਸੰਪਤੀ 2.2 ਬਿਲੀਅਨ ਡਾਲਰ ਤੱਕ ਵਧਾ ਦਿੱਤੀ ਹੈ। ਜੇਮਸ ਦੇ ਦਫਤਰ ਦੇ ਇੱਕ ਵਕੀਲ ਕੇਵਿਨ ਵੈਲੇਸ ਨੇ ਆਪਣੇ ਸ਼ੁਰੂਆਤੀ ਬਿਆਨ ਵਿਚ ਕਿਹਾ, “ਇਹ ਆਮ ਵਾਂਗ ਕਾਰੋਬਾਰ ਨਹੀਂ ਹੈ ਅਤੇ ਇਹ ਇਸ ਤਰ੍ਹਾਂ ਨਹੀਂ ਹੈ ਕਿ ਪਾਰਟੀਆਂ ਇੱਕ ਦੂਜੇ ਨਾਲ ਕਿਵੇਂ ਪੇਸ਼ ਆਉਂਦੀਆਂ ਹਨ। ਇਹ ਮੁਆਫ਼ੀਯੋਗ ਅਪਰਾਧ ਨਹੀਂ ਹੈ। ਟਰੰਪ ਦੇ ਵਕੀਲ ਕ੍ਰਿਸਟੋਫਰ ਕਿੱਸੇ ਨੇ ਆਪਣੇ ਸ਼ੁਰੂਆਤੀ ਬਿਆਨ ਵਿਚ ਕਿਹਾ ਕਿ ਟਰੰਪ ਦੀ ਵਿੱਤੀ ਸਥਿਤੀ ਪੂਰੀ ਤਰ੍ਹਾਂ ਕਾਨੂੰਨੀ ਸੀ। ਜਿਸ ਨੇ ਕਿਹਾ, “ਉਸਨੇ ਅਸਲ ਵਿਚ ਰੀਅਲ ਅਸਟੇਟ ਨਿਵੇਸ਼ ਵਿਚ ਬਹੁਤ ਸਾਰਾ ਪੈਸਾ ਕਮਾਇਆ। ਉਸ ਦਾ ਧੋਖਾਧੜੀ ਕਰਨ ਦਾ ਕੋਈ ਇਰਾਦਾ ਨਹੀਂ ਸੀ। ਇਸ ਵਿਚ ਕੋਈ ਗੈਰ-ਕਾਨੂੰਨੀ, ਕੋਈ ਡਿਫਾਲਟ, ਕੋਈ ਉਲੰਘਣਾ ਨਹੀਂ ਸੀ, ਬੈਂਕਾਂ ’ਤੇ ਕੋਈ ਨਿਰਭਰਤਾ ਨਹੀਂ ਸੀ, ਕੋਈ ਅਨੁਚਿਤ ਫਾਇਦਾ ਨਹੀਂ ਸੀ ਅਤੇ ਕੋਈ ਪੀੜਤ ਨਹੀਂ ਸਨ।” ਇਕ ਹੋਰ ਅਟਾਰਨੀ ਅਲੀਨਾ ਹੱਬਾ ਨੇ ਜੱਜ ਐਂਗੋਰੋਨ ਨੂੰ ਦੱਸਿਆ ਕਿ ਟਰੰਪ ਦੀਆਂ ਜਾਇਦਾਦਾਂ “ਮੋਨਾ ਲੀਜ਼ਾ ਸੰਪਤੀਆਂ” ਹਨ, ਜਿਨ੍ਹਾਂ ਨੂੰ ਜੇਕਰ ਟਰੰਪ ਨੇ ਵੇਚਿਆ, ਤਾਂ ਉਸ ਨੂੰ ਪ੍ਰੀਮੀਅਮ ਕੀਮਤਾਂ ਮਿਲ ਸਕਦੀਆਂ ਹਨ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV ’ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port ’ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ ’ਚ ਵੇਖੋ ਅਤੇ ਰੇਡੀਓ ’ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV ’ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਅਦਾਲਤ ਨੇ ਸੁਖਪਾਲ ਖਹਿਰਾ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ 'ਚ ਭੇਜਿਆ



**ਫਾਜ਼ਿਲਕਾ/ਜਲਾਲਾਬਾਦ, (ਪੰਜਾਬ ਮੇਲ)**- ਭੁਲੱਥ ਵਿਧਾਨ ਸਭਾ ਸੀਟ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦਾ ਪੁਲਿਸ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਜਲਾਲਾਬਾਦ ਪੁਲਿਸ ਨੇ ਮੁੜ ਅਦਾਲਤ 'ਚ ਪੇਸ਼ ਕੀਤਾ ਗਿਆ। ਅਦਾਲਤ ਨੇ ਖਹਿਰਾ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਹੈ। ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਖਹਿਰਾ ਦੇ ਸਮਰਥਨ 'ਚ ਅਦਾਲਤ ਦੇ ਬਾਹਰ ਪਹੁੰਚੀ। ਇਸ ਦੇ ਨਾਲ ਹੀ ਐੱਸ.ਆਈ.ਟੀ. ਨੂੰ ਸੁਖਪਾਲ ਸਿੰਘ ਖਹਿਰਾ ਖ਼ਿਲਾਫ਼ ਸਬੂਤ ਮਿਲੇ ਹਨ, ਜਿਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਐੱਸ.ਆਈ.ਟੀ. ਨੂੰ ਸਬੂਤ ਮਿਲੇ ਹਨ, ਜੋ ਸੁਖਪਾਲ ਸਿੰਘ ਖਹਿਰਾ ਅਤੇ ਸਮੱਗਲਰ ਗੁਰਦੇਵ ਸਿੰਘ ਵਿਚਕਾਰ ਸੰਬੰਧਾਂ ਦਾ ਪਰਦਾਫਾਸ਼ ਕਰਦੇ ਹਨ। ਖਹਿਰਾ ਨੇ ਗੁਰਦੇਵ ਸਿੰਘ ਦੀ ਮਦਦ ਲਈ ਫਰੀਦਕੋਟ ਦੇ ਆਈ.ਜੀ. ਅਤੇ ਫਿਰੋਜ਼ਪੁਰ ਦੇ ਡੀ.ਆਈ.ਜੀ. ਨੂੰ ਫੋਨ ਕੀਤੇ ਸਨ। ਇਹੀ ਕਾਰਨ ਹੈ ਕਿ ਪੁਲਿਸ ਖਹਿਰਾ ਦਾ ਫੋਨ ਬਰਾਮਦ ਕਰਨਾ ਚਾਹੁੰਦੀ ਹੈ ਅਤੇ ਪੁਲਿਸ ਨੇ ਪਿਛਲੀ ਪੇਸ਼ੀ 'ਚ ਇਸ ਦੇ ਆਧਾਰ 'ਤੇ ਰਿਮਾਂਡ ਵੀ ਹਾਸਲ ਕੀਤਾ ਸੀ।

ਸੁਖਪਾਲ ਸਿੰਘ ਖਹਿਰਾ ਅਤੇ ਗੁਰਦੇਵ ਸਿੰਘ ਵਿਚਕਾਰ ਫੋਨ 'ਤੇ ਗੱਲਬਾਤ ਹੁੰਦੀ ਰਹਿੰਦੀ ਸੀ। ਸੁਖਪਾਲ ਸਿੰਘ ਖਹਿਰਾ ਦੇ ਕੁੱਲ 3 ਫੋਨ ਸਨ। ਪੁਲਿਸ ਇਨ੍ਹਾਂ ਮੋਬਾਈਲਾਂ ਨੂੰ ਬਰਾਮਦ ਕਰਨਾ ਚਾਹੁੰਦੀ ਹੈ।

ਜ਼ਿਕਰਯੋਗ ਹੈ ਕਿ ਭੁਲੱਥ ਦੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ 28 ਸਤੰਬਰ ਨੂੰ ਉਨ੍ਹਾਂ ਦੀ ਚੰਡੀਗੜ੍ਹ ਰਿਹਾਇਸ਼ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਹ ਗ੍ਰਿਫ਼ਤਾਰੀ ਚੰਡੀਗੜ੍ਹ ਪੁਲਿਸ ਨੇ ਨਹੀਂ, ਸਗੋਂ ਜਲਾਲਾਬਾਦ ਪੁਲਿਸ ਵੱਲੋਂ ਕੀਤੀ ਗਈ। ਪੁਲਿਸ ਅਨੁਸਾਰ ਇਹ ਕਾਰਵਾਈ ਖਹਿਰਾ ਖ਼ਿਲਾਫ 2015 ਦੇ ਐੱਨ.ਡੀ.ਪੀ.ਐੱਸ. ਮਾਮਲੇ 'ਚ ਕੀਤੀ ਗਈ ਹੈ। ਪੁਲਿਸ ਦਾ ਕਹਿਣਾ ਹੈ ਕਿ ਸੁਖਪਾਲ ਖਹਿਰਾ ਖ਼ਿਲਾਫ਼ ਨਸ਼ਾ ਤਸਕਰੀ (ਐੱਨ.ਡੀ.ਪੀ.ਐੱਸ. ਐਕਟ) ਦਾ ਪੁਰਾਣਾ ਮਾਮਲਾ ਸੀ, ਜਿਸ 'ਤੇ ਕਾਰਵਾਈ ਕਰਦੇ ਹੋਏ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਦੇ ਬਾਅਦ ਖਹਿਰਾ ਦਾ ਮੈਡੀਕਲ ਕਰਵਾਉਣ ਉਪਰੰਤ ਉਨ੍ਹਾਂ ਨੂੰ ਜਲਾਲਾਬਾਦ ਦੀ ਅਦਾਲਤ 'ਚ ਪੇਸ਼ ਕੀਤਾ ਗਿਆ, ਜਿੱਥੇ ਅਦਾਲਤ ਨੇ 2 ਦਿਨ ਦਾ ਰਿਮਾਂਡ ਦਿੱਤਾ ਗਿਆ ਅਤੇ ਮੁੜ ਅਦਾਲਤ ਵਿਚ ਪੇਸ਼ ਕਰਕੇ ਅਦਾਲਤ ਨੇ ਉਨ੍ਹਾਂ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਹੈ।

ਜਾਣਕਾਰੀ ਮੁਤਾਬਕ ਸੁਖਪਾਲ ਖਹਿਰਾ ਖ਼ਿਲਾਫ਼ 2015 ਦੇ ਇਕ ਪੁਰਾਣੇ ਡਰੱਗ ਮਾਮਲੇ 'ਚ ਜਾਂਚ ਚੱਲ ਰਹੀ ਸੀ।

# ਸਿੱਧੂ ਮੂਸੇਵਾਲਾ ਲਈ ਆਇਆ ਸੀ ਮੁਹਾਲੀ 'ਚ ਪੰਜਾਬ ਪੁਲਿਸ ਦੇ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਚਲਾਇਆ ਆਰ.ਪੀ.ਜੀ.



**ਨਵੀਂ ਦਿੱਲੀ, (ਪੰਜਾਬ ਮੇਲ)**- ਪਿਛਲੇ ਸਾਲ ਮੁਹਾਲੀ ਵਿਚ ਪੰਜਾਬ ਪੁਲਿਸ ਦੇ ਇੰਟੈਲੀਜੈਂਸ ਹੈੱਡਕੁਆਰਟਰ ਨੂੰ, ਜਿਸ ਆਰ.ਪੀ.ਜੀ. ਨਾਲ ਨਿਸ਼ਾਨਾ ਬਣਾਇਆ ਗਿਆ ਸੀ, ਅਸਲ ਵਿਚ ਗਾਇਕ ਅਤੇ ਰੈਪਰ ਸਿੱਧੂ ਮੂਸੇਵਾਲਾ ਲਈ ਸੀ। ਮੂਸੇਵਾਲਾ ਨੂੰ ਮਈ 2022 'ਚ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਦਿੱਲੀ ਪੁਲਿਸ ਦੇ ਸੂਤਰਾਂ ਨੇ ਇਹ ਖੁਲਾਸਾ ਕੀਤਾ ਹੈ। ਸੂਤਰ ਨੇ ਦੱਸਿਆ, 'ਆਰ.ਪੀ.ਜੀ. ਦੀ ਸਪਲਾਈ ਖਾਲਿਸਤਾਨੀ ਅੱਤਵਾਦੀ ਹਰਵਿੰਦਰ ਸਿੰਘ ਸੰਧੂ ਉਰਫ਼ ਰਿੰਦਾ ਵੱਲੋਂ ਕੀਤੀ ਗਈ ਸੀ ਅਤੇ ਅਸਲ ਵਿਚ ਇਸ ਦੀ ਵਰਤੋਂ ਸਿੱਧੂ ਮੂਸੇਵਾਲਾ ਦੀ ਹੱਤਿਆ ਕਰਨ ਲਈ ਉਦੋਂ ਕੀਤੀ ਜਾਣੀ ਸੀ, ਜਦੋਂ ਉਹ ਜਨਤਕ ਰੈਲੀ ਜਾਂ ਸਮਾਗਮ ਵਿਚ ਹੁੰਦਾ।' ਇਸ ਸਾਜ਼ਿਸ਼ ਵਿਚ ਤਬਦੀਲੀ ਆਈ ਅਤੇ ਗੈਂਗਸਟਰਾਂ ਅਤੇ ਅੱਤਵਾਦੀਆਂ ਨੇ ਮੁਹਾਲੀ ਹੈੱਡਕੁਆਰਟਰ ਨੂੰ ਨਿਸ਼ਾਨਾ ਬਣਾਉਣ ਵਿਚ ਇਸ ਦੀ ਵਰਤੋਂ ਕੀਤੀ। ਇਹ ਖ਼ੁਲਾਸਾ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਤੋਂ ਪੁੱਛ ਪੜਤਾਲ ਦੌਰਾਨ ਹੋਇਆ ਹੈ। ਰਿੰਦਾ ਦੀ ਮੌਤ ਨਵੰਬਰ ਵਿਚ ਲਾਹੌਰ ਦੇ ਮਿਲਟਰੀ ਹਸਪਤਾਲ ਵਿਚ ਕਥਿਤ ਨਸ਼ੇ ਦੀ ਓਵਰਡੋਜ਼ ਕਾਰਨ ਹੋਈ ਸੀ। ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਰਿੰਦਾ ਦੀ ਗ੍ਰਿਫ਼ਤਾਰੀ ਦੀ ਸੂਚਨਾ ਦੇਣ ਵਾਲੇ ਲਈ 10 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਸੀ।

PUNJAB MAIL USA
TV Channel, Newspaper, Radio
All over America, Canada, Australia & Europe
24 Hours 7 Days
Gold #2867, Gem #375, TV Zon #6888,
Glow TV #1828, Real TV etc.
You can also watch on our website: PunjabMailUSA.com
For any Information & Advertisement Call at
+1-916-280-8811 or +1-916-320-9444
E-mail: punjabmailtv@gmail.com Web: punjabmailusa.com

L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
ਵਾਨ ਵਾਲਾ ਮੰਜਾ ਸੇਲ 'ਤੇ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਾਮਾਨ
ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।
Red Label Tea 900 Gm $ 3.99
Bio Bidet Elite 2 $ 39.99+Tax (Smart Lota)
ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
only $ 41.99+Tax
ਇੰਡੀਆ ਤੋਂ Mattress ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।

Hardev Singh Visla Baksho Kaur Visla
530-671-0439, Fax-530-822-0439
cell- 530-844-3250.
ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕੇਟ ਮੁਫ਼ਤ
» ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
» ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
» ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇਥੋਂ ਖਰੀਦੋ।
ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਜਗ੍ਹਾ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ
ਲਾਈਨਿੰਗ
ਸੂੱਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ ਵਾਲੀ ਹੁਣ 1.79 ਡਾਲਰ ਪ੍ਰਤੀ ਗਜ ਦੀ ਖਰੀਦੋ
ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿੱਚ ਖਰੀਦੋ
buy 5 get one free

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਇੰਡੀਆ ਗੱਠਜੋੜ ਐੱਨ.ਡੀ.ਏ. ਅਤੇ ਭਾਰਤੀ ਜਨਤਾ ਪਾਰਟੀ ਲਈ ਚਿੰਤਾ ਦਾ ਵਿਸ਼ਾ

ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾ ਤੇ ਤਿੰਨ ਵਾਰ ਬਣੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ 2015 ਦੇ ਪੁਰਾਣੇ ਕੇਸ ਵਿਚ ਪੰਜਾਬ ਸਰਕਾਰ ਦੇ ਪੁਲਿਸ ਵਿਭਾਗ ਵੱਲੋਂ ਗ੍ਰਿਫ਼ਤਾਰ ਕਰਨ ਤੋਂ ਬਾਅਦ ਪੰਜਾਬ ਵਿਚ ਆਮ ਆਦਮੀ ਪਾਰਟੀ ਨਾਲ ਕਾਂਗਰਸ ਪਾਰਟੀ ਦੇ ਗੱਠਜੋੜ ਬਣਨ ਦੀ ਸੰਭਾਵਨਾ 'ਤੇ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਕਿਸੇ ਸਮੇਂ ਹਰ ਭਾਰਤੀ ਨਾਗਰਿਕ ਇੰਡੀਅਨ ਕਹਾਉਣ ਵਿਚ ਮਾਣ ਮਹਿਸੂਸ ਕਰਦਾ ਸੀ ਪ੍ਰੰਤੂ ਕੁਝ ਸਿਆਸੀ ਪਾਰਟੀਆਂ ਵੱਲੋਂ 'ਇੰਡੀਆ' (ਇੰਡੀਅਨ ਨੈਸ਼ਨਲ ਡਿਵੈਲਪਮੈਂਟ ਇਨਕੁਲੀਸਿਵ ਅਲਾਇੰਸ) ਗਠਜੋੜ ਬਣਾਉਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੂੰ ਇੰਡੀਆ ਕਹਿਣਾ ਤੇ ਲਿਖਣਾ ਚੰਗਾ ਨਹੀਂ ਲੱਗਦਾ। ਹੁਣ ਉਹ ਹਰ ਥਾਂ ਤੋਂ ਇੰਡੀਆ ਸ਼ਬਦ ਹਟਾਉਣ ਦੇ ਚੱਕਰਾਂ ਵਿਚ ਪਏ ਹੋਏ ਹਨ। ਪੰਜਾਬ ਕਾਂਗਰਸ ਦੇ ਨੇਤਾਵਾਂ ਵਿਚ ਇੰਡੀਆ ਗੱਠਜੋੜ ਦੇ ਬਣਨ ਨਾਲ ਸਿਆਸੀ ਸਮੀਕਰਨਾਂ ਦੇ ਬਦਲਣ ਦੀ ਚਿੰਤਾ ਬਣੀ ਹੋਈ ਹੈ। ਜਿਹੜੀ ਪਾਰਟੀ ਨਾਲ ਇੱਟ-ਖੜੱਕਾ ਚੱਲ ਰਿਹਾ ਹੋਵੇ ਤੇ ਇੱਟ-ਵੱਟੇ ਦਾ ਵੈਰ ਹੈ, ਉਸ ਨਾਲ ਗੱਠਜੋੜ ਕਰਕੇ ਚੋਣ ਲੜਨਾ ਬਹੁਤ ਮੁਸ਼ਕਲ ਹੁੰਦਾ ਹੈ। ਇਸ ਕਰਕੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਨੇਤਾਵਾਂ ਨੂੰ ਇਹ ਗੱਠਜੋੜ ਹਜ਼ਮ ਨਹੀਂ ਆ ਰਿਹਾ। ਆਮ ਆਦਮੀ ਪਾਰਟੀ ਇੱਕ ਮੰਤਰੀ ਨੇ ਵੀ ਵਿਰੋਧ ਕੀਤਾ ਹੈ ਪ੍ਰੰਤੂ ਆਮ ਆਦਮੀ ਪਾਰਟੀ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਵਾਗਤ ਕੀਤਾ ਹੈ। ਪੰਜਾਬ ਕਾਂਗਰਸ ਵਿਚ ਇਸ ਗੱਠਜੋੜ ਸੰਬੰਧੀ ਦੋ ਧੜੇ ਬਣੇ ਗਏ ਹਨ। ਇਕ ਧੜਾ ਇਸ ਗੱਠਜੋੜ ਨੂੰ ਕਾਂਗਰਸ ਹਾਈ ਕਮਾਂਡ ਦਾ ਆਤਮਘਾਤੀ ਫ਼ੈਸਲਾ ਗਰਦਾਨ ਰਿਹਾ ਹੈ। ਦੂਜਾ ਧੜਾ ਜਿਸ ਵਿਚ ਬਹੁਤੇ ਵਰਤਮਾਨ ਲੋਕ ਸਭਾ ਦੇ ਮੈਂਬਰ ਹਨ, ਉਹ ਇਸ ਗੱਠਜੋੜ ਨੂੰ ਕਾਂਗਰਸ ਪਾਰਟੀ ਲਈ ਵਰਦਾਨ ਸਮਝ ਰਿਹਾ ਹੈ। ਉਨ੍ਹਾਂ ਦੀ ਦਲੀਲ ਹੈ ਕਿ ਕਾਂਗਰਸ ਪੰਜਾਬ ਵਿਚੋਂ ਆਪਣਾ ਆਧਾਰ ਗੁਆ ਚੁੱਕੀ ਹੈ। ਇਸ ਲਈ ਆਮ ਆਦਮੀ ਪਾਰਟੀ ਜਿਸ ਦਾ ਅਕਸ ਅਜੇ ਤੱਕ ਸਾਫ਼-ਸੁਥਰਾ ਹੋਣ ਕਰਕੇ ਲੋਕਾਂ ਵਿਚ ਹਰਮਨ ਪਿਆਰੀ ਹੈ, ਕਾਂਗਰਸ ਪਾਰਟੀ ਨੂੰ ਸਾਰੀਆਂ ਸੀਟਾਂ ਜਿਤਾਉਣ ਦੇ ਸਮਰੱਥ ਹੈ। ਉਹ ਇਹ ਵੀ ਮਹਿਸੂਸ ਕਰ ਰਹੇ ਹਨ ਕਿ ਬਿਆਨਬਾਜ਼ੀ ਕਰਨ ਦਾ ਕੋਈ ਫਾਇਦਾ ਨਹੀਂ ਕਿਉਂਕਿ ਹਾਈ ਕਮਾਂਡ ਦਾ ਹੁਕਮ ਮੰਨਣਾ ਪੈਣਾ ਹੈ। ਇਸ ਗੱਠਜੋੜ ਨੇ ਕਾਂਗਰਸ ਨੇਤਾਵਾਂ ਦਾ ਕਾਟੋ-ਕਲੇਸ਼ ਹੋਰ ਵਧਾ ਦਿੱਤਾ ਹੈ, ਜਿਸ ਕਰਕੇ ਕਾਂਗਰਸ ਪਾਰਟੀ ਦੇ ਅਕਸ ਨੂੰ ਧੱਬਾ ਲੱਗ ਰਿਹਾ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵੀ ਕਾਂਗਰਸ ਦੀ ਆਪੋ-ਧਾਪੀ ਦੀ ਲੜਾਈ ਨੇ ਹੀ ਹਰਾਇਆ ਸੀ। ਕਾਂਗਰਸੀ ਅਜੇ ਵੀ ਸਬਕ ਸਿੱਖਣ ਲਈ ਤਿਆਰ ਨਹੀਂ। ਪੰਜਾਬ ਕਾਂਗਰਸ ਵਿਚ ਅੰਦਰਖਾਤੇ ਘਸਮਾਣ ਪਿਆ



ਹੋਇਆ ਹੈ। ਲੋਕ ਸਭਾ ਦੇ ਵਰਤਮਾਨ ਮੈਂਬਰਾਂ ਤੋਂ ਇਲਾਵਾ ਸਾਰੀ ਕਾਂਗਰਸ ਲੀਡਰਸ਼ਿਪ ਆਮ ਆਦਮੀ ਪਾਰਟੀ ਨਾਲ ਕਿਸੇ ਕਿਸਮ ਦਾ ਸਮਝੌਤਾ ਕਰਨ ਦੇ ਹੱਕ ਵਿਚ ਨਹੀਂ ਹੈ। ਉਨ੍ਹਾਂ ਨੂੰ ਡਰ ਹੈ ਕਿ ਦਿੱਲੀ ਦੀ ਤਰ੍ਹਾਂ ਜੇਕਰ ਆਮ ਆਦਮੀ ਪਾਰਟੀ ਨਾਲ ਸਮਝੌਤਾ ਕਰ ਲਿਆ, ਤਾਂ ਕਾਂਗਰਸ ਪਾਰਟੀ ਹਮੇਸ਼ਾ ਲਈ ਪੰਜਾਬ ਵਿਚੋਂ ਖ਼ਤਮ ਹੋ ਜਾਵੇਗੀ, ਜਿਵੇਂ ਦਿੱਲੀ ਵਿਚ ਹੋਇਆ ਹੈ। ਇਸ ਤੋਂ ਇਲਾਵਾ ਜਦੋਂ ਦੀ ਆਮ ਆਦਮੀ ਪਾਰਟੀ ਦੀ ਪੰਜਾਬ ਵਿਚ ਸਰਕਾਰ ਬਣੀ ਹੈ, ਉਦੋਂ ਤੋਂ ਹੀ ਪੰਜਾਬ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਉਸ ਦੇ ਨਿਸ਼ਾਨੇ 'ਤੇ ਹੈ। ਇਸ ਲਈ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਨਾਲ ਸਟੇਜਾਂ ਸਾਂਝੀਆਂ ਕਰਨੀਆਂ ਅਸੰਭਵ ਲੱਗਦੀਆਂ ਹਨ। ਸਟੇਜਾਂ ਤੋਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਨੇਤਾ ਇੱਕ ਦੂਜੀ ਪਾਰਟੀ ਦੇ ਉਮੀਦਵਾਰਾਂ ਲਈ ਵੋਟਾਂ ਕਿਵੇਂ ਮੰਗਣਗੇ? ਪ੍ਰੰਤੂ ਕਾਂਗਰਸ ਹਾਈ ਕਮਾਂਡ ਦੇਸ਼ ਦੇ ਵੱਡੇ ਹਿੱਤਾਂ ਨੂੰ ਮੁੱਖ ਰੱਖਕੇ ਪੰਜਾਬ ਵਿਚ ਕੀ ਸਾਰੇ ਦੇਸ਼ ਵਿਚ ਕੁਰਬਾਨੀ ਦੇਣ ਨੂੰ ਤਿਆਰ ਹੈ। ਸਰਬ ਭਾਰਤੀ ਕਾਂਗਰਸ ਆਪਣਾ ਵਕਾਰ ਮੁੜ ਬਹਾਲ ਕਰਨਾ ਚਾਹੁੰਦੀ ਹੈ। ਇਕੱਲਿਆਂ ਲੋਕ ਸਭਾ ਦੀਆਂ ਚੋਣਾਂ ਵਿਚ ਉਸ ਦੇ ਪੱਲੇ ਬਹੁਤਾ ਕੁਝ ਪੈਂਦਾ ਨਜ਼ਰ ਨਹੀਂ ਆ ਰਿਹਾ। ਉਹ ਵੀ ਔਖੇ ਹੋ ਕੇ ਅੱਕ ਚੱਬ ਰਹੀ ਹੈ। ਇੰਡੀਆ ਗੱਠਜੋੜ ਬਣਨ ਦਾ ਮੁੱਖ ਕਾਰਨ ਵਿਰੋਧੀ ਪਾਰਟੀਆਂ ਨੂੰ ਲੱਗਦਾ ਹੈ ਕਿ ਇਕੱਲੇ-ਇਕੱਲੇ ਚੋਣਾਂ ਲੜਨ ਨਾਲ ਉਹ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਐੱਨ.ਡੀ.ਏ. ਨੂੰ ਹਰਾ ਨਹੀਂ ਸਕਦੀਆਂ। ਪੰਜਾਬ ਦੇ ਕਾਂਗਰਸੀ ਨੇਤਾ ਭਾਵੇਂ ਜਿੰਨਾ ਮਰਜ਼ੀ ਰੌਲਾ ਪਾਈ ਜਾਣ, ਆਖ਼ਰ ਉਨ੍ਹਾਂ ਨੂੰ ਹਾਈ ਕਮਾਂਡ ਅੱਗੇ ਹਥਿਆਰ ਸੁੱਟਣੇ ਪੈਣੇ ਹਨ। ਉਨ੍ਹਾਂ ਨੂੰ ਦੰਦਾਂ ਹੇਠ ਜੀਭ ਦੇਣੀ ਹੀ ਪੈਣੀ ਹੈ। ਸਿਆਸੀ ਵਿਸ਼ਲੇਸ਼ਕ ਗੰਭੀਰਤਾ ਨਾਲ ਵੇਖ ਰਹੇ ਹਨ ਕਿ ਲੋਕ ਸਭਾ ਦੀਆਂ 2024 ਦੀਆਂ ਚੋਣਾਂ ਨੂੰ ਮੁੱਖ ਰੱਖਕੇ 28 ਵਿਰੋਧੀ ਪਾਰਟੀਆਂ ਦਾ (ਇੰਡੀਅਨ ਨੈਸ਼ਨਲ ਡਿਵੈਲਪਮੈਂਟ ਇਨਕੁਲੀਸਿਵ ਅਲਾਇੰਸ) ਅਰਥਾਤ 'ਇੰਡੀਆ' ਦੇ ਨਾਮ ਨਾਲ ਬਣਾਇਆ ਗੱਠਜੋੜ ਕੀ ਰੰਗ ਲਿਆਵੇਗਾ? ਇੰਡੀਆ ਗੱਠਜੋੜ ਦੀ ਲਗਾਤਾਰ ਤੇਜ਼ੀ ਨਾਲ ਚੱਲ ਰਹੀ ਸਰਗਰਮੀ ਨੂੰ ਭਾਰਤੀ ਜਨਤਾ ਪਾਰਟੀ ਬਹੁਤ ਹੀ ਸੰਜੀਦਗੀ ਨਾਲ ਲੈ ਰਹੀ ਹੈ। ਜੇ ਇਹ ਕਹਿ ਲਿਆ ਜਾਵੇ ਕਿ ਭਾਰਤੀ ਜਨਤਾ ਪਾਰਟੀ ਇਸ ਗੱਠਜੋੜ ਦੀ ਸਰਗਰਮੀ ਅਤੇ ਨਾਮ ਤੋਂ ਘਬਰਾਈ ਹੋਈ ਹੈ, ਤਾਂ ਕੋਈ ਅਤਕਥਨੀ ਨਹੀਂ ਹੋਵੇਗੀ, ਕਿਉਂਕਿ ਹੁਣੇ ਜਿਹੇ ਦੋ ਰੋਜ਼ਾ ਜੀ-20 ਸੰਮੇਲਨ ਦਿੱਲੀ ਵਿਖੇ ਹੋਇਆ ਸੀ, ਜਿਸ ਦੀ ਪ੍ਰਧਾਨਗੀ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਕੀਤੀ ਸੀ। ਪ੍ਰਧਾਨ ਮੰਤਰੀ ਦੇ ਅੱਗੇ ਜਿਹੜੀ ਪਲੇਟ ਰੱਖੀ ਹੋਈ ਸੀ, ਉਸ ਉਪਰ ਇੰਡੀਆ ਦੀ ਥਾਂ 'ਤੇ 'ਭਾਰਤ' ਲਿਖਿਆ ਹੋਇਆ ਸੀ। ਵਿਰੋਧੀ ਪਾਰਟੀਆਂ ਦੀ ਸਰਗਰਮੀ ਵਿਚ ਇਤਨੀ ਤੇਜ਼ੀ ਤੋਂ ਪਤਾ ਲੱਗਦਾ ਹੈ ਕਿ ਉਹ ਹਰ ਹਾਲਤ ਵਿਚ ਇਕੱਠੇ ਹੋ ਕੇ ਚੋਣ ਲੜਨਗੇ। ਇਸ ਗੱਠਜੋੜ ਦੀ ਸਥਾਪਨਾ ਮਹਿਜ਼ ਦੋ ਮਹੀਨੇ ਪਹਿਲਾਂ 23 ਜੂਨ, 2023 ਨੂੰ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਦੀ ਪ੍ਰਧਾਨਗੀ ਵਿਚ ਪਟਨਾ ਵਿਖੇ ਮੀਟਿੰਗ ਵਿਚ ਹੋਈ ਸੀ, ਜਿਸ ਵਿਚ 16 ਪਾਰਟੀਆਂ ਸ਼ਾਮਲ ਸਨ। ਦੂਜੀ ਮੀਟਿੰਗ ਕਰਨਾਟਕ ਦੇ ਬੰਗਲੌਰ ਵਿਖੇ ਸ਼੍ਰੀਮਤੀ ਸੋਨੀਆਂ ਗਾਂਧੀ ਦੀ ਪ੍ਰਧਾਨਗੀ ਵਿਚ ਹੋਈ, ਜਿਸ ਵਿਚ 26 ਪਾਰਟੀਆਂ ਦੇ ਨੇਤਾ ਸ਼ਾਮਲ ਹੋਏ, ਜਿਸ ਕਰਕੇ ਇੰਡੀਆ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)




ਗੱਠਜੋੜ ਨੂੰ ਹੌਂਸਲਾ ਮਿਲ ਗਿਆ। ਤੀਜੀ ਦੋ ਰੋਜ਼ਾ 31 ਅਗਸਤ 2023 ਅਤੇ 1 ਸਤੰਬਰ ਨੂੰ ਮਹਾਰਾਸ਼ਟਰ ਦੇ ਮੁੰਬਈ ਵਿਚ ਹੋਈ ਮੀਟਿੰਗ ਵਿਚ 28 ਪਾਰਟੀਆਂ ਸ਼ਾਮਲ ਹੋਈਆਂ, ਇਕ ਕੋਆਰਡੀਨੇਸ਼ਨ ਕਮੇਟੀ ਬਣਾਈ ਗਈ ਤੇ ਤਿੰਨ ਨੁਕਾਤੀ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ। ਜਿਹੜਾ ਤਿੰਨ ਨੁਕਾਤੀ ਪ੍ਰੋਗਰਾਮ ਹੈ, ਉਹ ਸਰਕਾਰ ਚਲਾ ਰਹੀ ਪਾਰਟੀ ਲਈ ਖ਼ਤਰੇ ਦੀ ਘੰਟੀ ਸਾਬਤ ਹੋ ਰਿਹਾ ਹੈ। **ਪਹਿਲਾ ਨੁਕਤਾ:** ਸਾਰੀਆਂ ਵਿਰੋਧੀ ਪਾਰਟੀਆਂ ਸੀਟਾਂ ਦੀ ਲੈਣ-ਦੇਣ ਦੇ ਆਧਾਰ 'ਤੇ ਏਕਤਾ ਦੀ ਭਾਵਨਾ ਨਾਲ ਤੁਰੰਤ ਮੀਟਿੰਗਾਂ ਕਰਕੇ ਫ਼ੈਸਲੇ ਕਰਨਗੀਆਂ, ਜੇਕਰ ਕਿਸੇ ਪਾਰਟੀ ਨੂੰ ਕੋਈ ਨਿੱਜੀ ਸੀਟ ਛੱਡਣੀ ਵੀ ਪਵੇਗੀ, ਤਾਂ ਵੱਡੇ ਆਦਰਸ਼ਾਂ ਲਈ ਕੁਰਬਾਨੀ ਦਿੱਤੀ ਜਾਵੇਗੀ। ਕੋਈ ਆਨਾ-ਕਾਨੀ ਨਹੀਂ ਹੋਵੇਗੀ। **ਦੂਜਾ ਨੁਕਤਾ:** ਰਾਜਾਂ ਵਿਚ ਸਾਂਝੀਆਂ ਰੈਲੀਆਂ ਕੀਤੀਆਂ ਜਾਣਗੀਆਂ। ਤੀਜਾ ਨੁਕਤਾ ਬਹੁਤ ਮਹੱਤਵਪੂਰਨ ਹੈ, ਜਿਸ ਵਿਚ 'ਜੁੜੇਗਾ ਭਾਰਤ, ਜਿੱਤੇਗਾ ਭਾਰਤ' ਕਿਹਾ ਗਿਆ ਹੈ। ਇਸ ਨੁਕਤੇ ਦਾ ਭਾਵ ਇੰਡੀਆ ਗੱਠਜੋੜ ਹਰ ਹਾਲਤ ਵਿਚ ਜਿੱਤੇਗਾ ਤੇ ਭਾਰਤ ਇਕੱਠਾ ਰਹੇਗਾ। ਭਾਰਤੀ ਜਨਤਾ ਪਾਰਟੀ ਦੇ ਰਣਨੀਤੀਕਾਰ ਵੀ ਘੱਟ ਨਹੀਂ, ਉਨ੍ਹਾਂ ਨੇ ਇੰਡੀਆ ਗੱਠਜੋੜ ਵਿਚ ਫੁੱਟ ਪਾਉਣ ਦੀ ਹਰ ਕੋਸ਼ਿਸ਼ ਕਰਨੀ ਹੈ ਪ੍ਰੰਤੂ ਐੱਨ.ਡੀ.ਏ. ਗੱਠਜੋੜ ਦਾ ਇਕ ਸਾਥੀ ਆਲ ਇੰਡੀਆ ਅੰਨਾ ਡੀ.ਐੱਮ.ਕੇ. ਵੀ ਉਨ੍ਹਾਂ ਦਾ ਸਾਥ ਛੱਡ ਗਿਆ ਹੈ।

ਇਸ ਗੱਠਜੋੜ ਦਾ ਪੰਜਾਬ ਦੀ ਰਾਜਨੀਤੀ 'ਤੇ ਕੀ ਪ੍ਰਭਾਵ ਪਵੇਗਾ? ਇਹ ਬਹੁਤ ਮਹੱਤਵਪੂਰਨ ਗੱਲ ਹੈ ਕਿਉਂਕਿ ਪਿਛਲੇ ਡੇਢ ਸਾਲ ਤੋਂ ਪੰਜਾਬ ਵਿਚ ਆਮ ਆਦਮੀ ਪਾਰਟੀ ਸਰਕਾਰ ਹੈ। ਸਰਕਾਰ ਨੇ ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਢਾਲ ਬਣਾ ਕੇ ਕਾਂਗਰਸ ਦੇ ਵੱਡੇ ਨੇਤਾ ਗ੍ਰਿਫਤਾਰ ਕੀਤੇ ਅਤੇ ਕਈ ਨੇਤਾ ਤਾਂ ਤਿੰਨ-ਚਾਰ ਮਹੀਨੇ ਜੇਲ੍ਹਾਂ ਦੀ ਹਵਾ ਖਾ ਚੁੱਕੇ ਹਨ। ਇਸ ਕਰਕੇ ਪੰਜਾਬ ਪ੍ਰਦੇਸ਼ ਕਾਂਗਰਸ ਦੀ ਲੀਡਰਸ਼ਿਪ ਅੱਡੋ-ਫਾਟੀ ਹੋਈ ਪਈ ਹੈ। ਹੁਣ ਸੁਖਪਾਲ ਸਿੰਘ ਖਹਿਰਾ ਵਿਧਾਇਕ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਹਾਲਾਤ ਬਦਲ ਗਏ ਹਨ। ਇਸ ਸਮੇਂ ਕਾਂਗਰਸ ਪਾਰਟੀ ਦੇ 7 ਲੋਕ ਸਭਾ ਮੈਂਬਰ ਹਨ, ਇਨ੍ਹਾਂ ਵਿਚੋਂ ਪਟਿਆਲਾ ਲੋਕ ਸਭਾ ਦੀ ਮੈਂਬਰ ਮਹਾਰਾਣੀ ਪ੍ਰਨੀਤ ਕੌਰ ਬਾਰੇ ਹੰਦੇਸ਼ਾ ਹੈ ਕਿ ਉਹ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜ ਸਕਦੇ ਹਨ ਕਿਉਂਕਿ ਉਨ੍ਹਾਂ ਦੇ ਪਤੀ ਕੈਪਟਨ ਅਮਰਿੰਦਰ ਸਿੰਘ ਅਤੇ ਬਾਕੀ ਸਾਰਾ ਪਰਿਵਾਰ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਿਆ ਹੈ। 2019 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੇ 8 ਸੀਟਾਂ ਇਕੱਲਿਆਂ ਜਿੱਤੀਆਂ ਸਨ ਤੇ ਆਮ ਆਦਮੀ ਪਾਰਟੀ ਇੱਕੋ ਇੱਕ ਸੰਗਰੂਰ ਦੀ ਸੀਟ ਭਗਵੰਤ ਸਿੰਘ ਮਾਨ ਨੇ ਜਿੱਤੀ ਸੀ। ਉਹ ਸੀਟ ਭਗਵੰਤ ਸਿੰਘ ਮਾਨ ਨੇ ਪੰਜਾਬ ਦਾ ਮੁੱਖ ਮੰਤਰੀ ਬਣਨ 'ਤੇ ਖਾਲੀ ਕਰ ਦਿੱਤੀ ਸੀ, ਜਿਥੋਂ ਉਪ ਚੋਣ ਵਿਚ ਸਿਮਰਨਜੀਤ ਸਿੰਘ ਮਾਨ ਜਿੱਤ ਗਿਆ ਸੀ। ਆਮ ਆਦਮੀ ਪਾਰਟੀ ਨੇ ਜਲੰਧਰ ਦੀ ਰਾਖਵੀਂ ਸੀਟ ਚੌਧਰੀ ਸੰਤਖ ਸਿੰਘ ਦੇ ਸਵਰਗਵਾਸ ਹੋਣ 'ਤੇ ਖਾਲੀ ਹੋਣ ਤੋਂ ਬਾਅਦ ਜਿੱਤ ਲਈ। ਆਮ ਆਦਮੀ ਪਾਰਟੀ ਕੋਲ ਪਹਿਲਾਂ ਦੀ ਤਰ੍ਹਾਂ ਇਕੋ ਸੀਟ ਹੈ। ਜੇਕਰ ਲੋਕ ਸਭਾ ਦੀਆਂ ਸੀਟਾਂ ਨੂੰ ਮੁੱਖ ਰੱਖਕੇ ਆਮ ਆਦਮੀ ਪਾਰਟੀ ਤੇ ਕਾਂਗਰਸ ਵਿਚ ਸੀਟਾਂ ਦੀ ਵੰਡ ਹੁੰਦੀ ਹੈ, ਤਾਂ ਕਾਂਗਰਸ ਪਾਰਟੀ ਨੂੰ 7 ਸੀਟਾਂ ਮਿਲ ਸਕਦੀਆਂ ਹਨ ਪ੍ਰੰਤੂ ਜੇਕਰ ਵਿਧਾਨ ਸਭਾ ਦੀ ਚੋਣ ਨੂੰ ਮੁੱਖ ਰੱਖਕੇ ਸੀਟਾਂ ਵੰਡੀਆਂ ਜਾਂਦੀਆਂ ਹਨ, ਤਾਂ ਕਾਂਗਰਸ ਨੂੰ ਸਿਰਫ ਮਾਝੇ ਵਿਚੋਂ ਦੋ-ਤਿੰਨ ਸੀਟਾਂ ਮਿਲ ਸਕਦੀਆਂ ਹਨ। ਇਸ ਕਰਕੇ ਹੀ ਕਾਂਗਰਸੀ ਲੋਕ ਸਭਾ ਦੇ ਮੈਂਬਰ ਲੋਕ ਸਭਾ ਜਿੱਤਣ ਵਾਲਾ ਫਾਰਮੂਲਾ ਲਾਗੂ ਕਰਨ ਦੀ ਵਕਾਲਤ ਕਰ ਰਹੇ ਹਨ। ਸਰਬ ਭਾਰਤੀ ਕਾਂਗਰਸ ਦੇ ਪ੍ਰਧਾਨ ਮਲਿਕ ਅਰਜਨ ਖੜਗੇ ਨੇ ਕਿਹਾ ਹੈ ਕਿ ਜੇਕਰ 90 ਫ਼ੀਸਦੀ ਸੀਟਾਂ 'ਤੇ ਇੰਡੀਆ ਗੱਠਜੋੜ ਨੇ ਸਹਿਮਤੀ ਕਰ ਲਈ, ਤਾਂ ਉਹ ਭਾਜਪਾ ਨੂੰ ਹਰਾ ਦੇਣਗੇ। ਮਲਿਕ ਅਰਜਨ ਖੜਗੇ ਦੇ ਬਿਆਨ ਤੋਂ ਪੰਜਾਬ ਦੇ ਕਾਂਗਰਸੀਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕੇਂਦਰੀ ਕਾਂਗਰਸ ਹਰ ਹਾਲਤ ਵਿਚ ਗੱਠਜੋੜ ਦੀ ਸਫਲਤਾ ਲਈ ਯਤਨਸ਼ੀਲ ਰਹੇਗੀ। 'ਤੇਲ ਵੇਖੋ ਤੇ ਤੇਲ ਦੀ ਧਾਰ ਵੇਖੋ', ਸਮਾਂ ਕੀ ਕਰਵਟ ਲੈਂਦਾ ਹੈ।

# ਸਨਾਤਨੀ ਪ੍ਰਾਚੀਨ ਗ੍ਰੰਥਾਂ 'ਚੋਂ ਅਕਾਲ ਰਣਨੀਤਕ ਬਿਰਤਾਂਤ ਖੋਜਣ ਲੱਗੀ ਫੌਜ

ਭਾਰਤ ਵੀ ਮਹਾਂਸ਼ਕਤੀ ਵਜੋਂ ਉਭਰਨ ਲਈ ਯਤਨਸ਼ੀਲ ਹੈ। ਉਸ ਵੱਲੋਂ ਕੀਤੇ ਗਏ ਨਵੀਨਤਮ ਪ੍ਰਯੋਗ ਵੀ ਸਫਲ ਹੋਏ ਹਨ, ਯੂਰਪੀਅਨ ਦੇਸ਼ਾਂ ਨਾਲ ਉਸ ਦੀ ਸਾਂਝ ਪੁਰਾਣੀ ਹੈ। ਜੰਗੀ ਸਮਾਨ ਖਰੀਦਣ ਤੋਂ ਇਲਾਵਾ ਭਾਰਤ ਨੇ ਅਨੇਕਾਂ ਕਿਸਮ ਦੇ ਵਿਉਪਾਰਕ ਰਾਹ ਮੋਕਲੇ ਕੀਤੇ ਹਨ। ਚੰਦਰਯਾਨ 'ਤੇ ਪਹੁੰਚਣ ਤੋਂ ਬਾਅਦ ਸਿੱਧੀ ਸੂਰਜ ਗਿਆਨ ਵੱਲ ਸੇਧ ਦਾਗੀ ਹੈ। ਪਰ ਹੁਣ ਆਪਣੇ ਪੁਰਾਤਨ ਸਨਾਤਨੀ ਗ੍ਰੰਥਾਂ ਨੂੰ ਖੋਜਣ ਦੀ ਵਿਧੀ ਅਪਨਾਈ ਹੈ। ਹੁਣੇ ਭਾਰਤੀ ਫ਼ੌਜੀ ਅਧਿਕਾਰੀਆਂ ਨੂੰ ਸਨਾਤਨੀ ਪ੍ਰਾਚੀਨ ਗ੍ਰੰਥਾਂ ਬਾਰੇ ਸਿੱਖਿਅਤ ਕੀਤੇ ਜਾਣ ਸਬੰਧੀ ਬਣੇ ਪੈਨਲ ਵੱਲੋਂ ਇੱਕ ਵਿਚਾਰ-ਚਰਚਾ ਦੌਰਾਨ ਇਹ ਮਹਿਸੂਸ ਕੀਤਾ ਗਿਆ ਹੈ ਕਿ ਭਾਰਤ ਦੀ ਰਣਨੀਤਕ ਤੇ ਫ਼ੌਜੀ ਵਿਰਾਸਤ ਬੇਹੱਦ ਅਮੀਰ ਹੈ ਪਰ ਉਸ 'ਤੇ ਕਦੇ ਧਿਆਨ ਕੇਂਦਰਿਤ ਨਹੀਂ ਕੀਤਾ ਗਿਆ। ਇਸ ਅਧੀਨ ਅਜੋਕੇ ਫ਼ੌਜੀ ਅਧਿਕਾਰੀਆਂ ਨੂੰ ਦੇਸ਼ ਦੀ ਪ੍ਰਾਚੀਨ ਸੂਝ-ਬੂਝ ਦੀ ਵਿਵਹਾਰਕ ਵਰਤੋਂ ਕਰਨ ਲਈ ਉਤਸ਼ਾਹਿਤ ਤੇ ਸਿੱਖਿਅਤ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਜਿੱਥੇ ਕੌਮਾਂਤਰੀ ਸਬੰਧਾਂ ਤੇ ਵਿਦੇਸ਼ੀ ਸੱਭਿਆਚਾਰਾਂ ਦੀ ਸਮਝ ਹੋਰ ਮਜ਼ਬੂਤ ਕਰਨ 'ਚ ਮਦਦ ਮਿਲੇਗੀ, ਉਥੇ ਅਕਾਲ ਰਣਨੀਤਕ ਸੋਚਣੀ ਤੇ ਖ਼ਾਸ ਤੌਰ ਉੱਤੇ ਧਿਆਨ ਕੇਂਦਰਿਤ ਹੋਵੇਗਾ।

ਭਾਰਤੀ ਫ਼ੌਜ ਦਾ ਪ੍ਰਾਜੈਕਟ 'ਉਦਭਵ' ਇਸ ਵੇਲੇ ਚਰਚਾ 'ਚ ਹੈ। ਇਸ ਅਧੀਨ ਆਰਮੀ ਟ੍ਰੇਨਿੰਗ ਕਮਾਂਡ ਵੱਲੋਂ ਯੂਨਾਈਟਿਡ ਸਰਵਿਸ ਇੰਸਟੀਚਿਊਸ਼ਨ ਆਫ ਇੰਡੀਆਂ ਨਾਲ ਮਿਲ ਕੇ ਉੱਚ ਪੱਧਰੀ ਪੈਨਲ ਵਿਚਾਰ-ਚਰਚਾ ਕੀਤੀ ਜਾ ਰਹੀ ਹੈ। ਇਸ ਪ੍ਰਾਜੈਕਟ ਦਾ ਮੰਤਵ ਉਸ ਪ੍ਰਾਚੀਨ ਗਿਆਨ ਤੇ ਸੂਝ-ਬੂਝ ਨੂੰ ਮੌਜੂਦਾ ਸ਼ਾਸਨ ਕਲਾ, ਰਣਨੀਤੀ, ਕੂਟਨੀਤੀ ਵਿਚ ਵਰਤਣਾ ਹੈ, ਜੋ ਪ੍ਰਾਚੀਨ ਇਤਿਹਾਸਕ ਭਾਰਤੀ ਗ੍ਰੰਥਾਂ 'ਚ ਮੌਜੂਦ ਹੈ। ਇਸ ਲਈ ਪ੍ਰਾਚੀਨ ਗ੍ਰੰਥਾਂ ਵਿਚ ਮੌਜੂਦ ਦੇਸ਼ ਦੇ ਇਤਿਹਾਸਕ ਬਿਰਤਾਂਤਾਂ ਦੀ ਖੋਜ ਕੀਤੀ ਜਾ ਰਹੀ ਹੈ। ਇਸ ਪ੍ਰੋਜੈਕਟ ਤਹਿਤ ਪ੍ਰਾਚੀਨ ਸਮਿਆਂ 'ਚ ਭਾਰਤ ਦੇ ਵੱਖੋ-ਵੱਖਰੇ ਖਿੱਤਿਆਂ ਦੀਆਂ ਫ਼ੌਜੀ ਪ੍ਰਣਾਲੀਆਂ, ਖੇਤਰੀ ਗ੍ਰੰਥਾਂ, ਰਾਜਾਂ, ਵਿਸ਼ਾਗਤ ਅਧਿਐਨਾਂ ਤੇ ਕੋਟਲਿਆ, ਕਾਮੰਦਕਾ ਤੇ ਕੁਰਲ ਦੀਆਂ ਸਿੱਖਿਆਵਾਂ ਦਾ ਖ਼ਾਸ ਤੌਰ ਉੱਤੇ ਅਧਿਐਨ ਕੀਤਾ ਜਾਵੇਗਾ। ਇਸ ਦੇ ਨਾਲ ਹੀ ਸਦੀਆਂ ਤੱਕ ਚੱਲਦੀ ਰਹੀ। ਅਕਾਲ ਰਣਨੀਤਕ ਸੋਚਣੀ



ਤੇ ਖਾਸ ਤੌਰ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ।

ਦਰਅਸਲ ਪ੍ਰਾਚੀਨ ਰਣਨੀਤੀਆਂ ਦਾ ਸੁਮੇਲ ਆਧੁਨਿਕ ਫ਼ੌਜੀ ਸਿੱਖਿਆ ਨਾਲ ਕੀਤਾ ਜਾਣਾ ਹੈ। ਫੌਜ ਦੇ ਗਲਿਆਰਿਆਂ


-ਦਿਲਜੀਤ ਸਿੰਘ ਬੇਦੀ
(Punjab Mail USA)




'ਚ ਇਹ ਵੀ ਵੇਖਿਆ-ਪਰਖਿਆ ਜਾ ਰਿਹਾ ਹੈ ਕਿ ਅਜਿਹਾ ਸੁਮੇਲ ਵਿਹਾਰਕ ਤੌਰ 'ਤੇ ਕਿੰਨਾ ਕੁ ਵਾਜਬ ਹੈ। ਰੱਖਿਆ ਮੰਤਰਾਲੇ ਵੱਲੋਂ ਜਾਰੀ ਇਕ ਜਾਣਕਾਰੀ ਮੁਤਾਬਕ ਭਾਰਤੀ ਦਰਸ਼ਨ ਤੇ ਸੱਭਿਆਚਾਰਕ ਵਿਰਾਸਤ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਇਸੇ ਲਈ 12 ਲੱਖ ਜਵਾਨਾਂ ਵਾਲੀ ਭਾਰਤੀ ਫੌਜ ਸਾਲ 2021 ਤੋਂ ਪ੍ਰਾਚੀਨ ਗ੍ਰੰਥਾਂ ਤੋਂ ਰਣਨੀਤਕ ਮਦਦ ਲੈ ਰਹੀ ਹੈ। ਇਨ੍ਹਾਂ ਗ੍ਰੰਥਾਂ ਤੋਂ ਲਏ 75 ਸੂਤਰਾਂ ਦੀ ਇਕ ਕਿਤਾਬ 'ਟਰੈਡੀਸ਼ਨਲ ਇੰਡੀਅਨ ਫਿਲਾਸਫ਼ੀ-ਇਟਰਨਲ ਰੂਲਜ਼ ਆਫ ਵਾਰਫੇਅਰ ਐਂਡ ਲੀਡਰਸ਼ਿਪ' ਪਹਿਲਾ 2022 'ਚ ਹੀ ਪ੍ਰਕਾਸ਼ਿਤ ਕੀਤੀ ਜਾ ਚੁੱਕੀ ਹੈ। ਇਹ ਭਾਰਤ ਦੀ ਸਨਾਤਨੀ ਵਿਰਾਸਤ ਤੋਂ ਸਿਰਜੇ ਗਿਆਨ ਨੂੰ ਨਵਾਂ ਰੂਪ ਦੇਣ ਦੀ ਕਵਾਇਦ ਹੈ। ਇਸ ਕਵਾਇਦ ਨੂੰ ਸਫਲ ਬਨਾਉਣ ਲਈ ਖਾਸ ਤੌਰ 'ਤੇ ਚੌਥੀ ਸਦੀ ਈਸਾ ਪੂਰਵ ਤੋਂ ਲੈ ਕੇ ਅੱਠਵੀਂ ਸਦੀ ਈਸਵੀ ਤੱਕ ਦੇ ਗ੍ਰੰਥਾਂ ਉੱਤੇ ਵਿਸ਼ੇਸ਼ ਤੌਰ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਇਸ ਕਵਾਇਦ ਦੌਰਾਨ ਕੀਤੀ ਖੋਜ ਦੀ ਵਰਤੋਂ ਭਵਿੱਖ ਦੀਆਂ ਫ਼ੌਜੀ ਪਹਿਲਕਦਮੀਆਂ ਲਈ ਕੀਤੀ ਜਾਵੇਗੀ, ਜਿਨ੍ਹਾਂ 'ਚ ਫ਼ੌਜੀ ਵਿਰਾਸਤ ਮੇਲਾ ਵੀ ਸ਼ਾਮਲ ਹੈ, ਜਿਸ ਦੀ ਚਿਰੋਕਣੀ ਉਡੀਕ ਕੀਤੀ ਜਾ ਰਹੀ ਹੈ। ਇਸ ਨਿਵੇਕਲੀ ਕਿਸਮ ਦੀ ਵਿਚਾਰ-ਚਰਚਾ ਪ੍ਰਤੀ ਦਿਲਚਸਪੀ ਹੁਣ ਫੌਜ ਵਿਚ ਵਧਦੀ ਜਾ ਰਹੀ ਹੈ। ਇਹ ਵਿਚਾਰ-ਵਟਾਂਦਰਾ ਕਰਨ ਵਾਲੇ ਪੈਨਲ ਵਿਚ ਫੌਜੀ ਵਿਦਵਾਨ, ਸਾਬਕਾ ਫ਼ੌਜੀ, ਮੌਜੂਦਾ ਫ਼ੌਜੀ ਅਧਿਕਾਰੀ ਤੇ ਫ਼ੌਜੀ ਸਿੱਖਿਆ ਦੇ ਮਾਹਰ ਡਾ. ਕਜਰੀ ਕਮਲ ਜਿਹੀਆਂ ਸ਼ਖ਼ਸੀਅਤਾਂ ਵੀ ਮੌਜੂਦ ਹਨ। ਨਵੀਂ ਦਿੱਲੀ 'ਚ ਹੋਏ ਇਕ ਖ਼ਾਸ ਸਮਾਰੋਹ ਦੌਰਾਨ ਆਮ ਰਣਨੀਤਕ ਯੋਜਨਾਬੰਦੀ ਦੇ ਡਾਇਰੈਕਟਰ ਜਨਰਲ ਲੈਫਟੀਨੈਂਟ ਜਨਰਲ ਰਾਜੂ ਬੈਜਲ ਨੇ ਕੂੰਜੀਵਤ ਭਾਸ਼ਣ ਦਿੱਤਾ ਤੇ ਪ੍ਰਧਾਨਗੀ ਰੱਖਿਆ ਮੰਤਰਾਲੇ ਦੇ ਪ੍ਰਮੁੱਖ ਸਲਾਹਕਾਰ ਲੈਫਟੀਨੈਂਟ ਜਨਰਲ (ਸੇਵਾਮੁਕਤ) ਵਿਨੋਦ ਖੰਡਾਰੇ ਨੇ ਕੀਤੀ। ਫੌਜ ਇਸ ਪ੍ਰਯੋਗ ਵਿਚੋਂ ਕਿਹੜੇ ਨਵੇਂ ਵਿਵਹਾਰਕ ਪੈਂਤੜੇ ਲੈ ਕੇ ਸਾਹਮਣੇ ਆਉਂਦੀ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੂ।

# ਬਹੁਤ ਔਖਾ ਹੈ ਪੁਲਿਸ ਮੁਲਾਜ਼ਮ ਲਈ ਬਦਲੀ ਕਰਵਾਉਣ ਤੋਂ ਬਾਅਦ ਰਿਲੀਵ ਹੋਣਾ

ਹਰੇਕ ਸਰਕਾਰੀ ਮੁਲਾਜ਼ਮ ਦੇ ਮਨ ਵਿਚ ਘਰ ਦੇ ਨਜ਼ਦੀਕ ਕਿਸੇ ਸਟੇਸ਼ਨ 'ਤੇ ਬਦਲੀ ਕਰਵਾਉਣ ਦੀ ਤੀਬਰ ਇੱਛਾ ਹੁੰਦੀ ਹੈ। ਪਰ ਪੰਜਾਬ ਪੁਲਿਸ ਵਿਚ ਮਨਮਰਜ਼ੀ ਦੀ ਜਗ੍ਹਾ 'ਤੇ ਬਦਲੀ ਕਰਵਾਉਣੀ ਕਾਫੀ ਔਖੀ ਮੰਨੀ ਜਾਂਦੀ ਹੈ। ਜ਼ਿਲ੍ਹੇ ਦੇ ਅੰਦਰ ਤਾਂ ਐੱਸ.ਐੱਸ.ਪੀ. ਜਾਂ ਐੱਸ.ਪੀ. ਹੈੱਡਕਵਾਟਰ ਹੀ ਬਦਲੀ ਕਰ ਦਿੰਦਾ ਹੈ, ਪਰ ਪੰਗਾ ਉਦੋਂ ਪੈਂਦਾ ਹੈ, ਜਦੋਂ ਇੱਕ ਜ਼ਿਲ੍ਹੇ ਤੋਂ ਦੂਸਰੇ ਜ਼ਿਲ੍ਹੇ ਜਾਂ ਦੂਸਰੀ ਰੇਂਜ ਵਿਚ ਬਦਲੀ ਕਰਵਾਉਣੀ ਹੋਵੇ। ਡੀ.ਐੱਸ.ਪੀ. ਤੋਂ ਲੈ ਕੇ ਉੱਪਰ ਦੇ ਅਫਸਰਾਂ ਦੀ ਬਦਲੀ ਪੁਲਿਸ ਹੈੱਡਕਵਾਟਰ ਤੋਂ ਹੁੰਦੀ ਹੈ। ਠੰਡੇ ਮੱਤੇ ਵਾਲੇ ਸਿਆਣੇ ਅਫਸਰ ਕਈ-ਕਈ ਸਾਲਾਂ ਤੱਕ ਇੱਕ ਹੀ ਜਗ੍ਹਾ 'ਤੇ ਟਿਕੇ ਰਹਿੰਦੇ ਹਨ ਪਰ ਜ਼ਿਆਦਾ ਕਾਹਲੇ ਤੇ ਸ਼ਾਰਟ ਕੱਟ ਮਾਰਨ ਵਾਲੇ ਦੋ ਮਹੀਨੇ ਵੀ ਨਹੀਂ ਟਿਕਦੇ।

ਸਿਪਾਹੀ ਤੋਂ ਲੈ ਕੇ ਇੰਸਪੈਕਟਰ ਰੈਂਕ ਦੀ ਬਦਲੀ ਹੋਣ ਤੋਂ ਬਾਅਦ ਸਭ ਤੋਂ ਵੱਡੀ ਮੁਸ਼ਕਿਲ ਰਿਲੀਵ ਹੋਣ ਸਮੇਂ ਆਉਂਦੀ ਹੈ। ਚਾਹੇ ਦੋ ਮੁਲਾਜ਼ਮਾਂ ਨੇ ਆਪਸ ਵਿਚ ਮਿਊਚਲ ਬਦਲੀ ਕਰਵਾਈ ਹੋਵੇ ਤੇ ਭਾਵੇਂ ਅਗਲੇ ਜ਼ਿਲ੍ਹੇ ਜਾਂ ਬਟਾਲੀਅਨ ਵਿਚ ਵੈਕੈਂਸੀ ਖਾਲੀ ਵੀ ਹੋਵੇ, ਮੁਲਾਜ਼ਮ ਨੂੰ ਰਿਲੀਵ ਕਰਨਾ ਐੱਸ.ਐੱਸ.ਪੀ. ਜਾਂ ਕਮਾਂਡੈਂਟ ਦੇ ਹੱਥ ਹੁੰਦਾ ਹੈ। ਬਠਿੰਡਾ ਰੇਂਜ ਦੇ ਇੱਕ ਬਾਰਡਰ ਜ਼ਿਲ੍ਹੇ ਦਾ ਐੱਸ.ਐੱਸ.ਪੀ. ਤਾਂ ਡੀ.ਐੱਸ.ਪੀ. ਤੇ ਐੱਸ.ਪੀ. ਰੈਂਕ ਦੇ ਸੀਨੀਅਰ ਅਫਸਰਾਂ ਨੂੰ ਵੀ ਮਹੀਨਿਆਂ ਬੱਧੀ ਰਿਲੀਵ ਨਹੀਂ ਸੀ ਕਰਦਾ ਹੁੰਦਾ। ਕਈ ਵਾਰ ਤਾਂ ਉਹ ਵਿਚਾਰੇ ਕਿਸੇ ਪਾਸੇ ਜੋਗੇ ਨਹੀਂ ਸਨ ਰਹਿੰਦੇ ਕਿਉਂਕਿ ਐਨੇ ਸਮੇਂ ਵਿਚ ਕੋਈ ਹੋਰ ਜੁਗਾੜੀ ਅਫਸਰ ਉਨ੍ਹਾਂ ਦੀ ਜਗ੍ਹਾ ਪੋਸਟਿੰਗ ਕਰਵਾ ਲੈਂਦਾ ਸੀ। ਉਸ ਨੇ ਜਿਸ ਨੂੰ ਰਿਲੀਵ ਨਹੀਂ ਸੀ ਕਰਨਾ ਹੁੰਦਾ, ਉਸ ਦੇ ਹੱਕ ਵਿਚ ਐਵੇਂ ਹੀ ਡੀ.ਉ. ਲੈਟਰ (ਅਰਧ ਸਰਕਾਰੀ ਪੱਤਰ) ਲਿਖ ਕੇ ਹੈੱਡਕਵਾਟਰ ਨੂੰ ਭੇਜ ਦਿੰਦਾ ਸੀ ਕਿ ਇਸ ਹੋਣਹਾਰ ਅਫਸਰ ਦੀ ਇਸ ਜ਼ਿਲ੍ਹੇ ਨੂੰ ਸਖਤ ਜ਼ਰੂਰਤ ਹੈ, ਜਿਸ ਕਾਰਨ ਇਸ ਨੂੰ ਰਿਲੀਵ ਨਹੀਂ ਕੀਤਾ ਜਾ ਸਕਦਾ।

ਕਈ ਸਾਲ ਪਹਿਲਾਂ ਮੈਂ ਪਟਿਆਲਾ ਰੇਂਜ਼ ਦੇ ਇੱਕ ਜ਼ਿਲ੍ਹੇ ਵਿਚ ਐੱਸ.ਪੀ. ਹੈੱਡਕਵਾਟਰ ਵਜੋਂ ਤਾਇਨਾਤ ਸੀ। ਉਥੇ ਇੱਕ ਸਿਪਾਹੀ ਵੀ ਤਾਇਨਾਤ ਸੀ, ਜੋ ਮੇਰੇ ਗੁਆਂਢੀ ਪਿੰਡ ਦਾ ਰਹਿਣ ਵਾਲਾ ਸੀ। ਉਹ ਮੇਰੇ ਇੱਕ ਦੋਸਤ ਦਾ ਭਤੀਜਾ ਸੀ, ਜੋ ਵਾਇਰਲੈੱਸ ਵਿਚ ਕਾਂਸਟੇਬਲ ਸੀ ਤੇ ਉਸ ਨੂੰ ਅੱਤਵਾਦੀਆਂ ਨੇ ਵਿਆਹ ਵਾਲੇ ਦਿਨ ਸ਼ਹੀਦ ਕਰ ਦਿੱਤਾ ਸੀ। ਮੈਨੂੰ ਉਥੇ ਲੱਗੇ ਨੂੰ ਕਰੀਬ ਡੇਢ ਸਾਲ ਹੋ ਗਿਆ ਸੀ ਪਰ ਉਹ ਮੈਨੂੰ ਕਦੇ ਵੀ ਮਿਲਣ ਵਾਸਤੇ ਨਹੀਂ ਸੀ ਆਇਆ ਕਿਉਂਕਿ ਜ਼ਰੂਰਤ ਤੋਂ ਬਿਨਾਂ ਕੋਈ ਕਿਸੇ ਨੂੰ ਸਲਾਮ ਨਹੀਂ ਕਰਦਾ। ਇੱਕ ਦਿਨ ਉਹ ਬਦਹਵਾਸ ਹੋਇਆ ਮੇਰੇ ਦਫਤਰ ਆਇਆ ਤੇ ਆਪਣੀ ਜਾਣ-ਪਹਿਚਾਣ ਕਰਵਾ ਕੇ ਦੱਸਿਆ ਕਿ ਸਫਰ ਲੰਬਾ ਹੋਣ ਕਾਰਨ ਉਸ ਨੂੰ ਤਰਨ ਤਾਰਨ ਤੋਂ ਇਥੇ ਆਉਣ ਜਾਣ ਬਹੁਤ ਪਰੇਸ਼ਾਨੀ ਹੁੰਦੀ ਹੈ। ਇਸ ਲਈ ਉਸ ਨੇ ਤਰਨ ਤਾਰਨ ਦੇ ਇੱਕ ਕਾਂਸਟੇਬਲ ਨਾਲ ਮਿਊਚਲ ਬਦਲੀ ਕਰਵਾ ਲਈ ਹੈ ਪਰ ਸੈਨਾ ਕਲਰਕ (ਉ.ਐੱਸ.ਆਈ.) ਉਸ ਨੂੰ ਰਿਲੀਵ ਨਹੀਂ ਕਰ ਰਿਹਾ। ਮੈਂ ਸੈਨਾ ਕਲਰਕ ਨੂੰ ਬੁਲਾ ਕੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਐੱਸ.ਐੱਸ.ਪੀ. ਸਾਹਿਬ ਨੇ ਕਿਹਾ ਕਿ ਜਦ ਤੱਕ ਇਸ ਨਾਲ ਮਿਊਚਲ ਬਦਲੀ ਕਰਾਉਣ ਵਾਲਾ ਸਿਪਾਹੀ ਇਥੇ ਹਾਜ਼ਰੀ ਨਹੀਂ ਪਾਉਂਦਾ, ਇਸ ਨੂੰ ਰਿਲੀਵ ਨਹੀਂ ਕਰਨਾ।




ਮੈਂ ਤਰਨ ਤਾਰਨ ਦੇ ਐੱਸ.ਪੀ. ਹੈਡਕਾਵਟਰ ਨੂੰ ਫੋਨ 'ਤੇ ਉਸ ਸਿਪਾਹੀ ਬਾਰੇ ਪੁੱਛਿਆ ਤਾਂ ਉਸ ਨੇ ਜਵਾਬ ਦਿੱਤਾ ਕਿ ਸਾਡਾ ਐੱਸ.ਐੱਸ.ਪੀ. ਵੀ ਇਹ ਹੀ ਕਹਿ ਰਿਹਾ ਹੈ। ਮੈਂ ਉਸ ਸਿਪਾਹੀ ਨੂੰ ਲੈ ਕੇ ਐੱਸ.ਐੱਸ.ਪੀ. ਦੇ ਦਫਤਰ ਚਲਾ ਗਿਆ ਤੇ ਸਿਪਾਹੀ ਦੇ ਚਾਚੇ ਬਾਰੇ ਦੱਸ ਕੇ ਉਸ ਨੂੰ ਰਿਲੀਵ ਕਰਨ ਦੀ ਬੇਨਤੀ ਕੀਤੀ। ਐੱਸ.ਐੱਸ.ਪੀ. ਨੇ ਮੈਨੂੰ ਸੈਨਾ ਕਲਰਕ ਵਾਲਾ ਹੀ ਜਵਾਬ ਦਿੱਤਾ। ਮੈਂ ਨਿਮਰਤਾ ਨਾਲ ਕਿਹਾ ਕਿ ਸਰ ਜੇ ਤੁਸੀਂ ਇਸ ਸਿਪਾਹੀ ਨੂੰ ਇੱਕ ਐੱਸ.ਪੀ. ਦੇ ਕਹਿਣ 'ਤੇ ਰਿਲੀਵ ਨਹੀਂ ਕਰ ਰਹੇ, ਤਾਂ ਤਰਨ ਤਾਰਨ ਵਾਲਾ ਐੱਸ.ਐੱਸ.ਪੀ. ਦੂਸਰੇ ਸਿਪਾਹੀ ਨੂੰ ਕਿੱਥੋਂ ਰਿਲੀਵ ਕਰੇਗਾ? ਐੱਸ.ਐੱਸ.ਪੀ. ਖੈਰ ਵਧੀਆ ਇਨਸਾਨ ਸੀ, ਉਸ ਨੇ ਮੇਰੇ ਕਹਿਣ 'ਤੇ ਸਿਪਾਹੀ ਨੂੰ ਰਿਲੀਵ ਕਰ ਦਿੱਤਾ ਤੇ ਦੋ ਕੁ ਦਿਨਾਂ ਬਾਅਦ ਤਰਨ ਤਾਰਨ ਵਾਲਾ ਸਿਪਾਹੀ ਵੀ ਰਿਲੀਵ ਹੋ ਕੇ ਸਾਡੇ ਜ਼ਿਲ੍ਹੇ ਵਿਚ ਹਾਜ਼ਰ ਹੋ ਗਿਆ।

ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ 95011-00062
(Punjab Mail USA)



ਮੈਂ ਆਪਣੀ ਸਾਰੀ ਨੌਕਰੀ ਦੌਰਾਨ ਕਦੇ ਵੀ ਕਿਸੇ ਨੂੰ ਛੁੱਟੀ ਤੋਂ ਨਾਂਹ ਨਹੀਂ ਕੀਤੀ ਤੇ ਨਾ ਹੀ ਕਿਸੇ ਬਦਲੀ ਅਧੀਨ ਮੁਲਾਜ਼ਮ ਨੂੰ ਰਿਲੀਵ ਕਰਨ ਤੋਂ ਇਨਕਾਰ ਕੀਤਾ ਹੈ। ਕੁਝ ਸਾਲ ਪਹਿਲਾਂ ਮੈਂ ਕਿਸੇ ਬਟਾਲੀਅਨ ਦਾ ਕਮਾਂਡੈਂਟ ਸੀ, ਤਾਂ ਮੇਰੇ ਤੋਂ ਪਹਿਲੇ ਕਮਾਂਡੈਂਟ ਨੇ ਕਿਸੇ ਮੁਲਾਜ਼ਮ ਦੀ ਬੇਨਤੀ 'ਤੇ ਉਸ ਦੀ ਬਦਲੀ ਦੀ ਸਿਫਾਰਸ਼ ਹੈੱਡਕਵਾਟਰ ਨੂੰ ਭੇਜੀ ਸੀ, ਜਿਸ ਦੇ ਆਰਡਰ ਮੇਰੇ ਸਮੇਂ ਆਏ। ਮੈਂ ਸੈਨਾ ਕਲਰਕ ਨੂੰ ਕਿਹਾ ਕਿ ਇਸ ਨੂੰ ਫੌਰਨ ਰਿਲੀਵ ਕਰ ਦਿੱਤਾ ਜਾਵੇ। ਹਫਤੇ ਕੁ ਬਾਅਦ ਉਹ ਮੁਲਾਜ਼ਮ ਫਿਰ ਮੇਰੇ ਦਫਤਰ ਪੇਸ਼ ਹੋਇਆ, ਤਾਂ ਮੈਂ ਹੈਰਾਨੀ ਨਾਲ ਪੁੱਛਿਆ ਕਿ ਤੂੰ ਗਿਆ ਨਹੀਂ ਅਜੇ? ਉਸ ਨੇ ਰੋਣਹਾਕਾ ਜਿਹਾ ਹੋ ਕੇ ਦੱਸਿਆ ਕਿ ਸਰ ਸੈਨਾ ਕਲਰਕ ਬਿਨਾਂ ਮਤਲਬ ਮੇਰੇ ਗੇੜੇ ਮਰਵਾ ਰਿਹਾ ਹੈ। ਮੈਂ ਖਿਝ ਕੇ ਸੈਨਾ ਕਲਰਕ ਨੂੰ ਬੁਲਾਇਆ, ਤਾਂ ਉਹ ਅੱਗੋਂ ਤਾਤੇ-ਬਾਤੇ ਮਾਰਨ ਲੱਗ ਪਿਆ ਕਿ ਜਨਾਬ ਫੋਰਸ ਪਹਿਲਾਂ ਹੀ ਘੱਟ ਹੈ। ਇਹ ਵੀ ਚਲਾ ਗਿਆ ਤਾਂ ਮੈਂ ਡਿਊਟੀ ਕਿਵੇਂ ਪੂਰੀ ਕਰਾਂਗਾ? ਮੈਂ ਉਸ ਨੂੰ ਕਿਹਾ ਕਿ ਇਸ ਦੀ ਬਦਲੀ ਦੀ ਸਿਫਾਰਸ਼ ਪਹਿਲੇ ਕਮਾਂਡੈਂਟ ਨੇ ਕੁਝ ਸੋਚ ਸਮਝ ਕੇ ਹੀ ਕੀਤੀ ਹੋਵੇਗੀ, ਦਸ ਮਿੰਟਾਂ ਵਿਚ ਜਾਂ ਤਾਂ ਤੂੰ ਆਪਣੀ ਬਦਲੀ ਦੇ ਆਰਡਰ ਟਾਈਪ ਕਰ ਕੇ ਲੈ ਆ ਤੇ ਜਾਂ ਇਸ ਨੂੰ ਰਿਲੀਵ ਕਰਨ ਦੇ। ਬੱਸ ਫਿਰ ਕੀ ਸੀ, ਦੋ ਮਿੰਟ ਹੀ ਲੱਗੇ ਮੁਲਾਜ਼ਮ ਦੇ ਆਰਡਰ ਟਾਈਪ ਹੋਣ 'ਤੇ।

ਕਈ ਸਾਲ ਪਹਿਲਾਂ ਇੱਕ ਡੀ.ਐੱਸ.ਪੀ. ਅਮਰੀਕ ਸਿੰਘ (ਕਾਲਪਨਿਕ ਨਾਮ) ਨੇ ਇੱਕ ਜੰਗੀ ਸਿੰਘ ਨਾਮਕ ਕਮਾਂਡੈਂਟ (ਕਾਲਪਨਿਕ ਨਾਮ) ਬਾਰੇ ਇੱਕ ਬਹੁਤ ਹੀ ਹਾਸੋਹੀਣੀ ਗੱਲ ਸੁਣਾਈ ਸੀ, ਜੋ ਹੁਣ ਰਿਟਾਇਰ ਹੋ ਚੁੱਕਾ ਹੈ। ਅਮਰੀਕ ਸਿੰਘ, ਜੰਗੀ ਦੀ ਬਟਾਲੀਅਨ ਵਿਚ ਨਵਾਂ-ਨਵਾਂ ਬਦਲ ਕੇ ਆਇਆ ਸੀ ਤੇ ਇੱਕ ਰਾਤ ਜੰਗੀ ਉਸ ਨੂੰ ਨਾਈਟ ਡਿਊਟੀਆਂ ਦੀ ਚੈੱਕਿੰਗ ਵਾਸਤੇ ਨਾਲ ਲੈ ਗਿਆ। ਅਮਰੀਕ ਸਿੰਘ ਦਾ ਇੱਕ ਬੈਚਮੈਟ ਰਾਮ ਸਿੰਘ (ਕਾਲਪਨਿਕ ਨਾਮ) ਉਸੇ ਬਟਾਲੀਅਨ ਵਿਚ ਕਈ ਸਾਲਾਂ ਤੋਂ ਤਾਇਨਾਤ ਸੀ ਤੇ ਕਿਸੇ ਸੁਰੱਖਿਆ ਪੱਖੋਂ ਸੈਂਸਟਿਵ ਬਹੁਤ ਹੀ ਅਹਿਮ ਪੁਆਇੰਟ 'ਤੇ ਬਟਾਲੀਅਨ ਦੀ ਇੱਕ ਪਲਟੂਨ ਨਾਲ ਡਿਊਟੀ ਦੇ ਰਿਹਾ ਸੀ। ਜਦੋਂ ਜੰਗੀ ਤੇ ਅਮਰੀਕ ਸਿੰਘ ਉਸ ਪੁਆਇੰਟ 'ਤੇ ਪਹੁੰਚੇ, ਤਾਂ ਅੱਗੇ ਰਾਮ ਸਿੰਘ ਦੋ-ਚਾਰ ਪੈੱਗ ਲਗਾ ਕੇ ਮੁਰਗੇ ਦੇ ਪਤੀਲੇ ਵਿਚ ਕੜਛੀ ਫੇਰ ਰਿਹਾ ਸੀ। ਉਸ ਨੇ ਜੰਗੀ ਨੂੰ ਸੜਿਆ ਜਿਹਾ ਸੈਲੂਟ ਮਾਰਿਆ ਤੇ ਅਮਰੀਕ ਸਿੰਘ ਨੂੰ ਉੱਡ ਕੇ ਮਿਲਿਆ।

ਫਿਰ ਉਸ ਨੇ ਅੱਧਾ ਕੁ ਗਲਾਸ ਦਾਰੂ ਦਾ ਅਤੇ ਇੱਕ ਵੱਡਾ ਕੌਲਾ ਮੀਟ ਦਾ ਭਰ ਕੇ ਅਮਰੀਕ ਸਿੰਘ ਦੇ ਅੱਗੇ ਪਰੋਸ ਦਿੱਤਾ ਪਰ ਜੰਗੀ ਨੂੰ ਪਾਣੀ ਦੀ ਸੁਲਾਹ ਤੱਕ ਨਾ ਮਾਰੀ। ਅਮਰੀਕ ਸਿੰਘ ਨੇ ਸ਼ਰਮ ਜਿਹੀ ਮਹਿਸੂਸ ਕੀਤੀ ਤੇ ਰਾਮ ਸਿੰਘ ਨੂੰ ਕਿਹਾ ਕੇ ਉਹ ਕਮਾਂਡੈਂਟ ਸਾਹਿਬ ਨੂੰ ਵੀ ਪੈੱਗ ਤੇ ਮੁਰਗਾ ਦੇਵੇ। ਅੱਗੋਂ ਸੜਿਆ-ਬਲਿਆ ਰਾਮ ਸਿੰਘ ਬੋਲਿਆ, "ਮੈ ਸਾਰਾ ਜ਼ੋਰ ਲਗਾ ਕੇ ਦੋ ਮਹੀਨੇ ਪਹਿਲਾਂ ਇੱਕ ਸਬ ਡਵੀਜ਼ਨ ਵਿਖੇ ਬਦਲੀ ਕਰਵਾਈ ਸੀ। ਪਤਾ ਨਹੀਂ ਕਿੰਨੇ ਲੋਕਾਂ ਦੇ ਤਰਲੇ-ਮਿੰਨਤਾਂ ਕਰਨੀਆਂ ਪਈਆਂ ਸਨ, ਪਰ ਇਸ ਕਮਾਂਡੈਂਟ ਨੇ ਜਾਣਬੁੱਝ ਕੇ ਮੈਨੂੰ ਰਿਲੀਵ ਨਹੀਂ ਕੀਤਾ। ਪਰਸੋਂ ਉਸ ਸਬ ਡਵੀਜ਼ਨ 'ਤੇ ਕੋਈ ਹੋਰ ਡੀ.ਐੱਸ.ਪੀ. ਲੱਗ ਗਿਆ ਹੈ। ਇਸ ਵਿਅਕਤੀ ਦੇ ਕਾਰਨ ਮੈਂ ਇਸ ਉਜਾੜ ਬੀਆਬਾਨ ਵਿਚ ਬੈਠਾ ਮੱਛਰ ਲੜਾ ਰਿਹਾ ਹਾਂ। ਤੂੰ ਮੀਟ ਕਹਿੰਨਾ, ਮੈਂ ਤਾਂ ਇਸ ਨੂੰ ਚੂਸੀ ਹੋਈ ਹੱਡੀ ਵੀ ਨਾ ਦਿਆਂ।" ਗੱਲ ਵਿਗੜਦੀ ਵੇਖ ਕੇ ਜੰਗੀ ਨੇ ਅਮਰੀਕ ਸਿੰਘ ਸਮੇਤ ਉਥੋਂ ਖਿਸਕਣ ਵਿਚ ਹੀ ਭਲਾਈ।

# ਹੱਸਣ ਦੀ ਆਦਤ ਪਾ ਸੱਜਣਾ...

ਗੁਰਬਾਣੀ ਦਾ ਕਥਨ ਹੈ "ਹੱਸਣ ਖੇਡਣ ਮਨ ਕਾ ਚਾਉ॥" ਜੇਕਰ ਅੱਜ ਮੌਜੂਦਾ ਸਮੇਂ ਸਾਡੇ ਸਮਾਜ ਅੰਦਰ ਦੁਨਿਆਵੀ ਕੰਮਾਂ, ਧੰਦਿਆਂ 'ਤੇ ਝਾਤ ਮਾਰੀਏ, ਤਾਂ ਚਾਰੇ ਪਾਸੇ ਆਲਮ ਬਹੁਤ ਵਿਗੜ ਚੁੱਕਿਆ ਨਜ਼ਰ ਆਉਂਦਾ ਹੈ। ਬਿਮਾਰੀਆਂ ਤੋਂ ਲੈ ਕੇ ਮਾਨਸਿਕ ਪ੍ਰੇਸ਼ਾਨੀ ਤੇ ਤਨਾਅ ਨੇ ਹਰ ਇਨਸਾਨ ਨੂੰ ਬੁਰੀ ਤਰ੍ਹਾਂ ਮਿੱਧ ਕੇ ਰੱਖ ਦਿੱਤਾ ਹੈ। ਜੇਕਰ ਗੁਰਬਾਣੀ ਦੀ ਗੱਲ ਮੰਨੀਏ ਤਾਂ ਅੱਜ ਦਾ ਇਨਸਾਨ ਉਨ੍ਹਾਂ ਕਥਨਾਂ ਤੋਂ ਬਹੁਤ ਦੂਰ ਜਾ ਚੁੱਕਿਆ ਹੈ, ਜਿਨ੍ਹਾਂ ਦੇ ਨੇੜੇ ਰਹਿ ਕੇ ਉਸਨੇ ਆਪਣੀ ਜ਼ਿੰਦਗੀ ਅੰਦਰ ਕੁਝ ਚੰਗਾ ਕਰ ਸਕਣਾ ਸੀ। ਪਰ ਇਨਸਾਨ ਪੈਸੇ ਦੇ ਵੱਸ ਪੈ ਕੇ ਆਪਣੇ ਹਾਸੇ ਅਤੇ ਖੁਸ਼ੀਆਂ ਖੇੜਿਆਂ ਤੋਂ ਦੂਰ ਜਾ ਚੁੱਕਿਆ ਹੈ। ਸਾਰੇ ਖੇਤਰਾਂ ਵਿਚ ਹਾਲਾਤ ਬਹੁਤ ਗਰਕ ਚੁੱਕੇ ਹਨ, ਪੜ੍ਹਾਈ ਨਸ਼ਾ, ਮਾਨਸਿਕ ਤਣਾ, ਪੈਸਾ, ਕਰਜੇ ਦੀ ਦਲਦਲ, ਡੁੱਬ ਰਹੀ ਕਿਸਾਨੀ, ਆਦਿ ਨੇ ਸਭ ਕੁਝ ਦਾ ਸਤਿਆਨਾਸ ਕਰ ਦਿੱਤਾ ਹੈ। ਇਨ੍ਹਾਂ ਤੋਂ ਬਾਅਦ ਸਾਡਾ ਹਾਸਾ ਗੁਆਚ ਖੋ ਗਿਆ ਨਜ਼ਰ ਪੈਂਦਾ ਹੈ।

ਚੰਗੀ ਖੁਰਾਕ ਅਤੇ ਚੰਗੀ ਸਿਹਤ ਦਾ ਰਾਜ ਸਵੇਰ ਦੀ ਸੈਰ ਦੇ ਨਾਲ-ਨਾਲ ਗੁਰਬਾਣੀ ਵੀ ਹੈ, ਜੇਕਰ ਅਸੀਂ ਗੁਰੂਆਂ ਦੇ ਦੱਸੇ ਰਸਤੇ ਦਾ ਰਾਹੀ ਬਣਨ ਦਾ ਯਤਨ ਕਰਾਂਗੇ, ਤਾਂ ਸੁੱਖ ਮਿਲੇਗਾ। ਜੇਕਰ ਬਾਹਰਲੇ ਮੁਲਕਾਂ ਦੀ ਗੱਲ ਕਰੀਏ ਤਾਂ ਉਥੇ ਭਾਵੇਂ ਲੋਕ ਰੱਬ ਨੂੰ ਬਹੁਤ ਘੱਟ ਮੰਨਦੇ ਹਨ ਪਰ ਉਹ ਲੋਕ ਕੁਦਰਤ ਦੇ ਬਹੁਤ ਨੇੜੇ ਹਨ। ਇਨਸਾਨ ਨੇ ਕੁਦਰਤ ਦੇ ਨੇੜੇ ਤਾਂ ਕੀ ਹੋਣਾ ਸੀ ਪਰ ਆਪਣਾ ਸਭ ਕੁਝ ਹੀ ਗੁਆ ਲਿਆ। ਇੰਜ ਜਾਪਦਾ ਹੈ, ਜਿਵੇਂ ਉਸ ਨੂੰ ਹਾਸੇ-ਠੱਠਿਆਂ ਦੀ ਲੋੜ ਨਾ ਹੋ ਕੇ ਪੈਸੇ ਦੀ ਲੋੜ ਹੋਵੇ, ਸੋ ਅੱਜ ਹਾਲਾਤ ਬਹੁਤ ਮਾੜੇ ਹੋ ਚੁੱਕੇ ਹਨ। ਚਾਰੇ ਪਾਸੇ ਆਲਮ ਇੱਕੋ ਜਿਹਾ ਹੈ, ਅਸੀਂ ਇਸ ਲਈ ਆਖ ਰਹੇ ਹਾਂ ਕਿਉਂਕਿ ਹਰ ਖੇਤਰ ਦੇ ਵਿਚ ਹੀ ਬਹੁਤ ਕੁਝ ਵਾਪਰ ਰਿਹਾ ਹੈ। ਜੇਕਰ ਵਿਦਿਆਰਥੀ ਵਰਗ ਦੀ ਗੱਲ ਕਰੀਏ ਤਾਂ ਉਥੇ ਵੀ ਸਭ ਕੁਝ ਸਹੀ ਨਹੀਂ ਹੈ। ਉਸ ਤੋਂ ਬਾਅਦ ਬਿਜ਼ਨਸਮੈਨਾਂ ਦਾ ਤਾਂ ਹਾਲ ਹੀ ਮੰਦਾ ਹੋ ਚੁੱਕਿਆ ਹੈ। ਇੱਕ ਬਿਜ਼ਨਸਮੈਨ ਨੂੰ ਸੈਂਕੜੇ ਮੁਸੀਬਤਾਂ ਅਤੇ ਮਾਨਸਿਕ ਰੋਗਾਂ ਨੇ ਘੇਰ ਰੱਖਿਆ ਹੈ। ਪਰਿਵਾਰਕ ਕਲੇਸ਼ ਵੱਡੇ ਪੱਧਰ 'ਤੇ ਪਨਪ ਰਹੇ ਹਨ।



ਪੜ੍ਹਾਈ ਦੇ ਡਰ ਤੋਂ ਬਹੁਤ ਸਾਰੇ ਨੌਜਵਾਨ ਬੇਹੱਦ ਮੰਦੀ ਸਥਿਤੀ ਗੁਜਰ ਬਸਰ ਕਰ ਰਹੇ ਹਨ। ਉਨ੍ਹਾਂ ਦੀ ਹਾਲਤ ਬਹੁਤ ਜ਼ਿਆਦਾ ਮੰਦੀ ਹੈ। ਨੌਜਵਾਨ ਪੀੜ੍ਹੀ ਕਰਜ਼ੇ ਦੀ ਦਲਦਲ ਵਿਚ ਧੱਸਦੀ ਜਾ ਰਹੀ ਹੈ। ਨਸ਼ੇ ਨੇ ਬਹੁਤ ਵੱਡੇ ਪੱਧਰ 'ਤੇ ਆਪਣੇ ਪੈਰ ਪਸਾਰੇ ਹਨ। ਨਸ਼ਾ ਅੱਜ ਸਾਡੇ ਸਮਾਜ ਲਈ ਇੱਕ ਲਾਹਣਤ ਦੇ ਰੂਪ ਵਿਚ ਵੇਖਿਆ ਜਾਣ ਲੱਗਿਆ ਹੈ ਪਰ ਇੰਨਾ ਕੁਝ ਹੋਣ ਦੇ ਬਾਵਜੂਦ ਪਤਾ ਨਹੀਂ ਕਿਉਂ ਅਸੀਂ ਗੁਰਬਾਣੀ ਤੋਂ ਦੂਰ ਭੱਜ ਰਹੇ ਹਾਂ। ਅਸੀਂ ਗੁਰਬਾਣੀ ਦੇ ਕਥਨ ਅਨੁਸਾਰ ਜਿੰਦਗੀ ਜਿਉਣ ਦੀ ਕਾਮਨਾ ਨਹੀਂ ਕਰਦੇ, ਅਸੀਂ ਸਿਰਫ ਪੈਸੇ ਦੇ ਪਿੱਛੇ ਲੱਗ ਕੇ ਜ਼ਿੰਦਗੀ ਜਿਉ ਰਹੇ ਹਾਂ। ਇੱਕ ਗੱਲ ਮੈਂ ਇਥੇ ਆਖਣੀ ਚਾਹਾਂਗਾ ਕਿ ਪੈਸਾ ਹੀ ਸਭ ਕੁਝ ਨਹੀਂ ਹੁੰਦਾ। ਗੁਰਬਾਣੀ ਦਾ ਕਥਨ ਹੈ ਕਿ "ਹਸਣ ਖੇਡਣ ਮਨ ਕਾ ਚਾਉ॥" ਸਾਰੇ ਇਨਸਾਨਾਂ ਨੂੰ ਹੱਸਣ ਖੇਡਣਾ ਵੀ ਚਾਹੀਦਾ ਹੈ, ਔਰ ਮਾਲਕ ਦੀ ਰਜ਼ਾ ਵਿਚ ਰਾਜੀ ਰਹਿੰਦਿਆਂ ਹੋਇਆਂ ਦੀਨ-ਦੁਖੀਆਂ ਦੀ ਸੇਵਾ ਵੀ ਕਰਨੀ ਚਾਹੀਦੀ ਹੈ। ਹੱਸਣਾ ਹਰ ਇਨਸਾਨ ਲਈ ਜ਼ਰੂਰੀ ਹੈ ਅਤੇ ਹੋਰਾਂ ਨੂੰ ਵੀ ਹਸਾਉਣ ਦੀ ਆਦਤ ਪਾਉਣੀ ਚਾਹੀਦੀ ਹੈ।

ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ
559-281-0841
(Punjab Mail USA)



ਕਿਸੇ ਵੀ ਇਨਸਾਨ ਦੀ ਨਰੋਈ ਸਿਹਤ ਦਾ ਰਾਜ ਕੇਵਲ ਸਵੇਰ ਦੀ ਸੈਰ ਹੈ ਅਤੇ ਨਸ਼ਾ ਮੁਕਤੀ ਹੈ, ਉਸੇ ਨੂੰ ਅਪਣਾ ਕੇ ਇਨਸਾਨ ਨਰੋਆ ਅਤੇ ਸਿਹਤਮੰਦ ਰਹਿ ਸਕਦਾ ਹੈ। ਪਰ ਅੱਜ ਦੇ ਸਮਾਜ ਅੰਦਰ ਇਹ ਚੀਜ਼ਾਂ ਕਿੱਥੇ ਮਿਲਦੀਆਂ ਹਨ। ਸਭ ਕੁਝ ਤਹਿਸ-ਨਹਿਸ ਹੋ ਚੁੱਕਿਆ ਹੈ। ਇੱਕ ਮੈਂ ਇੱਥੇ ਘਟਨਾ ਦਾ ਜ਼ਿਕਰ ਕਰਨਾ ਚਾਹਾਂਗਾ ਕਿ ਭਾਰਤ ਦੇ ਇੱਕ ਸ਼ਹਿਰ ਦੀ ਗੱਲ ਸੁਣਾਵਾਂ, ਜਿੱਥੇ ਇੱਕ ਮਾਂ ਅਤੇ ਪਿਓ ਦੇ ਪੁੱਤਰ ਜੋ ਅਮਰੀਕਾ ਰਹਿੰਦੇ ਸਨ, ਉਹ ਜਦੋਂ ਵਰ੍ਹਿਆਂ ਬਾਅਦ ਗਏ, ਤਾਂ ਉਨ੍ਹਾਂ ਦੀ ਮਾਂ ਦਾ ਕਮਰੇ ਦੇ ਅੰਦਰੋਂ ਕੰਕਾਲ ਹੀ ਮਿਲਿਆ ਸੀ। ਅਜਿਹੀਆਂ ਘਟਨਾਵਾਂ ਨੂੰ ਵੇਖਦੇ ਆਂ, ਸਾਡਾ ਹਾਸਾ ਖੁਸ ਜਾਣ ਦਾ ਮੌਕਾ ਮਿਲਦਾ ਹੈ ਕਿਉਂਕਿ ਜੇਕਰ ਅਸੀਂ ਉਸ ਮਾਲਕ ਦੀ ਰਜ਼ਾ ਵਿਚ ਰਹਿ ਕੇ ਜ਼ਿੰਦਗੀ ਬਸਰ ਨਹੀਂ ਕਰਦੇ, ਤਾਂ ਸੁਭਾਵਿਕ ਹੈ ਕਿ ਅਸੀਂ ਗਲਤ ਰਾਹਾਂ ਦੇ ਧਾਰਨੀ ਬਣ ਚੁੱਕੇ ਹਾਂ। ਨੌਜਵਾਨ ਮੁੰਡੇ-ਕੁੜੀਆਂ ਵੱਲੋਂ ਆਪਣੇ ਫਰਜ਼ਾਂ ਦੀ ਪੂਰਤੀ ਕਰਨ ਦੀ ਥਾਂ ਗਲਤ ਰਸਤੇ ਅਖਤਿਆਰ ਕਰਕੇ, ਯੂ-ਟਰਨ ਮਾਰ ਕੇ ਜ਼ਿੰਦਗੀ ਅੰਦਰ ਕਾਬਜ਼ ਹੋਣ ਦੀ ਜਿਹੜੀ ਨਵੀਂ ਪਿਰਤ ਪਾਈ ਹੈ, ਉਹ ਨੌਜਵਾਨ ਪੀੜ੍ਹੀ ਦੇ ਲਈ ਬੇਹੱਦ ਘਾਟੇ ਦਾ ਸੌਦਾ ਹੈ।

ਹਸਪਤਾਲ ਮਾਨਸਿਕ ਰੋਗ ਦੇ ਚੱਲਦਿਆਂ ਭਰੇ ਪਏ ਹਨ, ਉੱਥੇ ਤਿਲ ਸਿੱਟਣ ਨੂੰ ਥਾਂ ਨਹੀਂ ਹੈ। ਮੇਲਿਆਂ ਉੱਤੇ ਵੀ ਹਾਲ ਇਹੀ ਹੈ ਪਰ ਖੁਸ਼ ਕੋਈ ਵੀ ਨਜ਼ਰ ਨਹੀਂ ਆ ਰਿਹਾ। ਪੰਜਾਬ ਦਾ ਨੌਜਵਾਨ ਪ੍ਰਵਾਸ ਕਰਕੇ ਅਮਰੀਕਾ ਜਾਂ ਹੋਰ ਲਈ ਕੈਨੇਡਾ ਵਰਗੇ ਮੁਲਕਾਂ ਵਿਚ ਜਾ ਰਿਹਾ ਹੈ। ਸਾਡੇ ਪੱਲੇ ਕੀ ਬਚਿਆ ਹੈ, ਸਾਡਾ ਹਾਸਾ ਗੁਆ ਚੁੱਕਿਆ ਹੈ। ਨਸ਼ੇ ਨੇ ਸਾਡਾ ਸਭ ਕੁਝ ਦਾਅ 'ਤੇ ਲਾ ਦਿੱਤਾ ਹੈ। ਪੰਜਾਬ ਦੀਆਂ ਜ਼ਮੀਨਾਂ ਵਿਕ ਰਹੀਆਂ ਹਨ। ਪੰਜਾਬ ਨੂੰ ਚਾਰੇ ਪਾਸਿਓਂ ਬਿਮਾਰੀਆਂ ਨੇ ਘੇਰ ਲਿਆ ਹੈ। ਸਾਡੇ ਤਾਂ ਪੱਲੇ ਵੀ ਕੁਝ ਨਹੀਂ ਬਚਿਆ। ਸਿਆਣਿਆਂ ਨੇ ਬਿਲਕੁਲ ਠੀਕ ਆਖਿਆ ਹੈ ਕਿ ਸਮੇਂ ਦੇ ਨਾਲ ਚੱਲਣਾ ਇਨਸਾਨ ਦੀ ਮਜਬੂਰੀ ਹੁੰਦੀ ਹੈ ਪਰ ਜਿਹੜੇ ਲੋਕ ਸਮੇਂ ਨਾਲੋਂ ਕੁਝ ਕਦਮ ਅੱਗੇ ਚੱਲਦੇ ਹਨ, ਤਾਂ ਕਈ ਵਾਰ ਕਾਹਲੀ ਦੇ ਵਿਚ ਟੋਏ ਵੀ ਆ ਜਾਂਦੇ ਹਨ। ਇਸੇ ਲਈ ਹਰ ਇਨਸਾਨ ਨੂੰ ਚਾਹੀਦਾ ਹੈ ਕਿ ਸਹਿਜ ਮਤੇ ਦੇ ਨਾਲ ਜ਼ਿੰਦਗੀ ਜਿਉਣ ਦੀ ਇੱਛਾ ਰੱਖੇ, ਤਾਂ ਕਿ ਉਸ ਦੀ ਜ਼ਿੰਦਗੀ ਦੇ ਹਾਸੇ ਬਰਕਰਾਰ ਰਹਿ ਸਕਣ। ਜੇਕਰ ਅਸੀਂ ਕਿਸੇ ਇਨਸਾਨ ਦੇ ਹਾਸਿਆਂ ਦਾ ਕਤਲ ਕਰਾਂਗੇ, ਤਾਂ ਮਾਲਕ ਸਾਨੂੰ ਵੀ ਖੁਸ਼ ਰਹਿਣ ਦਾ ਮੌਕਾ ਨਹੀਂ ਦੇਵੇਗਾ, ਇਹ ਜ਼ਿੰਦਗੀ ਦਾ ਦਸਤੂਰ ਹੈ।

# ਕੌੜੀ ਵੇਲ ਵਾਂਗਰ ਵਧ ਰਹੇ ਚੋਣ-ਖ਼ਰਚੇ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)






ਗਰੀਬ ਦੇਸ਼ ਭਾਰਤ! ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਦੇਸ਼ ਭਾਰਤ!! ਜਿਥੋਂ ਦੀ ਆਬਾਦੀ ਦਾ ਵੱਡਾ ਹਿੱਸਾ, ਮਨੁੱਖ ਨੂੰ ਮਿਲਣ ਵਾਲੀਆਂ ਘੱਟੋ-ਘੱਟ ਬੁਨਿਆਦੀ ਸਹੂਲਤਾਂ ਖ਼ਾਸ ਕਰਕੇ ਸਿਹਤ, ਸਿੱਖਿਆ ਸਹੂਲਤਾਂ ਪ੍ਰਾਪਤ ਤੋਂ ਵੀ ਵਿਰਵਾ ਹੈ। ਜਿਸਦੀ 25 ਕਰੋੜ ਦੀ ਆਬਾਦੀ ਭੁੱਖ ਨਾਲ ਘੁਲਦੀ ਹੈ ਅਤੇ ਜਿਸਨੂੰ ਮਸਾਂ ਇੱਕ ਡੰਗ ਰੋਟੀ ਦਿਨ 'ਚ ਨਸੀਬ ਹੁੰਦੀ ਹੈ।

ਉਸ ਦੇਸ਼ ਦੇ ਲੋਕ ਵੱਡੇ ਚੋਣ ਖ਼ਰਚੇ ਵਿਚੋਂ ਲੰਘਕੇ ਆਪਣੀ ਦੇਸ਼ ਦੀ ਸਰਕਾਰ ਚੁਣਦੇ ਹਨ, ਜਿਹੜੀ ਕਈ ਦਹਾਕਿਆਂ ਤੋਂ ਕਲਿਆਣਕਾਰੀ ਸਰਕਾਰ ਨਹੀਂ ਕਹਾ ਸਕੀ।

ਸੈਂਟਰ ਫਾਰ ਮੀਡੀਆ ਸਟੱਡੀਜ਼ ਨਵੀਂ ਦਿੱਲੀ ਅਨੁਸਾਰ ਪਿਛਲੀਆਂ ਭਾਰਤੀ ਲੋਕ ਸਭਾ ਚੋਣਾਂ 'ਤੇ 50,000 ਕਰੋੜ ਰੁਪਏ ਦਾ ਖ਼ਰਚਾ ਹੋਇਆ, ਜੋ 7 ਬਿਲੀਅਨ ਡਾਲਰ ਆਂਕਿਆ ਗਿਆ। ਜਦਕਿ ਅਮਰੀਕਾ ਜੋ ਸਭ ਤੋਂ ਵੱਧ ਚੋਣ ਖ਼ਰਚੇ ਕਰਨ ਲਈ ਗਿਣਿਆ ਜਾਂਦਾ ਸੀ, ਉਸਨੇ ਰਾਸ਼ਟਰਪਤੀ ਚੋਣਾਂ 'ਚ 6.5 ਬਿਲੀਅਨ ਡਾਲਰ ਖ਼ਰਚ ਕੀਤੇ ਸਨ। ਭਾਰਤ 'ਚ ਸਾਲ 2014 ਦੀਆਂ ਲੋਕ ਸਭਾ ਚੋਣਾਂ 'ਚ 5 ਬਿਲੀਅਨ ਡਾਲਰ ਖ਼ਰਚ ਹੋਏ ਸਨ ਅਤੇ ਐਂਤਕਾਂ 2019 ਲੋਕ ਸਭਾ ਚੋਣਾਂ ਦਾ ਖ਼ਰਚਾ ਪਿਛਲੇ ਚੋਣ ਖ਼ਰਚੇ ਨਾਲੋਂ 40 ਫ਼ੀਸਦੀ ਵੱਧ ਹੈ। ਇੱਕ ਅੰਦਾਜ਼ੇ ਅਨੁਸਾਰ ਦੇਸ਼ ਵਿਚ ਇਹ ਚੋਣ ਖ਼ਰਚਾ 8 ਡਾਲਰ (640 ਰੁਪਏ) ਪ੍ਰਤੀ ਵੋਟਰ ਸੀ, ਜਦਕਿ ਭਾਰਤ ਦੇ ਇੱਕ ਜੀਅ ਦੀ ਦਿਹਾੜੀ ਦੀ ਆਮਦਨ ਅੰਦਾਜ਼ਨ ਤਿੰਨ ਡਾਲਰ (240 ਰੁਪਏ ਪ੍ਰਤੀ ਦਿਨ) ਆਂਕੀ ਗਈ ਹੈ।

ਚੋਣ ਖ਼ਰਚਾ ਇੱਕ ਇਹੋ ਜਿਹਾ ਮੁੱਦਾ ਹੈ, ਜਿਸ ਵਿਚ ਚੋਣ ਕਮਿਸ਼ਨ, ਸਿਆਸੀ ਦਲ ਅਤੇ ਭਾਰਤ ਸਰਕਾਰ ਤਿੰਨਾਂ ਦੇ ਹੀ ਆਪੋ-ਆਪਣੇ ਦ੍ਰਿਸ਼ਟੀਕੋਨ ਹਨ। ਸਿਧਾਂਤਕ ਤੌਰ 'ਤੇ ਮੰਨਿਆ ਗਿਆ ਹੈ ਕਿ ਚੋਣਾਂ 'ਚ ਹਿੱਸਾ ਲੈਣ ਜਾਂ ਚੋਣ ਲੜਨ ਦਾ ਹੱਕ ਦੇਸ਼ ਦੇ ਹਰ ਨਾਗਰਿਕ ਨੂੰ ਹੈ। ਇਸ ਲਈ ਸਭ ਨੂੰ ਬਰਾਬਰ ਮੌਕੇ ਦੇਣ ਦੇ ਲਿਹਾਜ ਨਾਲ ਚੋਣ ਜ਼ਾਬਤੇ ਦੇ ਤਹਿਤ ਉਮੀਦਵਾਰ ਲਈ ਖ਼ਰਚ ਦੀ ਸੀਮਾ ਨਿਰਧਾਰਤ ਕੀਤੀ ਗਈ ਹੈ, ਤਾਂਕਿ ਇੰਜ ਨਾ ਹੋਵੇ ਕਿ ਆਰਥਿਕ ਹਾਲਾਤ ਦੇ ਬਲਬੂਤੇ ਧਨੀ ਲੋਕ ਚੋਣ ਜਿੱਤ ਜਾਣ ਅਤੇ ਗਰੀਬ ਅਤੇ ਸਾਧਾਰਨ ਵਰਗ ਦੇ ਲੋਕ ਇਸ ਮੁਕਾਬਲੇ 'ਚ ਪੱਛੜ ਜਾਣ। ਕੇਂਦਰੀ ਕਾਨੂੰਨ ਮਨਿਸਟਰੀ ਵਲੋਂ ਸੰਵਿਧਾਨ ਦੀ ਧਾਰਾ/ਨਿਯਮ-1961 ਦੇ ਪ੍ਰਾਵਾਧਾਨ-90 'ਚ ਸੋਧ ਕਰਦੇ ਹੋਏ ਚੋਣ ਖ਼ਰਚੇ ਦੀ ਸੀਮਾ 'ਚ ਦਸ ਫ਼ੀਸਦੀ ਦਾ ਵਾਧਾ ਕੀਤਾ ਜਾ ਰਿਹਾ ਹੈ ਅਤੇ ਇਸਦੇ ਪਿੱਛੇ ਕਾਰਨ ਕਰੋਨਾ ਮਹਾਂਮਾਰੀ ਨੂੰ ਦੱਸਿਆ ਗਿਆ ਹੈ। ਇਸਦੇ ਅਨੁਸਾਰ ਲੋਕ ਸਭਾ ਚੋਣਾਂ ਲਈ ਵੱਧ ਤੋਂ ਵੱਧ ਖ਼ਰਚ 70 ਲੱਖ ਤੋਂ ਵਧਾਕੇ 77 ਲੱਖ ਅਤੇ ਵਿਧਾਨ ਸਭਾ ਚੋਣਾਂ ਦੇ ਲਈ 28 ਲੱਖ ਤੋਂ ਵਧਾਕੇ 31 ਲੱਖ 75 ਹਜ਼ਾਰ ਕਰਨਾ ਤਹਿ ਕੀਤਾ ਹੈ। ਇਸ ਤੋਂ ਪਹਿਲਾਂ ਚੋਣ ਖ਼ਰਚ ਦੀ ਸੀਮਾ 2014 'ਚ ਵਧਾਈ ਗਈ ਸੀ।

ਭਾਵੇਂ ਕਿ ਚੋਣ ਆਯੋਗ ਨੇ ਚੋਣ ਖ਼ਰਚੇ ਦੀ ਸੀਮਾ 'ਤੇ ਕੰਟਰੋਲ ਲਈ ਨਿਯਮ ਤਹਿ ਕੀਤੇ ਹੋਏ ਹਨ, ਜਿਸ ਅਨੁਸਾਰ ਉਮੀਦਵਾਰਾਂ ਦੇ ਖ਼ਰਚੇ ਦੇ ਰਜਿਸਟਰਾਰ ਦੀ ਜਾਂਚ, ਨਿਰੀਖਣ ਕਰਨਾ, ਵੀਡੀਓਗ੍ਰਾਫੀ ਆਦਿ ਕਰਨਾ ਸ਼ਾਮਲ ਹੈ। ਪਰ ਅਸਲੀਅਤ ਇਹ ਹੈ ਕਿ ਇਨ੍ਹਾਂ ਸਾਰੇ ਯਤਨਾਂ ਦੇ ਬਾਵਜੂਦ ਚੋਣਾਂ ਵਿਚ ਧਨ ਦਾ ਇਸਤੇਮਾਲ ਸਾਰੀਆਂ ਹੱਦਾਂ-ਬੰਨੇ ਟੱਪ ਚੁੱਕਾ ਹੈ। ਚੋਣ ਖ਼ਰਚਾ ਕੰਟਰੋਲ ਤੋਂ ਬਚਣ ਲਈ ਲਗਭਗ ਸਾਰੀਆਂ ਸਿਆਸੀ ਧਿਰਾਂ ਨੇ ਨਵੇਂ ਉਪਾਅ ਕੱਢੇ ਹੋਏ ਹਨ ਅਤੇ ਸਾਰੀਆਂ ਸਿਆਸੀ ਧਿਰਾਂ ਖ਼ਰਚਿਆਂ ਦੇ ਹੱਦਾਂ-ਬੰਨੇ ਟੱਪ ਦਿੰਦੀਆਂ ਹਨ। ਆਮ ਤੌਰ 'ਤੇ ਉਮੀਦਵਾਰਾਂ ਉਤੇ ਤਹਿ ਸੀਮਾ 'ਚ ਵਾਧੂ ਖ਼ਰਚਾ ਕਰਨ ਦੀ ਦਲੀਲ ਇਹ ਦਿੰਦੇ ਹਨ ਕਿ ਖ਼ਰਚਾ-ਸੀਮਾ ਵਧਾਈ ਜਾਣੀ ਚਾਹੀਦੀ ਹੈ, ਤਾਂ ਕਿ ਉਨ੍ਹਾਂ ਨੂੰ ਝੂਠੇ ਹਲਫ਼ਨਾਮੇ ਨਾ ਦੇਣੇ ਪੈਣ।

ਅਸਲ 'ਚ ਭਾਰਤ ਦੇ ਲੋਕਤੰਤਰ ਨੂੰ ਧਨ-ਬਲ ਦੇ ਅਸਰ ਨਾਲ ਕਈ ਔਖਿਆਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਦਾ ਸਭ ਤੋਂ ਬੁਰਾ ਪ੍ਰਭਾਵ ਭ੍ਰਿਸ਼ਟਾਚਾਰ ਵਿਚ ਵਾਧਾ ਹੈ ਜਾਂ ਕਹੀਏ ਕਿ ਭ੍ਰਿਸ਼ਟਾਚਾਰ ਨੂੰ ਮਾਨਤਾ ਮਿਲ ਰਹੀ ਹੈ। ਕਰੋੜਾਂ ਖ਼ਰਚਕੇ ਚੋਣਾਂ ਜਿੱਤਣ ਵਾਲੇ ਜਨ ਸੇਵਾ ਦੇ ਭਾਵ ਨਾਲ ਤਾਂ ਸਿਆਸਤ ਵਿਚ ਆਉਂਦੇ ਨਹੀਂ। ਉਨ੍ਹਾਂ ਦਾ ਮੁੱਢਲਾ ਮੰਤਵ ਤਾਂ ਆਪਣੇ ਖ਼ਰਚ ਹੋਏ ਪੈਸੇ ਬਟੋਰਨਾ ਅਤੇ ਅਗਲੀਆਂ ਚੋਣਾਂ ਲਈ ਧੰਨ ਇਕੱਠਾ ਕਰਨਾ ਹੁੰਦਾ ਹੈ।

ਭਾਰਤ ਵਿਚ ਲੋਕਤੰਤਰ ਉਤੇ ਧਨ ਦਾ ਦਬਾਅ ਲਗਾਤਾਰ ਵੇਖਣ ਨੂੰ ਮਿਲ ਰਿਹਾ ਹੈ। ਦੇਸ਼ ਦੀਆਂ ਪਹਿਲੀਆਂ ਤਿੰਨ ਲੋਕ ਸਭਾ ਚੋਣਾਂ 'ਚ ਖ਼ਰਚਾ ਪ੍ਰਤੀ ਸਾਲ ਲਗਭਗ ਦਸ ਹਜ਼ਾਰ ਕਰੋੜ ਸੀ। ਸਾਲ 2009 'ਚ ਲੋਕ ਸਭਾ ਚੋਣਾਂ 'ਚ ਖ਼ਰਚਾ 20,000 ਕਰੋੜ ਸੀ। ਇਹ 2014 'ਚ ਵੱਧ ਕੇ 30,000 ਕਰੋੜ ਹੋ ਗਿਆ। ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇੱਕ ਕਰੋੜ ਤੋਂ ਵੱਧ ਜਾਇਦਾਦ ਵਾਲੇ ਲੋਕ ਸਭਾ ਮੈਂਬਰਾਂ ਦੀ 2009 'ਚ ਗਿਣਤੀ 58 ਫ਼ੀਸਦੀ ਸੀ, ਜੋ 2014 'ਚ 82 ਫ਼ੀਸਦੀ ਅਤੇ 2019 'ਚ ਵਧਕੇ 88 ਫ਼ੀਸਦੀ ਹੋ ਗਈ। ਹੋਰ ਪ੍ਰਾਪਤ ਅੰਕੜਿਆਂ ਅਨੁਸਾਰ ਦੁਬਾਰਾ ਨਿਰਵਾਚਿਤ 2019 ਅਨੁਸਾਰ ਲੋਕ ਸਭਾ ਮੈਂਬਰਾਂ ਦੀ ਜਾਇਦਾਦ 'ਚ ਔਸਤਨ 39 ਫ਼ੀਸਦੀ ਵਾਧਾ ਹੋਇਆ। ਇਹ ਵੀ ਵਰਨਣਯੋਗ ਹੈ ਕਿ 2009 ਵਿਚ ਲੋਕ ਸਭਾ ਚੋਣਾਂ 'ਚ ਖ਼ਰਚੇ ਦੀ ਸੀਮਾ 2009 'ਚ 25 ਲੱਖ, 2011 'ਚ 40 ਲੱਖ ਅਤੇ 2014 'ਚ 70 ਲੱਖ ਕਰ ਦਿੱਤੀ ਗਈ। 27 ਜੂਨ 2013 ਨੂੰ ਇੱਕ ਵੱਡੇ ਸਿਆਸੀ ਨੇਤਾ, ਜੋ ਕੇਂਦਰੀ ਮੰਤਰੀ ਵੀ ਬਣਿਆ ਨੇ ਇੱਕ ਪਬਲਿਕ ਮੀਟਿੰਗ 'ਚ ਕਿਹਾ ਕਿ ਉਸਨੇ ਸਾਲ 2009 ਦੀ ਚੋਣ ਜਿੱਤਣ ਲਈ 8 ਕਰੋੜ ਰੁਪਏ ਖ਼ਰਚੇ ਸਨ, ਜਦਕਿ ਖ਼ਰਚ ਸੀਮਾ 25 ਲੱਖ ਸੀ। ਏ.ਡੀ.ਆਰ. (ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰੀਫਾਰਮਜ਼) ਨੇ 2009 ਦੇ ਦਿੱਤੇ ਉਮੀਦਵਾਰਾਂ ਦੇ 5773 ਹਲਫਨਾਮੇ ਪਰਖੇ, ਜਿਹੜੇ ਕਹਿੰਦੇ ਹਨ ਕਿ ਉਨ੍ਹਾਂ ਨੀਅਤ ਸੀਮਾ ਤੋਂ ਵੱਧ ਨਹੀਂ ਖ਼ਰਚੇ, ਜਦਕਿ ਇਹ ਇੱਕ ਵੱਡਾ ਝੂਠ ਹੈ। ਇਹ ਸਭ ਕੁਝ ਦੱਸਦਾ ਹੈ ਕਿ ਜੇਕਰ ਸਾਧਾਰਨ ਆਰਥਿਕ ਪਿੱਠ-ਭੂਮੀ ਵਾਲਾ ਜਨ ਸੇਵਕ ਇਹ ਚੋਣਾਂ ਲੜਨਾ ਚਾਹੁੰਦਾ ਹੈ, ਤਾਂ ਇਹ ਅਸੰਭਵ ਹੈ।

ਦੇਸ਼ ਵਿਚ ਸਿਆਸੀ ਦਲਾਂ ਦੇ ਫੰਡਾਂ ਅਤੇ ਉਨ੍ਹਾਂ ਦੇ ਸਰੋਤਾਂ 'ਚ ਵੱਡਾ ਵਾਧਾ ਹੋ ਰਿਹਾ ਹੈ। ਭਾਜਪਾ ਦੁਨੀਆਂ 'ਚ ਸਭ ਤੋਂ ਵੱਡੀ ਸਿਆਸੀ ਪਾਰਟੀ ਬਣ ਚੁੱਕੀ ਹੈ ਅਤੇ ਉਸਨੇ ਕਾਰਪੋਰੇਟਾਂ ਅਤੇ ਹੋਰ ਸਰੋਤਾਂ ਤੋਂ ਬੇਅੰਤ ਮਾਇਆ ਆਪਣੇ ਖ਼ਾਤਿਆਂ 'ਚ ਇਕੱਤਰ ਕਰ ਲਈ ਹੈ, ਜਿਸ ਦੀ ਵਰਤੋਂ ਉਸ ਵਲੋਂ ਚੋਣਾਂ ਦੇ ਪ੍ਰਚਾਰ ਅਤੇ ਰੈਲੀਆਂ 'ਤੇ ਵੱਡੇ ਪੱਧਰ 'ਤੇ ਕੀਤੀ ਜਾ ਰਹੀ ਹੈ। ਦੇਸ਼ ਦੀ ਸੁਪਰੀਮ ਕੋਰਟ ਨੇ ਇੱਕ ਫ਼ੈਸਲੇ ਅਨੁਸਾਰ ਸਿਆਸੀ ਦਲਾਂ ਵਲੋਂ ਕੀਤੇ ਗਏ ਖ਼ਰਚੇ ਉਤੇ ਕੁਝ ਟਿੱਪਣੀਆਂ ਅਤੇ ਫ਼ੈਸਲੇ ਕੀਤੇ ਸਨ ਪਰ ਕੇਂਦਰ ਸਰਕਾਰ ਨੇ ਆਪਣੀ ਸੰਵਿਧਾਨਿਕ ਤਾਕਤ ਦੀ ਵਰਤੋਂ ਕਰਕੇ ਇਸ ਫ਼ੈਸਲੇ ਨੂੰ ਪਲਟ ਦਿੱਤੀ। ਕਿਉਂਕਿ ਲਗਭਗ ਸਾਰੀਆਂ ਪਾਰਟੀਆਂ "ਹਮਾਮ 'ਚ ਨੰਗੀਆਂ ਹਨ" ਅਤੇ ਕਿਸੇ ਹੀਲੇ ਵੀ ਚੋਣ ਫੰਡ ਜੁਟਾਉਣ ਤੋਂ ਪਿੱਛੇ ਨਹੀਂ ਹਟਦੀਆਂ ਤੇ ਇਸ ਮਾਮਲੇ ਤੇ ਇਕੱਠੀਆਂ ਹਨ।

ਸਾਲ 2018 'ਚ ਕੇਂਦਰ ਸਰਕਾਰ ਨੇ ਚੋਣ ਬਾਂਡ ਜਾਰੀ ਕੀਤੇ। ਸਿਆਸੀ ਦਲਾਂ ਨੂੰ ਵਿਦੇਸ਼ੀ ਸਰੋਤਾਂ ਤੋਂ ਚੰਦਾ/ਦਾਨ ਪ੍ਰਾਪਤ ਕਰਨ ਦੀ ਆਗਿਆ ਵੀ ਦੇ ਦਿੱਤੀ। ਇਸ ਅਧੀਨ ਵਿਦੇਸ਼ੀ ਅੰਸ਼ਦਾਨ ਅਧਿਨਿਯਮ 2010 'ਚ ਸੋਧ ਕਰ ਦਿੱਤੀ ਗਈ। ਇਸ ਤਹਿਤ ਵਿਦੇਸ਼ੀ ਕੰਪਨੀਆਂ ਨੂੰ ਸਿਆਸੀ ਚੰਦੇ ਉੱਤੇ ਰੋਕ ਸੀਮਾ ਹਟਾ ਦਿੱਤੀ ਗਈ। ਨਾਲ ਹੀ ਇਹ ਦੱਸਣ ਦੀ ਛੋਟ ਮਿਲ ਗਈ ਕਿ ਵਿਦੇਸ਼ੀ ਕੰਪਨੀਆਂ ਨੇ ਕਿਸ ਸਿਆਸੀ ਦਲ ਨੂੰ ਕਿੰਨਾ ਚੰਦਾ ਦਿੱਤਾ ਹੈ?

ਅੰਕੜਿਆਂ ਅਨੁਸਾਰ ਇਕੱਲੇ ਚੋਣ ਬਾਂਡਾਂ ਤੋਂ ਭਾਜਪਾ ਨੂੰ 2019-20 'ਚ 2555 ਕਰੋੜ ਰੁਪਏ ਮਿਲੇ, ਜਦਕਿ ਕਾਂਗਰਸ ਨੂੰ 318 ਕਰੋੜ ਮਿਲੇ, ਤ੍ਰਿਣਮੂਲ ਕਾਂਗਰਸ ਨੂੰ 100 ਕਰੋੜ, ਸ਼ਰਦ ਪਵਾਰ ਦੀ ਪਾਰਟੀ ਨੈਸ਼ਨਲ ਕਾਂਗਰਸ ਨੂੰ 29.25 ਕਰੋੜ ਅਤੇ ਸ਼ਿਵ ਸੈਨਾ ਨੂੰ 41 ਕਰੋੜ ਅਤੇ ਡੀ.ਐਮ.ਕੇ. ਨੂੰ 45 ਕਰੋੜ ਮਿਲੇ।

ਮਿਲਦੇ ਵੱਡੇ ਧੰਨ ਨੇ ਸਿਆਸੀ ਪਾਰਟੀਆਂ 'ਚ ਧਨ ਬਲ ਦੀ ਵਰਤੋਂ ਵਧਾ ਦਿੱਤੀ। ਇਸ ਨਾਲ ਧਨੀ ਲੋਕਾਂ ਦਾ ਬੋਲਬਾਲਾ ਤਾਂ ਹੋਇਆ ਹੀ, ਪਰ ਨਾਲ ਦੀ ਨਾਲ ਧਨ-ਬਲ ਦੀ ਵਰਤੋਂ ਕਰਨ ਵਾਲੇ ਅਪਰਾਧਿਕ ਮਾਮਲਿਆਂ 'ਚ ਲਿਪਤ ਲੋਕਾਂ ਦੀ ਵੀ ਸਿਆਸਤ 'ਚ ਐਂਟਰੀ ਵੱਧ ਗਈ ਹੈ। ਅਪਰਾਧੀ ਲੋਕ ਚੋਣਾਂ ਜਿੱਤਕੇ "ਮਾਨਯੋਗ" ਬਣ ਜਾਂਦੇ ਹਨ, ਜਿਸ ਵਿਚ ਉਨ੍ਹਾਂ ਨੂੰ ਕਾਨੂੰਨ ਅਤੇ ਪ੍ਰਸ਼ਾਸਨ 'ਚ ਪਹਿਲ ਮਿਲ ਜਾਂਦੀ ਹੈ। ਜਿਸਦੇ ਪ੍ਰਭਾਵ ਨਾਲ ਉਹ ਆਪਣੇ ਅਪਰਾਧਿਕ ਮਾਮਲਿਆਂ 'ਚ ਬਚਾਅ ਕਰ ਲੈਂਦੇ ਹਨ। ਸਾਲ 2019 'ਚ ਚੋਣਾਂ ਵਿਚ ਅਪਰਾਧਿਕ ਮਾਮਲਿਆਂ ਦੇ ਦੋਸ਼ੀ 29 ਫ਼ੀਸਦੀ ਜੇਤੂ ਰਹੇ। 2014 'ਚ ਵਧਕੇ ਇਹ 43 ਫ਼ੀਸਦੀ ਹੋ ਗਏ।

ਸੋਸ਼ਲ ਮੀਡੀਆ ਨੇ ਚੋਣ ਮੁਹਿੰਮ 'ਚ ਬਦਲਾਅ ਅਤੇ ਖ਼ਰਚੇ 'ਚ ਅੰਤਾਂ ਦਾ ਵਾਧਾ ਕੀਤਾ ਹੈ। 2019 'ਚ ਲੋਕ ਸਭਾ ਚੋਣਾਂ 'ਚ 5000 ਕਰੋੜ ਰੁਪਏ ਖ਼ਰਚ ਹੋਏ, ਜਦਕਿ 2014 'ਚ ਇਹ ਖ਼ਰਚਾ 250 ਕਰੋੜ ਸੀ। ਹੈਲੀਕਾਪਟਰਾਂ, ਬੱਸਾਂ ਅਤੇ ਟਰਾਂਸਪੋਰਟ ਦੇ ਹੋਰ ਤੇਜ਼ ਸਾਧਨਾਂ ਦੀ ਸਿਆਸੀ ਨੇਤਾਵਾਂ ਨੇ ਭਰਪੂਰ ਵਰਤੋਂ ਕੀਤੀ।

ਸਿਆਸੀ ਚੋਣ ਪ੍ਰਚਾਰ ਦੇ ਨਾਲ-ਨਾਲ ਵੋਟਰਾਂ ਲਈ ਤੋਹਫ਼ਿਆਂ ਦੀ ਵੰਡ ਸ਼ਰੇਆਮ ਹੋਣ ਲੱਗੀ ਹੈ। 90 ਫ਼ੀਸਦੀ ਸਿਆਸੀ ਨੇਤਾ ਇਹ ਗੱਲ ਮੰਨਦੇ ਹਨ ਕਿ ਉਹ ਨਕਦੀ, ਸ਼ਰਾਬ ਅਤੇ ਟੀ.ਵੀ., ਮੋਟਰਸਾਈਕਲ ਆਦਿ ਤੋਹਫ਼ਿਆਂ ਦੀ ਵਰਤੋਂ ਵੋਟਾਂ ਖਰੀਦਣ ਲਈ ਕਰਦੇ ਹਨ। ਸਾਲ 2019 'ਚ ਚੋਣਾਂ ਦੌਰਾਨ 1.3 ਬਿਲੀਅਨ ਰੁਪਏ ਦੀ ਨਕਦੀ, ਸੋਨਾ, ਸ਼ਰਾਬ ਅਤੇ ਹੋਰ ਨਸ਼ੇ ਇਕੱਲੇ ਕਰਨਾਟਕ ਵਿਚ ਹੀ ਚੋਣ ਕਮਿਸ਼ਨ ਨੇ ਜ਼ਬਤ ਕੀਤੇ। ਆਖ਼ਰ ਇਹ ਪੈਸਾ ਕਿਥੋਂ ਆਉਂਦਾ ਹੈ? ਵੱਡੀਆਂ ਸਿਆਸੀ ਪਾਰਟੀਆਂ ਤੇ ਮਾਰਚ 2018 'ਚ ਇਹ ਘੋਸ਼ਣਾਵਾਂ ਕੀਤੀਆਂ ਕਿ ਉਨ੍ਹਾਂ ਨੂੰ ਮਾਰਚ 2018 'ਚ 13 ਮਿਲੀਅਨ ਰੁਪਏ ਚੰਦੇ/ਧਨ ਦੇ ਰੂਪ 'ਚ ਮਿਲੇ।

ਇਹੋ ਜਿਹੀਆਂ ਪ੍ਰਾਪਤ ਰਕਮਾਂ ਸਿਆਸੀ ਪਾਰਟੀਆਂ ਵਲੋਂ ਆਪਣੀਆਂ ਪਾਰਟੀਆਂ ਦੇ ਚੋਣ ਪ੍ਰਚਾਰ ਲਈ ਵਰਤੀਆਂ ਜਾਂਦੀਆਂ ਹਨ। ਸਾਲ 2019 'ਚ ਪ੍ਰਚਾਰ ਲਈ ਪਾਰਟੀਆਂ ਨੇ ਸਿਰਫ ਟੀ.ਵੀ. ਸਲਾਟਾਂ ਅਤੇ ਅਖ਼ਬਾਰਾਂ 'ਚ 26 ਬਿਲੀਅਨ ਰੁਪਏ ਦੇ ਇਸ਼ਤਿਹਾਰ ਦਿੱਤੇ।

ਗਰੀਬ ਦੇਸ਼ ਦੀ "ਅਮੀਰ ਸਰਕਾਰ ਨੇ ਲੋਕਾਂ ਦੇ ਸਿਰ ਕਰਜ਼ੇ ਦੀਆਂ ਪੰਡਾਂ ਚੜ੍ਹਾਉਂਦਿਆਂ ਸਾਲ 2019 ਦੇ ਚਾਲੂ ਬਜ਼ਟ ਲਈ ਚੋਣ ਕਮਿਸ਼ਨ ਦੇ ਚੋਣ ਖ਼ਰਚਿਆਂ ਲਈ 2.62 ਬਿਲੀਅਨ ਰੁਪਏ ਦਾ ਬਜ਼ਟ ਪਾਸ ਕੀਤਾ ਸੀ।

ਪਿਛਲੇ ਦੋ-ਤਿੰਨ ਦਹਾਕਿਆਂ 'ਚ ਭਾਰਤੀ ਚੋਣ ਦ੍ਰਿਸ਼ ਵਿਚ ਅਪਰਾਧਿਕ ਪਿੱਠ ਭੂਮੀ ਵਾਲੇ ਅਤੇ ਅਮੀਰ ਲੋਕਾਂ ਦਾ ਅੰਕੜਾ ਵਧਦਾ ਜਾ ਰਿਹਾ ਹੈ। ਇਹ ਭਾਰਤੀ ਲੋਕਤੰਤਰ ਲਈ ਗੰਭੀਰ ਵਿਸ਼ਾ ਹੈ। ਇਸ ਵਿਚ ਸਭ ਤੋਂ ਵੱਡਾ ਦੋਸ਼ ਸਿਆਸੀ ਦਲਾਂ ਦਾ ਹੈ, ਕਿਉਂਕਿ ਜਦ ਤੱਕ ਉਹ ਸਿਆਣੇ, ਸੂਝਵਾਨ, ਸੇਵਕ ਲੋਕਾਂ ਦੀ ਬਜਾਏ ਅਪਰਾਧੀਆਂ, ਅਮੀਰਾਂ ਨੂੰ ਪਹਿਲ ਦੇਣਗੇ, ਉਦੋਂ ਤੱਕ ਇਹ ਭੈੜੀਆਂ, ਨਿੰਦਣਯੋਗ ਹਾਲਤਾਂ ਬਣੀਆਂ ਰਹਿਣਗੀਆਂ।


ਸਾਲ 1974 'ਚ ਕੰਵਰ ਲਾਲ ਗੁਪਤਾ ਬਨਾਮ ਅਮਰਨਾਥ ਚਾਵਲਾ ਮਾਮਲੇ 'ਚ ਸੁਪਰੀਮ ਕੋਰਟ ਨੇ ਉਮੀਦ ਜਿਤਾਈ ਸੀ ਕਿ ਕੋਈ ਵੀ ਵਿਅਕਤੀ ਜਾਂ ਸਿਆਸੀ ਦਲ ਚਾਹੇ ਉਹ ਜਿੰਨਾ ਵੀ ਛੋਟਾ ਕਿਉਂ ਨਾ ਹੋਵੇ, ਉਸਨੂੰ ਇਹ ਛੋਟ ਹੋਣੀ ਚਾਹੀਦੀ ਹੈ ਕਿ ਉਹ ਕਿਸੇ ਹੋਰ ਵਿਅਕਤੀ ਜਾਂ ਸਿਆਸੀ ਦਲ ਨਾਲ ਬਰਾਬਰੀ ਦੇ ਆਧਾਰ ਉਤੇ ਚੋਣ ਲੜ ਸਕੇ, ਚਾਹੇ ਉਹ ਕਿੰਨਾ ਵੀ ਸਮਰੱਥਵਾਨ ਕਿਉਂ ਨਾ ਹੋਵੇ? ਕਿਸੇ ਵੀ ਵਿਅਕਤੀ ਜਾਂ ਸਿਆਸੀ ਦਲ ਨੂੰ ਉਸਦੀ ਬੇਹਤਰ ਵਿੱਤੀ ਹਾਲਤ ਦੇ ਕਾਰਨ ਦੂਸਰਿਆਂ ਤੋਂ ਜ਼ਿਆਦਾ ਲਾਭ ਨਹੀਂ ਮਿਲਣਾ ਚਾਹੀਦਾ।

ਹਾਲਾਂਕਿ ਮੌਜੂਦਾ ਸਮੇਂ 'ਚ ਇਹ ਉਮੀਦ ਪੂਰੀ ਹੁੰਦੀ ਨਜ਼ਰ ਨਹੀਂ ਆ ਰਹੀ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



Dr. Bindra Clinic
Dental Care & Hair Transplant
COSMETIC - IMPLANT - RESTORATIVE



ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਜਸਵੀਰ ਸਿੰਘ ਆਹਲੂਵਾਲੀਆ ਦਾ ਕਹਾਣੀ ਸੰਗ੍ਰਹਿ 'ਦੋ ਕੱਪ ਚਾਹ' ਪਰਵਾਸੀ ਜੀਵਨ ਦੀ ਤ੍ਰਾਸਦੀ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਜਸਵੀਰ ਸਿੰਘ ਆਹਲੂਵਾਲੀਆ ਬਹੁ-ਪੱਖੀ ਸਾਹਿਤਕਾਰ ਹੈ। ਉਹ ਕਹਾਣੀਆਂ ਦੇ ਨਾਲ ਰੰਗਮੰਚ ਦਾ ਨਿਰਦੇਸ਼ਕ ਅਤੇ ਅਦਾਕਾਰ ਹੈ। ਉਸ ਦੇ ਹੁਣ ਤੱਕ ਤਿੰਨ ਸਾਂਝੇ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ ਪ੍ਰੰਤੂ 'ਦੋ ਕੱਪ ਚਾਹ' ਉਸ ਦਾ ਇਕੱਲਿਆਂ ਦਾ ਪਲੇਠਾ ਕਹਾਣੀ ਸੰਗ੍ਰਹਿ ਹੈ। ਇਹ ਕਹਾਣੀ ਸੰਗ੍ਰਹਿ ਵੀ ਬਹੁ ਰੰਗਾ ਹੈ ਕਿਉਂਕਿ ਇਸ ਸੰਗ੍ਰਹਿ ਦੀਆਂ ਕਹਾਣੀਆਂ ਦੇ ਵਿਸ਼ਿਆਂ ਦੇ ਅਨੇਕਾਂ ਰੰਗ ਦ੍ਰਿਸ਼ਟਾਂਤਿਕ ਰੂਪ ਵਿਚ ਸਾਹਮਣੇ ਆਉਂਦੇ ਹਨ। ਉਸ ਦੀਆਂ ਕਹਾਣੀਆਂ ਇਨਸਾਨੀ ਜੀਵਨ ਦਾ ਯਥਾਰਥ ਪੇਸ਼ ਕਰਦੀਆਂ ਹਨ। ਇਸ ਸੰਗ੍ਰਹਿ ਵਿਚ 16 ਕਹਾਣੀਆਂ ਹਨ, ਜਿਹੜੀਆਂ ਜ਼ਿੰਦਗੀ ਵਿਚ ਵਾਪਰਨ ਵਾਲੀਆਂ ਘਟਨਾਵਾਂ ਨਾਲ ਸੰਬੰਧਤ ਹਨ। ਇਸ ਲਈ ਇਹ ਕਹਾਣੀਆਂ ਹਰ ਪਾਠਕ ਨੂੰ ਆਪਣੇ ਨਾਲ ਵਾਪਰਦੀਆਂ ਘਟਨਾਵਾਂ ਲੱਗਦੀਆਂ ਹਨ। ਨਿੱਜੀ ਛੋਹ ਹੋਣ ਕਰਕੇ ਕਹਾਣੀਆਂ ਵਿਚ ਦਿਲਚਸਪੀ ਬਣੀ ਰਹਿੰਦੀ ਹੈ। ਆਧੁਨਿਕ ਪਾਠਕ ਦੀ ਲੋੜ ਅਨੁਸਾਰ ਇਹ ਦੋ ਕਹਾਣੀਆਂ ਨੂੰ ਛੱਡ ਕੇ ਬਹੁਤੀਆਂ ਲੰਬੀਆਂ ਨਹੀਂ, ਸਗੋਂ ਦਰਮਿਆਨੇ ਦਰਜੇ ਦੀਆਂ ਹਨ। ਕੁਦਰਤ ਕੇ ਸਭ ਬੰਦੇ, ਇਸ਼ਾਰਾ ਅਤੇ ਮਿਸਿਜ਼ ਸੰਧੂ ਤਿੰਨ ਕਹਾਣੀਆਂ ਵਿਚ ਆਧੁਨਿਕ ਖ਼ੁਰਾਕ ਦੇ ਨਤੀਜੇ ਵਜੋਂ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਪਾਤਰਾਂ ਦੇ ਮਰਨ ਦਾ ਜ਼ਿਕਰ ਕੀਤਾ ਗਿਆ ਹੈ। ਜਸਵੀਰ ਸਿੰਘ ਆਹਲੂਵਾਲੀਆ ਨੂੰ ਸਮਾਜਿਕ ਸਰੋਕਾਰਾਂ ਦਾ ਪ੍ਰਤੀਨਿਧ ਕਹਾਣੀਕਾਰ ਕਿਹਾ ਜਾ ਸਕਦਾ ਹੈ। ਕਹਾਣੀਆਂ ਲਿਖਣ ਦਾ ਸ਼ੌਂਕ ਜਸਵੀਰ ਸਿੰਘ ਆਹਲੂਵਾਲੀਆ ਨੂੰ ਕਾਲਜ ਦੀ ਪੜ੍ਹਾਈ ਦੌਰਾਨ ਹੀ ਪੈਦਾ ਹੋ ਗਿਆ ਸੀ। ਖਾਲਸਾ ਕਾਲਜ ਅੰਮ੍ਰਿਤਸਰ ਦੇ ਮੈਗਜ਼ੀਨ ਵਿਚ ਉਸ ਦੀਆਂ ਕਹਾਣੀਆਂ ਪ੍ਰਕਾਸ਼ਤ ਹੁੰਦੀਆਂ ਰਹੀਆਂ ਹਨ। ਕਾਲਜ ਪੜ੍ਹਦਿਆਂ ਹੀ ਉਸ ਨੂੰ ਰੰਗਮੰਚ ਨਾਲ ਲਗਾਅ ਹੋ ਗਿਆ ਸੀ। ਉਹ ਵੱਡੇ ਨਾਟਕਕਾਰਾਂ ਭਾਅ ਗੁਰਸ਼ਰਨ ਸਿੰਘ ਦੀ ਅਗਵਾਈ ਵਿਚ ਨਾਟਕਾਂ ਵਿਚ ਅਦਾਕਾਰੀ ਕਰਦਾ ਰਿਹਾ। ਫਿਰ ਉਸ ਨੇ ਆਪਣੀ ਨਾਟ ਮੰਡਲੀ 'ਪੰਜਾਬ ਕਲਾ ਸੰਗਮ' ਬਣਾ ਲਈ ਸੀ। ਇਸ ਸੰਸਥਾ ਰਾਹੀਂ ਉਹ ਆਪਣਾ ਰੰਗਮੰਚ ਦਾ ਸ਼ੌਂਕ ਪੂਰਾ ਕਰਦਾ ਰਿਹਾ। ਫਿਰ ਉਹ ਆਸਟਰੇਲੀਆ ਚਲਾ ਗਿਆ, ਜਿਥੇ ਉਸ ਨੇ ਰੰਗਮੰਚ ਨਾਲ ਆਪਣਾ ਨਾਤਾ ਬਰਕਰਾਰ ਰੱਖਦਿਆਂ ਨਾਟਕਾਂ ਦੀ ਨਿਰਦੇਸ਼ਨਾ ਅਤੇ ਅਦਾਕਾਰੀ ਕਰਦਾ ਰਿਹਾ। ਆਸਟਰੇਲੀਆ ਪਹੁੰਚ ਕੇ ਉਸ ਨੇ ਜਿਹੜਾ ਪਰਵਾਸ ਦਾ ਦਰਦ ਹੰਢਾਇਆ, ਉਸ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਕਹਾਣੀ ਸੰਗ੍ਰਹਿ ਪੜ੍ਹਨ ਤੋਂ ਬਾਅਦ ਮਹਿਸੂਸ ਹੁੰਦਾ ਹੈ ਕਿ ਕਹਾਣੀਕਾਰ






ਸਾਰੀਆਂ ਕਹਾਣੀਆਂ ਵਿਚ ਅੱਗੇ ਕੀ ਹੋਇਆ ਦੀ ਸਥਿਤੀ ਪੈਦਾ ਕਰਕੇ ਕਹਾਣੀਆਂ ਨੂੰ ਰੌਚਕ ਬਣਾਉਂਦਾ ਹੈ, ਜਿਸ ਕਰਕੇ ਪਾਠਕ ਕਹਾਣੀ ਪੂਰੀ ਪੜ੍ਹੀ ਬਿਨਾ ਛੱਡ ਨਹੀਂ ਸਕਦਾ। ਇਸ ਕਹਾਣੀ ਸੰਗ੍ਰਹਿ ਦੇ ਨਾਮ ਵਾਲੀ ਪਹਿਲੀ ਕਹਾਣੀ 'ਦੋ ਕੱਪ ਚਾਹ' ਬਹੁ-ਪਰਤੀ ਕਹਾਣੀ ਹੈ। ਇਸ ਨੂੰ ਮਨੋਵਿਗਿਆਨਕ ਕਹਾਣੀ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਕਹਾਣੀ ਇਨਸਾਨ ਦੀ ਇਕੱਲਤਾ ਦੇ ਸਮੇਂ ਮਾਨਸਿਕ ਅਵਸਥਾ ਦਾ ਬਾਖ਼ੂਬੀ ਪ੍ਰਗਟਾਵਾ ਕਰਦੀ ਹੈ। ਇਹ ਵੀ ਮਹਿਸੂਸ ਹੁੰਦਾ ਹੈ ਕਿ ਇਨਸਾਨ ਲਈ ਇਕੱਲਤਾ ਸਰਾਪ ਹੁੰਦੀ ਹੈ। ਉਸ ਸਰਾਪ ਨੂੰ ਦੂਰ ਕਰਨ ਲਈ ਮੁਹੱਬਤ ਦਾ ਜਾਮਾ ਪਹਿਨਾਉਣਾ ਇਨਸਾਨ ਦੀ ਕਮਜ਼ੋਰੀ ਬਣ ਜਾਂਦਾ ਹੈ। ਇਸਤਰੀ ਆਪਣੇ ਪਤੀ ਦੀ ਮੌਤ ਦਾ ਗ਼ਮ ਭੁਲਾਉਣ ਲਈ ਮਰਦ ਦਾ ਸਹਾਰਾ ਲੈਂਦੀ ਹੈ। ਉਡੀਕ ਤੇ ਉਤਸੁਕਤਾ ਜ਼ਿੰਦਗੀ ਨੂੰ ਤਰੋਤਾਜ਼ਾ ਕਰਦੇ ਹਨ। ਇਸੇ ਤਰ੍ਹਾਂ 'ਮੈਂ ਤੇ ਮਿਸਿਜ਼ ਸੰਧੂ' ਕਹਾਣੀ ਵੀ ਇਸਤਰੀ ਦੇ ਪਤੀ ਕਰਨਲ ਸੰਧੂ ਅਤੇ ਇਕ ਹੋਰ ਮਰਦ ਦੀ ਪਤਨੀ ਦੀ ਮੌਤ ਤੋਂ ਬਾਅਦ ਇਕੱਲਾਪਣ ਮਹਿਸੂਸ ਕਰਦੇ ਸੀ। ਦੋਵੇਂ ਕੈਂਸਰ ਦੀ ਬਿਮਾਰੀ ਨਾਲ ਸਵਰਗਵਾਸ ਹੋਏ ਸਨ। ਦੋਹਾਂ ਦੀ ਦੋਸਤੀ ਜ਼ਿੰਦਗੀ ਵਿਚ ਰੰਗੀਨਤਾ ਲਿਆਉਂਦੀ ਹੈ। 'ਕਾਰਜ ਆਇਆ ਰਾਸ' ਭਾਵੇਂ ਕਾਲਪਨਿਕ ਲੱਗਦੀ ਹੈ ਪ੍ਰੰਤੂ ਧਾਰਮਿਕ ਆਸਥਾ ਦਾ ਪ੍ਰਤੀਕ ਬਣਦੀ ਹੈ। 'ਹਵਾਈ ਫਾਇਰ' ਕਹਾਣੀ ਆਸਟਰੇਲੀਆ ਦੀ ਪੁਲਿਸ ਦੀ ਬਿਹਤਰੀਨ ਕਾਰਗੁਜ਼ਾਰੀ ਦਾ ਪਰਦਰਸ਼ਨ ਕਰਦੀ ਹੈ। 'ਇਮਾਨ' ਕਹਾਣੀ ਪੰਜਾਬ ਦੇ ਮਾੜੇ ਦਿਨਾਂ, ਭ੍ਰਿਸ਼ਟਾਚਾਰ ਅਤੇ ਧੋਖੇ-ਫਰੇਬ ਦੇ ਹਾਲਾਤ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਗੁਰਦੀਪ ਸਿੰਘ ਵਰਗੇ 'ਕੋਈ ਹਰਿਓ ਬੂਟ ਰਹਿਓ ਰੀ' ਦੀ ਤਰ੍ਹਾਂ ਹਨ, ਜਿਹੜੇ ਧੋਖਾ ਕਰਨ ਵਾਲੇ ਵਿਅਕਤੀ ਨੂੰ ਮੁਆਫ ਕਰਨ ਲਈ ਤਿਆਰ ਹਨ। ਇਸ਼ਾਰਾ ਕਹਾਣੀ ਵੀ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਮਿਸਿਜ਼ ਚੋਪੜਾ ਦੇ ਪਤੀ ਕਰਨਲ ਚੋਪੜਾ ਦੇ ਸਵਰਗਵਾਸ ਹੋਣ ਬਾਰੇ ਜਾਣਕਾਰੀ ਦਿੰਦੀ ਹੈ। ਮਿਸਿਜ਼ ਚੋਪੜਾ ਅਤੇ ਨਿਤਿਨ ਵੀ ਦੋਵੇਂ ਇਕੱਲਤਾ ਦੇ ਮਰੀਜ਼ ਹਨ। ਦੋਵੇਂ ਦੋਸਤ ਬਣਕੇ ਜੀਵਨ ਬਸਰ ਕਰਨ ਬਾਰੇ ਸਚਦੇ ਹਨ। 'ਇਹ ਕੈਸੀ ਅੱਗ' ਕਹਾਣੀ ਆਸਟਰੇਲੀਆ ਵਿਚ ਗਰਮੀ ਦੇ ਮੌਸਮ ਦੌਰਾਨ ਕੁਦਰਤੀ ਅੱਗਾਂ ਲੱਗਣ ਨਾਲ ਹੋਣ ਬਾਰੇ ਨੁਕਸਾਨ ਦੀ ਜਾਣਕਾਰੀ ਦਿੰਦੀਆਂ ਅੰਗਾਂ ਤੋਂ ਪ੍ਰਭਾਵਤ ਲੋਕਾਂ ਨੂੰ ਸਮਾਜ ਅਤੇ ਸਰਕਾਰ ਮੁੜ ਵਸੇਬੇ ਲਈ ਆਰਥਿਕ ਮਦਦ ਕਰਦੇ ਹਨ ਪ੍ਰੰਤੂ ਭਾਰਤ ਵਿਚ ਧਾਰਮਿਕ ਕੱਟੜਤਾ ਕਰਕੇ ਦੰਗੇ, ਜਲਸੇ, ਜਲੂਸ ਅਤੇ ਅੱਗਾਂ ਲਗਾਈਆਂ ਜਾਂਦੀਆਂ ਹਨ। ਭਾਰਤ ਵਿਚ ਇਨਸਾਨ ਇਨਸਾਨ ਦਾ ਵੈਰੀ ਬਣਦਾ ਹੈ, ਜਦੋਂਕਿ ਆਸਟਰੇਲੀਆ ਵਿਚ ਮਦਦਗਾਰ ਬਣਦਾ ਹੈ। ਭਾਰਤ ਦੀ ਵੱਧਦੀ ਆਬਾਦੀ ਬਾਰੇ ਵੀ ਕਹਾਣੀਕਾਰ ਚਿੰਤਾ ਕਰਦਾ ਹੈ, ਜਿਸ ਸੰਬੰਧੀ ਲੀਜ਼ਾ ਕੋਲੋਂ ਕਹਾਉਂਦਾ ਹੈ ਕਿ ਉਹ ਭੀੜ ਵੇਖਕੇ ਘਬਰਾ ਗਈ। 'ਕੈਫ਼ੇ ਵਾਲੀ ਜੈਸਿਕਾ' ਕਹਾਣੀ ਤਸਦੀਕ ਕਰਦੀ ਹੈ ਕਿ ਪਰਵਾਸ ਵਿਚ ਜ਼ਿੰਦਗੀ ਜੱਦੋ-ਜਹਿਦ ਵਾਲੀ ਹੁੰਦੀ ਹੈ। ਪਰਵਾਸ ਵਿਚ ਵੀ ਮਾੜੀ ਸੋਚ ਵਾਲੇ ਕੁਝ ਲੋਕ ਰਹਿੰਦੇ ਹਨ, ਜਿਹੜੇ ਲੜਕੀਆਂ ਨੂੰ ਗ਼ਲਤ ਨਜ਼ਰ ਨਾਲ ਵੇਖਦੇ ਹਨ। ਘੱਟ ਉਜਰਤ ਤੇ ਵਧੇਰੇ ਕੰਮ ਲੈਂਦੇ ਹਨ ਪ੍ਰੰਤੂ ਇਸ ਦੇ ਨਾਲ ਹੀ ਕਹਾਣੀਕਾਰ ਦੱਸਦਾ ਹੈ ਕਿ ਸੁਰਜੀਤ ਵਰਗੇ ਚੰਗੇ ਇਨਸਾਨ ਵੀ ਹੁੰਦੇ ਹਨ, ਜਿਹੜੇ ਲੜਕੀਆਂ ਦੀ ਮਦਦ ਕਰਦੇ ਹਨ। ਜੈਸਿਕਾ ਵੱਲੋਂ ਸੁਰਜੀਤ ਦਾ ਮੋਬਾਈਲ ਮੋੜਨਾ ਇਮਾਨਦਾਰੀ ਦਾ ਪ੍ਰਤੀਕ ਹੈ। 'ਕਿਰਨਾ ਵਾਲਾ ਸੂਰਜ' ਕਹਾਣੀ ਸੰਸਾਰ ਵਿਚ ਹੜ੍ਹਾਂ ਦੀ ਤ੍ਰਾਸਦੀ ਦਾ ਜ਼ਿਕਰ ਕਰਦੀ ਹੈ ਤੇ ਬਚਪਨ ਦੀਆਂ ਯਾਦਾਂ ਤਾਜ਼ਾ ਕਰਵਾਉਂਦੀ ਹੈ ਕਿ ਬੱਚੇ ਕਿਵੇਂ ਡਰਦੇ ਸਨ। 'ਰਿਸਦੇ ਜ਼ਖ਼ਮ' ਕਹਾਣੀ ਭਾਰਤ ਵਿਚ ਇਮਾਨਦਾਰ ਤੇ ਸ਼ਰੀਫ ਇਨਸਾਨਾਂ ਨਾਲ ਹੋ ਰਹੀਆਂ ਵਧੀਕੀਆਂ ਬਾਰੇ ਜਾਣਕਾਰੀ ਦਿੰਦੀ ਹੈ। ਇਸ ਕਹਾਣੀ ਦਾ ਸਿੱਟਾ ਇਹ ਵੀ ਨਿਕਲਦਾ ਹੈ ਕਿ ਮੁਆਫ਼ੀ ਦੇਣ ਨਾਲ ਇਨਸਾਨ ਖ਼ੁਦ ਵੀ ਭਾਰ ਮੁਕਤ ਹੋ ਜਾਂਦਾ ਹੈ। 'ਸਰਦਾਰੋ' ਕਹਾਣੀ ਪੰਜਾਬ ਵਿਚ ਮਾਪਿਆਂ ਦੇ ਸਵਰਗਵਾਸ ਹੋ ਜਾਣ ਤੋਂ ਬਾਅਦ ਜਾਇਦਾਦਾਂ ਨੂੰ ਹੜੱਪਣ ਲਈ ਪਰਿਵਾਰਾਂ ਦੀ ਪ੍ਰਵਿਰਤੀ ਬਾਰੇ ਹੈ ਪ੍ਰੰਤੂ ਇਹ ਕਹਾਣੀ ਬਚਪਨ ਦੀਆਂ ਦੋਸਤੀਆਂ ਦੀ ਪਵਿੱਤਰਤਾ ਦਾ ਪ੍ਰਗਟਾਵਾ ਵੀ ਕਰਦੀ ਹੈ। 'ਅਸੀਂ ਜਾਨੀ ਜਾਣ ਹੁੰਦੇ ਹਾਂ' ਇਹ ਵੀ ਪੰਜਾਬ ਵਿਚ ਖੁੰਬਾਂ ਵਾਂਗੂੰ ਪੈਦਾ ਹੋਏ ਸਾਧਾਂ ਸੰਤਾਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੀ ਹੈ ਕਿ ਕਿਵੇਂ ਭੋਲੇ-ਭਾਲੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਪੰਜਾਬ ਵਿਚਲੀਆਂ ਹੇਰਾਫੇਰੀਆਂ ਤੋਂ ਇਲਾਵਾ ਪਰਵਾਸ ਵਿਚ ਜਾ ਕੇ ਵੀ ਆਪਣੇ ਚੇਲਿਆਂ ਰਾਹੀਂ ਅਮੀਰ ਲੋਕਾਂ ਤੋਂ ਪੈਸੇ ਹੜੱਪਦੇ ਹਨ। 'ਕੁਦਰਤ ਕੇ ਸਭ ਬੰਦੇ' ਕਹਾਣੀ ਵਿਚ ਜ਼ਾਤ-ਪਾਤ ਅਤੇ ਨਸਲੀ ਵਿਤਕਰੇ ਦਾ ਖੰਡਨ ਕੀਤਾ ਗਿਆ ਹੈ। ਕ੍ਰਿਸ਼ਨ ਮੁਸਲਮਾਨ ਦੀ ਦੁਕਾਨ ਤੋਂ ਸੌਦਾ ਲੈਣ ਨੂੰ ਤਿਆਰ ਨਹੀਂ ਸੀ ਪ੍ਰੰਤੂ ਜਦੋਂ ਕੈਂਸਰ ਦੀ ਬਿਮਾਰੀ ਵਿਚ ਖ਼ੂਨ ਦੀ ਲੋੜ ਪਈ, ਤਾਂ ਉਸ ਦੇ ਦਿਮਾਗ ਤੋਂ ਜਾਤ-ਪਾਤ ਦਾ ਭੂਤ ਉਤਰ ਗਿਆ ਕਿਉਂਕਿ ਖ਼ੂਨ ਦੀ ਕੋਈ ਜਾਤ ਤੇ ਧਰਮ ਨਹੀਂ ਹੁੰਦਾ। 'ਤਿੰਨ ਬਲ ਰਹੇ ਸਿਵੇ' ਕਹਾਣੀ ਪਰਵਾਸ ਵਿਚ ਵੀ ਪੰਜਾਬੀਆਂ ਦੀ ਧੋਖੇ, ਫਰੇਬ ਅਤੇ ਵਿਸ਼ਵਾਸਘਾਤ ਦੀ ਪ੍ਰਵਿਰਤੀ ਬਾਰੇ ਜਾਣਕਾਰੀ ਦਿੰਦੀ ਹੈ। ਜਗਮੋਹਨ ਅਤੇ ਗੁਰਮੀਤ ਨੇ ਆਪਣੇ ਦੋਸਤ ਗੁਰਸੇਵਕ ਦੀ ਲੜਕੀ ਨੂੰ ਵਰਗਲਾ ਕੇ ਕੁਛੜ ਵਿਚ ਬਹਿ ਕੇ ਦਾਹੜੀ ਮੁੰਨੀ ਹੈ। ਇਸ ਕਹਾਣੀ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਪਰਵਾਸ ਵਿਚ ਬਾਲਗ ਬੱਚੇ ਮਾਂ-ਪਿਓ ਨੂੰ ਵੀ ਟਿੱਚ ਸਮਝਦੇ ਹਨ। 'ਮੈਂ ਹੁਣ ਕਿਹਦੇ ਨਾਲ ਖੇਡਾਂਗੀ' ਪੰਜਾਬ ਵਿਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦੇ ਹੋਏ ਕਤਲਾਂ ਦੀ ਦਾਸਤਾਂ ਹੈ। ਇਸ ਕਤਲ ਨੇ ਹਿੰਦੂਆਂ ਅਤੇ ਸਿੱਖਾਂ ਵਿਚ ਨਫ਼ਰਤ ਪੈਦਾ ਕਰ ਦਿੱਤੀ ਸੀ। ਹਾਲਾਂਕਿ ਜਨਰਲ ਸ਼ਰਮਾਂ ਨੂੰ ਹਰਟ ਅਟੈਕ ਹੋਣ 'ਤੇ ਸਿੱਖ ਗੁਆਂਢੀ ਨੇ ਉਸ ਦੀ ਜਾਨ ਬਚਾਈ ਸੀ ਪ੍ਰੰਤੂ ਜਨਰਲ ਸ਼ਰਮਾ ਦੀ ਪਤਨੀ ਕਮਲਾ ਸ਼ਰਮਾ ਸਿੱਖ ਪਰਿਵਾਰ ਦੀ ਲੜਕੀ ਨਾਲ ਹਿੰਦੂ ਬੱਚਿਆਂ ਨੂੰ ਖੇਡਣ ਤੋਂ ਰੋਕਦੀ ਹੈ। ਇਹ ਤ੍ਰਾਸਦੀ ਬੜੀ ਦੁਖਦਾਈ ਹੈ। ਨਸਲੀ ਵਿਤਕਰਾ ਬਰਕਰਾਰ ਰਿਹਾ। 'ਬੰਦ ਡੱਬਾ' ਕਹਾਣੀ ਬੀਨਾ ਅਤੇ ਜਗਤਾਰ ਦੇ ਜੀਵਨ ਸਾਥੀਆਂ ਦੀ ਮੌਤ ਤੋਂ ਬਾਅਦ ਇਕੱਲਪਣ ਦੂਰ ਕਰਨ ਲਈ ਜੀਵਨ ਬਸਰ ਕਰਨ ਲਈ ਦੋਸਤੀ ਜ਼ਰੂਰੀ ਵਿਖਾਈ ਗਈ ਹੈ।

128 ਪੰਨਿਆਂ, ਭਾਰਤ 200 ਰੁਪਏ, ਆਸਟਰੇਲੀਆ 15 ਡਾਲਰ ਕੀਮਤ, ਦਿਲਕਸ਼ ਰੰਗਦਾਰ ਮੁੱਖ ਕਵਰ ਵਾਲਾ ਕਹਾਣੀ ਸੰਗ੍ਰਹਿ ਨਾਨਕ ਪੁਸਤਕ ਮਾਲਾ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ।

# ਸਫਲਤਾ ਲਈ ਕਾਫ਼ੀ ਨਹੀਂ ਹੁੰਦੇ ਸੋਚ ਤੇ ਸੁਪਨੇ

ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ
ਕਾਲਮਨਿਸਟ ਮਲੋਟ (ਪੰਜਾਬ)
(Punjab Mail USA)



ਦੁਨੀਆਂ ਦੇ ਮਹਾਨ ਫ਼ਿਲਾਸਫਰ ਚਾਰਲਸ ਡਿਕਨਜ਼ ਨੂੰ ਉਸਦੇ ਇੱਕ ਦੋਸਤ ਨੇ ਉਸ ਨੂੰ ਇਹ ਪੁੱਛਿਆ ਕਿ ਮੈਂ ਤੈਨੂੰ ਆਪਣਾ ਜਿਗਰੀ ਦੋਸਤ ਸਮਝਕੇ ਬਹੁਤ ਵਾਰ ਇਹ ਸਵਾਲ ਕੀਤਾ ਕਿ ਮੈਨੂੰ ਇੱਕ ਵੱਡਾ ਵਪਾਰੀ ਬਣਨ 'ਚ ਵਾਰ-ਵਾਰ ਯਤਨ ਕਰਨ 'ਤੇ ਵੀ ਸਫਲਤਾ ਪ੍ਰਾਪਤ ਕਿਉਂ ਨਹੀਂ ਹੋ ਰਹੀ? ਮੇਰੇ ਯਤਨਾਂ ਵਿਚ ਕੀ ਘਾਟ ਹੈ? ਤੂੰ ਮੇਰੇ ਸਵਾਲ ਦਾ ਜਵਾਬ ਦੇਣ ਦੀ ਬਜਾਏ ਜਾਂ ਤਾਂ ਚੁੱਪ ਹੋ ਜਾਂਦਾ ਹੈ ਜਾਂ ਫੇਰ ਗੱਲ ਪਲਟ ਦਿੰਦਾ ਹੈ। ਡਿਕਨਜ਼ ਨੇ ਆਪਣੇ ਉਸ ਦੋਸਤ ਨੂੰ ਅੱਗੋਂ ਜਵਾਬ ਦਿੱਤਾ, 'ਦੋਸਤ, ਤੈਨੂੰ ਮੇਰੇ ਜਵਾਬ ਨਾ ਦੇਣ ਦਾ ਕਾਰਨ ਇਹ ਹੈ ਕਿ ਜ਼ਿਆਦਤਰ ਲੋਕ ਸੱਚ ਸੁਣਨਾ ਪਸੰਦ ਨਹੀਂ ਕਰਦੇ। ਮੈਂ ਸੱਚ ਬੋਲ ਕੇ ਤੈਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦਾ ਸਾਂ ਪਰ ਹੁਣ ਜੇ ਤੂੰ ਆਪਣੀ ਅਸਫਲਤਾ ਦਾ ਕਾਰਨ ਪੁੱਛਣਾ ਹੀ ਚਾਹੁੰਦਾ ਹੈ, ਤਾਂ ਅਸਲੀ ਕਾਰਨ ਇਹ ਹੈ ਕਿ ਤੇਰੇ ਯਤਨਾਂ ਦਾ ਕੱਦ ਤੇਰੀ ਸੋਚ ਤੇ ਸੁਪਨਿਆਂ ਨਾਲੋਂ ਛੋਟਾ ਹੈ। ਡਿਕਨਜ਼ ਦੇ ਦੋਸਤ ਨੇ ਉਸ ਨੂੰ ਮੁੜ ਸਵਾਲ ਕੀਤਾ, ਮਿੱਤਰ, ਆਪਣੀ ਸਫਲਤਾ ਲਈ ਮੈਂ ਸੱਚ ਸੁਣਨ ਨੂੰ ਤਿਆਰ ਹਾਂ, ਮੈਨੂੰ ਜ਼ਰਾ ਵਿਸਥਾਰ ਨਾਲ ਦੱਸ। ਡਿਕਨਜ਼ ਬੋਲਿਆ, ਦੋਸਤ, ਤੂੰ ਵੱਡਾ ਵਪਾਰੀ ਬਣਨ ਦੀ ਸੋਚ ਤਾਂ ਰੱਖਦਾ ਹੈ, ਸੁਪਨੇ ਵੀ ਲੈਂਦਾ ਹੈ ਪਰ ਵੱਡਾ ਵਪਾਰੀ ਬਣਨ ਲਈ ਆਪਣਾ ਸੁੱਖ ਚੈਨ ਖੋਹਣਾ ਪੈਂਦਾ ਹੈ।

ਉਸ ਲਈ ਆਪਣੇ 'ਚ ਇੱਕ ਜਨੂੰਨ ਪੈਦਾ ਕਰਨਾ ਪੈਂਦਾ ਹੈ। ਜ਼ਮੀਨੀ ਹਕੀਕਤਾਂ ਨਾਲ ਲੜਨਾ ਪੈਂਦਾ ਹੈ। ਤੂੰ ਆਪਣਾ ਆਤਮ ਮੰਥਨ ਕਰਕੇ ਵੇਖ ਕਿ ਤੇਰੇ ਵਿਚ ਇਹ ਸਾਰਾ ਕੁੱਝ ਹੈ? ਜਿਸ ਦਿਨ ਤੂੰ ਆਪਣੇ 'ਚ ਇਹ ਗੁਣ ਪੈਦਾ ਕਰ ਲਵੇਂਗਾ, ਉਸ ਦਿਨ ਤੈਨੂੰ ਕਿਸੇ ਨੂੰ ਵੀ ਇਹ ਸਵਾਲ ਕਰਨਾ ਨਹੀਂ ਪਵੇਗਾ। ਇਸ ਦੁਨੀਆਂ 'ਚ ਅੱਜ ਤੱਕ ਕੋਈ ਅਜਿਹਾ ਵਿਅਕਤੀ ਪੈਦਾ ਨਹੀਂ ਹੋਇਆ, ਜਿਸ ਨੇ ਵੱਡਾ ਬਣਨ, ਮਹਾਨ ਹੋਣ, ਦੂਜਿਆਂ ਨਾਲੋਂ ਕੁੱਝ ਅੱਡ ਕਰਨ ਤੇ ਉੱਚੀ ਮੰਜ਼ਿਲ ਪ੍ਰਾਪਤ ਕਰਨ ਬਾਰੇ ਨਾ ਸੋਚਿਆ ਹੋਵੇ ਤੇ ਸੁਪਨੇ ਨਹੀਂ ਲਏ ਹੋਣਗੇ।

ਜੇਕਰ ਇਸ ਦੁਨੀਆਂ 'ਚ ਸੋਚਣ ਤੇ ਸੁਪਨੇ ਲੈਣ ਨਾਲ ਸਫਲਤਾ ਪ੍ਰਾਪਤ ਹੋ ਜਾਂਦੀ, ਤਾਂ ਹਰ ਕੋਈ ਆਪਣੇ ਉਦੇਸ਼ ਤੇ ਮੰਜ਼ਿਲ ਦੀ ਪ੍ਰਾਪਤੀ ਕਰ ਲੈਂਦਾ ਤੇ ਮਿਹਨਤ, ਸੰਘਰਸ਼ ਅਤੇ ਭਰਪੂਰ ਯਤਨ ਕਰਨ ਦੇ ਜਜ਼ਬੇ ਦਾ ਕੋਈ ਮਹੱਤਵ ਵੀ ਨਾ ਰਹਿ ਜਾਂਦਾ।

ਨਿਕੰਮੇ, ਕੰਮਚੋਰ, ਆਲਸੀ ਲੋਕਾਂ ਅਤੇ ਮਿਹਨਤੀ, ਕਰਮਯੋਗੀ ਤੇ ਸੰਘਰਸ਼ਸ਼ੀਲ ਲੋਕਾਂ 'ਚ ਕੋਈ ਫ਼ਰਕ ਨਾ ਰਹਿ ਜਾਂਦਾ। ਲੋਕ ਮਿਹਨਤ ਅਤੇ ਸੰਘਰਸ਼ ਕਰਨਾ ਛੱਡ ਹੀ ਦਿੰਦੇ। ਕੇਵਲ ਸੋਚ ਅਤੇ ਸੁਪਨਿਆਂ ਦੇ ਸਹਾਰੇ ਸਫਲਤਾ ਹਾਸਲ ਕਰਨ ਵਾਲੇ ਲੋਕ ਜਦੋਂ ਆਪਣੇ ਉਦੇਸ਼ 'ਚ ਸਫਲ ਨਹੀਂ ਹੁੰਦੇ, ਤਾਂ ਉਹ ਖ਼ੁਦ 'ਚ ਨੁਕਸ ਕੱਢਣ ਦੀ ਬਜਾਏ ਆਪਣੀ ਕਿਸਮਤ ਨੂੰ ਦੋਸ਼ ਦੇਣ ਲੱਗ ਪੈਂਦੇ ਹਨ। ਆਪਣੇ ਹੱਥ ਵਿਖਾਉਣ ਲੱਗ ਪੈਂਦੇ ਹਨ। ਜਿਹੜੇ ਅਧਿਆਪਕ ਵਧੀਆ ਨਤੀਜੇ ਲਿਆਉਣ ਲਈ ਜਮਾਤਾਂ ਵਿਚ ਬੱਚਿਆਂ ਨੂੰ ਮਿਹਨਤ ਨਾਲ ਪੜ੍ਹਾਉਣ ਦੀ ਬਜਾਏ ਕੇਵਲ ਸੋਚਦੇ ਤੇ ਸੁਪਨੇ ਹੀ ਲੈਂਦੇ ਹਨ, ਉਹ ਆਪਣੇ ਉਦੇਸ਼ ਵਿਚ ਕਦੇ ਸਫਲ ਨਹੀਂ ਹੁੰਦੇ।

ਸਾਊਥ ਅਫਰੀਕਾ ਦੇ ਰਾਸ਼ਟਰਪਤੀ ਨੈਲਸਨ ਮੰਡੇਲਾ ਦਾ ਕਹਿਣਾ ਸੀ ਕਿ ਸੋਚ ਅਤੇ ਸੁਪਨੇ ਮਹਾਨ ਪ੍ਰਾਪਤੀਆਂ ਦੀ ਨੀਂਹ ਤੇ ਪਹਿਲਾ ਪੜਾਅ ਹੁੰਦੇ ਹਨ ਪਰ ਜੇਕਰ ਤੁਸੀਂ ਉਸ ਨੀਂਹ ਉੱਤੇ ਮਿਹਨਤ ਅਤੇ ਸੰਘਰਸ਼ ਦੀਆਂ ਕੰਧਾਂ ਨਹੀਂ ਚੁੱਕਦੇ ਤੇ ਅਗਲੇ ਪੜਾਅ ਵੱਲ ਨਹੀਂ ਵੱਧਦੇ, ਤਾਂ ਮਹਾਨ ਪ੍ਰਾਪਤੀਆਂ ਤੁਹਾਡੇ ਕੋਲੋਂ ਦੂਰ ਹੀ ਰਹਿੰਦੀਆਂ ਹਨ। ਵੱਡੀਆਂ ਜਿੱਤਾਂ ਅਤੇ ਮੰਜ਼ਿਲਾਂ ਹਾਸਲ ਕਰਨ ਵਾਲੇ ਲੋਕ ਪਹਿਲਾਂ ਦਿਨ-ਰਾਤ ਇੱਕ ਕਰਦੇ ਹਨ, ਆਪਣੇ ਸੁੱਖ ਤੇ ਆਰਾਮ ਦੀ ਪ੍ਰਵਾਹ ਨਹੀਂ ਕਰਦੇ ਪਰ ਬਾਅਦ ਵਿਚ ਉਹੀ ਲੋਕ ਇਤਿਹਾਸ ਦੇ ਨਾਇਕ ਬਣ ਜਾਂਦੇ ਹਨ। ਸੋਚ ਤੇ ਸੁਪਨਿਆਂ ਦੇ ਨਾਲ-ਨਾਲ ਆਤਮ ਵਿਸ਼ਵਾਸ ਤੇ ਦ੍ਰਿੜ੍ਹ ਅਕੀਦਾ ਹੋਣਾ ਵੀ ਲਾਜ਼ਮੀ ਹੁੰਦਾ ਹੈ ਕਿਉਂਕਿ ਇਹ ਕਦੇ ਨਹੀਂ ਹੋ ਸਕਦਾ ਕਿ ਮੰਜ਼ਿਲ, ਉਦੇਸ਼ ਵੱਲ ਵਧਦਿਆਂ ਰਾਹ 'ਚ ਔਕੜਾਂ, ਚੁਣੌਤੀਆਂ ਨਾ ਆਉਣ। ਉਹ ਔਕੜਾਂ ਤੇ ਚੁਣੌਤੀਆਂ ਹੀ ਤਾਂ ਮਨੁੱਖ ਦੀ ਸੋਚ ਅਤੇ ਸੁਪਨਿਆਂ ਨੂੰ ਪਰਖਦੀਆਂ ਹਨ। ਜਿਨ੍ਹਾਂ ਲੋਕਾਂ ਦੇ ਹੌਂਸਲੇ ਉਨ੍ਹਾਂ ਔਕੜਾਂ ਅੱਗੇ ਢਹਿ-ਢੇਰੀ ਹੋ ਜਾਂਦੇ ਹਨ, ਉਨ੍ਹਾਂ ਦੀ ਸੋਚ ਤੇ ਸੁਪਨੇ ਵੀ ਬੇਅਰਥ ਹੀ ਜਾਂਦੇ ਹਨ। ਜੇਕਰ ਸੋਚ ਅਤੇ ਸੁਪਨੇ ਵੱਡੇ ਹੋਣਗੇ, ਤਾਂ ਹੀ ਸਫਲਤਾ ਲਈ ਪੈੜਾਂ ਪੈਣਗੀਆਂ। ਇਹ ਕੰਮ ਤਾਂ ਔਖਾ ਹੀ ਬਹੁਤ ਹੈ, ਇਸ ਵਿਚ ਸਫਲਤਾ ਮਿਲਣੀ ਬਹੁਤ ਔਖੀ ਹੈ।

ਇਸ ਕੰਮ ਵਿਚ ਪਹਿਲਾਂ ਹੀ ਬਹੁਤ ਲੋਕ ਅਸਫਲ ਹੋ ਚੁੱਕੇ ਹਨ, ਕਿਸੇ ਵੀ ਕੰਮ ਨੂੰ ਕਰਨ ਤੋਂ ਪਹਿਲਾਂ ਹੀ ਇਹੋ ਜਿਹੀਆਂ ਗੱਲਾਂ ਕਰਨੀਆਂ ਮਨੁੱਖ ਦੀ ਸੋਚ ਤੇ ਸੁਪਨਿਆਂ ਨੂੰ ਗ਼ਰੀਬ ਬਣਾ ਦਿੰਦੀਆਂ ਹਨ। ਦੂਜਿਆਂ ਲਈ ਆਦਰਸ਼, ਉਦਾਹਰਣ ਤੇ ਪ੍ਰੇਰਣਾ ਬਣਨ ਲਈ ਸਦਾ ਹੀ ਕੁੱਝ ਅਜਿਹਾ ਕਰੋ, ਜੋ ਕਿਸੇ ਨੇ ਨਾ ਕੀਤਾ ਹੋਵੇ। ਇਤਿਹਾਸ ਵਿਰਲੇ ਲੋਕ ਲਿਖਦੇ ਹੁੰਦੇ ਨੇ ਤੇ ਪੜ੍ਹਦਾ ਹਰ ਕੋਈ ਹੈ, ਇਸ ਗੱਲ ਦਾ ਫ਼ੈਸਲਾ ਮਨੁੱਖ ਨੇ ਕਰਨਾ ਹੁੰਦਾ ਹੈ ਕਿ ਉਸ ਨੇ ਇਤਿਹਾਸ ਲਿਖਣ ਵਾਲਾ ਬਣਨਾ ਹੈ ਜਾਂ ਫੇਰ ਪੜ੍ਹਨ ਵਾਲਾ।



## 'ਜੋ ਦਿਖਾ, ਸੋ ਲਿਖਾ'

# ਖਹਿਰਾ ਦੀ ਗ੍ਰਿਫਤਾਰੀ ਨਾਲ ਪੰਜਾਬ ਦੀ ਰਾਜਨੀਤੀ ਵਿਚ ਤੂਫ਼ਾਨ

## 'ਆਪ' ਵਿਧਾਇਕਾਂ 'ਤੇ ਲੱਗੇ ਨਾਜਾਇਜ਼ 'ਰੇਤ ਮਾਈਨਿੰਗ' ਦੇ ਦੋਸ਼

ਰਾਜਨੀਤੀ ਵਿਚ ਕਈ ਵਾਰ ਇੱਕੋ ਗਲਤ ਫੈਸਲਾ ਸਰਕਾਰਾਂ 'ਤੇ ਭਾਰੀ ਪੈ ਜਾਂਦੈ। ਪੰਜਾਬ ਪੁਲਿਸ ਨੇ ਵਿਰੋਧੀ ਧਿਰ ਦੇ ਵੱਡੇ ਆਗੂ ਸੁਖਪਾਲ ਖਹਿਰਾ ਨੂੰ ਤੜਕਸਾਰ ਚੰਡੀਗੜ੍ਹ ਉਸ ਦੇ ਘਰ ਘੁਸਕੇ ਗ੍ਰਿਫਤਾਰ ਕਰਨ ਨਾਲ ਪੰਜਾਬ ਸਰਕਾਰ ਦੀ ਖੂਬ ਕਿਰਕਿਰੀ ਹੋ ਰਹੀ ਹੈ। ਇੰਡੀਆ ਗਠਜੋੜ ਵਿਚ ਸ਼ਾਮਲ ਕਾਂਗਰਸ ਅਤੇ ਆਪ ਇਸ ਨਾਲ ਪੰਜਾਬ ਵਿਚ ਪੂਰੀ ਤਰ੍ਹਾਂ ਸਾਹਮਣੇ ਆ ਖੜ੍ਹੀਆਂ ਨੇ। ਹੁਣ ਸੂਬੇ ਵਿਚ ਲੋਕ ਸਭਾ ਚੋਣਾਂ ਇਕੱਠੇ ਲੜਨ ਦੀਆਂ ਸੰਭਾਵਨਾਵਾਂ ਖਤਮ ਹੋ ਚੁੱਕੀਆਂ ਨੇ। ਦੂਜੇ ਪਾਸੇ ਰੇਤ ਮਾਈਨਿੰਗ ਦੇ ਦੋਸ਼ਾਂ 'ਚ ਘਿਰੇ ਵਿਧਾਇਕ ਦੀ ਤਰਫਦਾਰੀ ਕਰਕੇ ਸ਼ਾਨਦਾਰ ਅਕਸ ਵਾਲੇ ਪੁਲਿਸ ਅਧਿਕਾਰੀ ਨੂੰ ਬਦਲਣ ਨਾਲ ਸਰਕਾਰ ਦੇ ਕੱਟੜ ਇਮਾਨਦਾਰੀ ਵਾਲੇ ਦਾਅਵਿਆਂ ਦੀਆਂ ਵੀ ਧੱਜੀਆਂ ਉਡਦੀਆਂ ਦਿਖਦੀਆਂ ਨੇ।

ਗ੍ਰਿਫਤਾਰੀ ਨਾਲ ਖਹਿਰਾ ਬਣੇ ਹੀਰੋ

ਇਸ ਸਮੇਂ ਕਾਂਗਰਸ ਪਾਰਟੀ ਦੇ ਤੇਜ਼-ਤਰਾਰ ਸਮਝੇ ਜਾਂਦੇ ਆਗੂ ਸੁਖਪਾਲ ਖਹਿਰਾ ਦੀ ਅੱਠ ਸਾਲ ਪੁਰਾਣੇ ਨਸ਼ਾ ਤਸਕਰੀ ਦੇ ਇਕ ਕੇਸ ਵਿਚ ਹੋਈ ਗ੍ਰਿਫਤਾਰ ਨਾਲ ਪੰਜਾਬ ਦੀ ਰਾਜਨੀਤੀ ਵਿਚ ਭੁਚਾਲ ਆਇਆ ਹੋਇਐ। ਜਿਸ ਤਰ੍ਹਾਂ 28 ਸਤੰਬਰ ਨੂੰ ਫਾਜ਼ਿਲਕਾ ਪੁਲਿਸ ਵਲੋਂ ਚੰਡੀਗੜ੍ਹ ਪੁਲਿਸ ਨੂੰ ਨਾਲ ਬਗੈਰ ਸਵੇਰੇ 5 ਵਜੇ ਉਨ੍ਹਾਂ ਦੇ ਚੰਡੀਗੜ੍ਹ ਘਰ ਵਿਚ ਘੁਸ ਕੇ ਸੁਖਪਾਲ ਖਹਿਰਾ ਨੂੰ ਗਿਰਫ਼ਤਾਰ ਕੀਤਾ ਗਿਆ, ਇਸ ਨਾਲ ਪੰਜਾਬ ਦੀ ਰਾਜਨੀਤੀ ਵਿਚ ਪੂਰਾ ਘਮਸਾਨ ਮੱਚ ਚੁੱਕੈ। ਇਸ ਸਮੇਂ ਸਮੁੱਚੀ ਕਾਂਗਰਸ ਪਾਰਟੀ ਇਸ ਨੂੰ ਬਦਲਾਖੋਰੀ ਦੀ ਕਾਰਵਾਈ ਦੱਸਦੀ ਖਹਿਰਾ ਦੇ ਪਿੱਛੇ ਖੜ੍ਹੀ ਹੋ ਚੁੱਕੀ ਹੈ। ਦੋ ਦਿਨ ਦੇ ਪੁਲਿਸ ਰਿਮਾਂਡ 'ਤੇ ਜਲਾਲਾਬਾਦ ਥਾਣੇ ਵਿਚ ਬੰਦ ਖਹਿਰਾ ਨੂੰ ਮਿਲਣ ਗਏ ਸੂਬੇ ਦੇ ਸੀਨੀਅਰ ਆਗੂਆਂ ਨੂੰ ਮਿਲਣ ਤੱਕ ਨਹੀਂ ਦਿੱਤਾ ਗਿਆ। ਰਿਮਾਂਡ ਖਤਮ ਹੋਣ 'ਤੇ ਅਦਾਲਤ ਵਿਚ ਪੇਸ਼ੀ ਸਮੇਂ 7 ਦਿਨਾਂ ਦਾ ਹੋਰ ਪੁਲਿਸ ਰਿਮਾਂਡ ਹੋਰ ਮੰਗਿਆ ਗਿਆ। ਅਦਾਲਤ ਵਲੋਂ ਪਹਿਲੇ 2 ਦਿਨ ਦੇ ਰਿਮਾਂਡ ਦੌਰਾਨ ਕੀਤੀ ਪੁੱਛਗਿੱਛ ਦੇ ਨਤੀਜੇ ਬਾਰੇ ਰਿਪੋਰਟ ਮੰਗੀ, ਤਾਂ ਸਰਕਾਰੀ ਪੱਖ ਨੇ ਦੱਸਿਆ ਕਿ ਉੱਚ ਅਧਿਕਾਰੀ ਰੁੱਝੇ ਹੋਣ ਕਾਰਨ ਪੁੱਛਗਿੱਛ ਲਈ ਸਮਾਂ ਨਹੀਂ ਦੇ ਸਕੇ। ਅਦਾਲਤ ਨੇ ਪੁਲਿਸ ਰਿਮਾਂਡ ਵਿਚ ਵਾਧਾ ਕਰਨ ਦੀ ਅਪੀਲ ਠੁਕਰਾ ਕੇ ਖਹਿਰਾ ਨੂੰ ਨਿਆਇਕ ਹਿਰਾਸਤ ਵਿਚ ਨਾਭਾ ਜੇਲ੍ਹ ਭੇਜ ਦਿੱਤਾ।

ਕਾਂਗਰਸ, ਅਕਾਲੀ ਦਲ ਅਤੇ ਬੀ.ਜੇ.ਪੀ. ਨੇਤਾਵਾਂ ਨੇ ਇਕ ਵਿਧਾਇਕ ਨੂੰ ਜਲੀਲ ਕਰਕੇ ਗ੍ਰਿਫ਼ਤਾਰ ਕਰਨ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਇਸ ਨੂੰ ਮੁੱਖ ਮੰਤਰੀ ਦਾ ਹੰਕਾਰ ਦੱਸਿਆ ਹੈ। ਉਂਝ ਸੂਬੇ ਦੇ ਪ੍ਰੋਟੋਕੋਲ ਵਿਚ ਐੱਮ.ਐੱਲ.ਏ. ਦਾ ਰੁਤਬਾ ਮੁੱਖ ਸਕੱਤਰ ਤੋਂ ਉਪਰ ਰੱਖਿਆ ਗਿਆ ਹੈ। ਸਮਝਿਆ ਜਾਂਦੈ ਕਿ ਪਿਛਲੇ ਦਿਨੀਂ ਸੁਖਪਾਲ ਖਹਿਰਾ ਵੱਲੋਂ "ਆਪ" ਲੀਡਰ ਰਾਘਵ ਚੱਢਾ ਦੀ ਰਾਜਸਥਾਨ ਦੇ ਆਲੀਸ਼ਾਨ ਪੈਲੇਸ ਵਿਚ ਹੋਈ ਸ਼ਾਦੀ ਦੇ ਖਰਚੇ 'ਤੇ ਸਵਾਲ ਖੜ੍ਹੇ ਕੀਤੇ ਸਨ। ਹੁਣ ਜਿਵੇਂ ਕਾਂਗਰਸ ਇਸ ਮਾਮਲੇ 'ਤੇ ਸਰਕਾਰ ਉਪਰ ਹਮਲੇ ਕਰ ਰਹੀ ਹੈ, ਉਸ ਤੋਂ ਸਪੱਸ਼ਟ ਹੈ ਕਿ ਪੰਜਾਬ ਵਿਚ "ਇੰਡੀਆ" ਗਠਜੋੜ ਦਾ ਭੋਗ ਪੈ ਚੁੱਕੈ। ਉਂਝ ਅਰਵਿੰਦ ਕੇਜਰੀਵਾਲ 'ਇੰਡੀਆ' ਗੱਠਜੋੜ ਕਾਇਮ ਰੱਖਣ ਲਈ ਬਜਿੱਦ ਨੇ। ਇਸ ਘਟਨਾ ਪਿੱਛੋਂ ਕਾਂਗਰਸ ਪ੍ਰਧਾਨ ਖੜ੍ਹਗੇ ਨੇ ਵੀ ਪੰਜਾਬ ਦੀ ਲੀਡਰਸ਼ਿਪ ਨਾਲ ਵਿਚਾਰ ਕਰਕੇ ਹੀ 'ਆਪ' ਨਾਲ ਇੱਕਠੇ ਚੋਣ ਲੜਨ ਦੀ ਗੱਲ ਆਖੀ ਹੈ। ਖਹਿਰਾ ਅਨੁਸਾਰ ਇਹ 2015 ਦਾ ਪੁਰਾਣਾ ਕੇਸ ਹੈ ਤੇ ਇਸ 'ਚ 8-9 ਸਾਲ ਬਾਅਦ ਮੈਨੂੰ ਹੁਣ ਨਾਮਜ਼ਦ ਕੀਤਾ ਗਿਆ, ਜਦਕਿ 2017 'ਚ ਸੁਪਰੀਮ ਕੋਰਟ ਨੇ ਫਾਜ਼ਿਲਕਾ ਕੋਰਟ ਦੇ ਸੰਮਨ 'ਤੇ ਰੋਕ ਲਗਾਈ ਸੀ। ਖਹਿਰਾ ਹਮਾਇਤੀ ਕਾਂਗਰਸ ਆਗੂਆਂ ਨੂੰ ਥਾਣੇ ਵਿਚ ਉਨ੍ਹਾਂ ਨਾਲ ਪੁਲਿਸ ਨੇ ਨਹੀਂ ਮਿਲਣ ਦਿੱਤਾ। ਰਾਜਾ ਵੜਿੰਗ ਕਹਿੰਦੇ ਨੇ ਕਿ ਚੰਡੀਗੜ੍ਹ 'ਚ ਖਹਿਰਾ ਦੀ ਗ੍ਰਿਫ਼ਤਾਰੀ ਗੈਰਕਾਨੂੰਨੀ ਢੰਗ ਨਾਲ ਹੋਈ। ਕਿਸੇ ਪੁਲਿਸ ਅਧਿਕਾਰੀ ਦੀ ਬਜਾਏ "ਆਪ" ਦੇ ਬੁਲਾਰੇ ਨੇ ਗ੍ਰਿਫਤਾਰੀ ਨੂੰ ਸਹੀ ਦੱਸਦੇ ਕਿਹਾ ਕਿ ਖਹਿਰਾ ਖਿਲਾਫ ਐੱਸ.ਆਈ.ਟੀ. ਦੀ ਪੜਤਾਲ ਪਿੱਛੋਂ ਐੱਨ.ਡੀ.ਪੀ.ਐੱਸ. ਕਾਨੂੰਨ ਦੀ ਧਾਰਾ 27-ਏ ਅਧੀਨ ਕੇਸ ਦਰਜ ਕੀਤਾ ਗਿਐ ਅਤੇ ਇਸ ਨੂੰ ਬਦਲਾਊ ਕਾਰਵਾਈ ਕਹਿਣਾ ਸਹੀ ਨਹੀਂ। ਉਂਝ ਅਕਾਲੀ ਦਲ ਸਰਕਾਰ ਸਮੇਂ ਖਹਿਰਾ ਨੂੰ ਨਾਮਜ਼ਦ ਕੀਤੇ ਜਾਣ 'ਤੇ ਖੁਦ ਮੁੱਖ ਮੰਤਰੀ ਭਗਵੰਤ ਨੇ ਇਸ ਨੂੰ ਝੂਠਾ ਅਤੇ ਬਦਲੇ ਦੀ ਭਾਵਨਾ ਨਾਲ ਦਰਜ ਕੀਤਾ ਕੇਸ ਦੱਸਿਆ ਸੀ। 2017 ਵਿਚ ਖਹਿਰਾ 'ਆਪ' ਦੀ ਟਿਕਟ 'ਤੇ ਵਿਧਾਨ ਸਭਾ ਦੀ ਚੋਣ ਜਿੱਤ ਕੇ ਵਿਰੋਧੀ ਧਿਰ ਦੇ ਨੇਤਾ ਵੀ ਰਹੇ। ਬਾਅਦ ਵਿਚ ਕੇਜਰੀਵਾਲ ਨੇ ਟਵੀਟ ਕਰਕੇ ਹਟਾ ਦਿੱਤਾ ਸੀ ਅਤੇ ਖਹਿਰਾ ਕਾਂਗਰਸ ਵਿਚ ਚਲੇ ਗਏ।










ਦਰਸ਼ਨ ਸਿੰਘ ਸ਼ੰਕਰ
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)

### ਪੁਲਿਸ ਦੇ ਮਨੋਬਲ ਨੂੰ ਵੱਡਾ ਧੱਕਾ

ਜਦੋਂ ਪੁਲਿਸ ਅਧਿਕਾਰੀ ਸਰਕਾਰ ਦੀਆਂ ਹਦਾਇਤਾਂ 'ਤੇ ਮਾਫੀਆ ਖਿਲਾਫ ਕਾਰਵਾਈ ਕਰਦੇ ਨੇ, ਤਾਂ ਸਰਕਾਰ ਨੂੰ ਉਨ੍ਹਾਂ ਨਾਲ ਖੜ੍ਹਨਾ ਹੁੰਦੈ। ਜੇਕਰ ਸਰਕਾਰ ਅਫਸਰ ਦੀ ਬਜਾਏ ਮਾਫੀਏ ਦੇ ਨਾਲ ਦਿਖੇ, ਅਧਿਕਾਰੀ ਦਾ ਮਨੋਬਲ ਟੁੱਟਣਾ ਲਾਜ਼ਮੀ ਹੈ। ਅਜਿਹਾ ਹੀ ਤਰਨਤਾਰਨ ਦੇ ਐੱਸ.ਐੱਸ.ਪੀ. ਗੁਰਮੀਤ ਸਿੰਘ ਚੌਹਾਨ ਨਾਲ ਵਾਪਰਿਆ। ਉਸ ਵੱਲੋਂ ਰੇਤ ਮਾਫੀਆ ਖਿਲਾਫ ਕਾਰਵਾਈ ਕਰਨ 'ਤੇ ਸਰਾਹਨਾ ਦੀ ਬਜਾਏ ਤਬਾਦਲਾ ਕੀਤਾ ਗਿਆ। ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਨਾਜਾਇਜ਼ ਮਾਇਨਿੰਗ ਕਰਵਾਉਂਦੇ ਜੀਜੇ ਨੂੰ ਗ੍ਰਿਫ਼ਤਾਰ ਕਰਨ ਦੀ ਸਜ਼ਾ ਸ਼ਾਨਦਾਰ ਅਕਸ ਵਾਲੇ ਅਫਸਰ ਨੂੰ ਭੁਗਤਣੀ ਪਈ। ਕੇਜਰੀਵਾਲ ਵੱਲੋਂ ਅੰਮ੍ਰਿਤਸਰ ਵਿਖੇ ਸਕੂਲ ਆਫ ਐਮੀਨੈਂਸ ਦੇ ਉਦਘਾਟਨ ਪਿੱਛੋਂ ਵਿਧਾਇਕ ਨੇ ਐੱਸ.ਐੱਸ.ਪੀ. ਖਿਲਾਫ ਰਿਸ਼ਵਤਖੋਰੀ ਅਤੇ ਨਸ਼ੇ ਵਿਕਵਾਉਣ ਦੇ ਦੋਸ਼ ਲਗਾਏ। ਪੁਲਿਸ ਰੇਤ ਮਾਇਨਿੰਗ ਖਿਲਾਫ ਕਾਰਵਾਈ ਵਿਚ ਐੱਮ.ਐੱਲ.ਏ. ਦੇ ਜੀਜਾ ਨਿਸ਼ਾਨ ਸਿੰਘ ਸਮੇਤ 10 ਵਿਅਕਤੀ, 10 ਟਿੱਪਰ ਅਤੇ ਇਕ ਪੋਕਲੈਨ ਮਸ਼ੀਨ ਕਾਬੂ ਕੀਤੇ ਗਏ। ਇਸ 'ਤੇ ਭੜਕੇ ਵਿਧਾਇਕ ਨੇ ਸੋਸ਼ਲ ਮੀਡੀਆ 'ਤੇ ਐੱਸ.ਐੱਸ.ਪੀ. ਖਿਲਾਫ ਹਮਲਾਵਰ ਹੁੰਦੇ ਵਰਦੀ ਉਤਾਰ ਕੇ ਆਉਣ ਦਾ ਚੈਲੰਜ ਕੀਤਾ ਅਤੇ ਕਿਹਾ ਕਿ ਉਹ ਵੀ ਆਪਣੀ ਐੱਮ.ਐੱਲ.ਏ. ਦੀ ਕੁਰਸੀ ਛੱਡ ਕੇ ਆਉਣਗੇ, ਤਾਂ ਕਿ ਇੱਕ ਦੂਜੇ ਨਾਲ ਸੁਲਝਿਆ ਜਾਏ। ਉਂਝ ਕਿਸੇ ਅਧਿਕਾਰੀ ਵਿਰੁੱਧ ਅਜਿਹੇ ਸੰਗੀਨ ਦੋਸ਼ ਲਗਾਉਣਾ ਗੰਭੀਰ ਅਪਰਾਧ ਹੈ। ਵਿਧਾਇਕ ਅਤੇ ਐੱਸ.ਐੱਸ.ਪੀ. ਦਾ ਝਗੜਾ ਮੀਡੀਆ 'ਚ ਉਛਲਣ ਨਾਲ ਸਰਕਾਰ ਦੀ ਭਾਰੀ ਕਿਰਕਰੀ ਹੋਈ। ਸਮਝਿਆ ਜਾਂਦਾ ਸੀ ਕਿ ਮੁੱਖ ਮੰਤਰੀ ਅਫਸਰ ਨਾਲ ਖੜ੍ਹਨਗੇ ਅਤੇ ਪਾਰਟੀ ਵਿਧਾਇਕ ਨੂੰ ਨਾਜਾਇਜ਼ ਗਤੀਵਿਧੀਆਂ ਤੋਂ ਵਰਜੇਗੀ। ਪਰ ਐੱਸ.ਐੱਸ.ਪੀ. 'ਤੇ ਕਾਰਵਾਈ ਨਾਲ ਪੁਲਿਸ ਦਾ ਮੌਰਾਲ ਜ਼ਰੂਰ ਡਿੱਗੇਗਾ। ਐੱਸ.ਐੱਸ.ਪੀ. ਦਾ ਕਹਿਣੈ ਕਿ ਉਸ ਨੇ ਕੋਈ ਗਲਤੀ ਨਹੀਂ ਕੀਤੀ, ਬਲਕਿ ਆਪਣੀ ਡਿਊਟੀ ਕੀਤੀ ਸੀ। ਅੱਗੋਂ ਅਧਿਕਾਰੀ ਮਾਫੀਆ ਖਿਲਾਫ ਕਾਰਵਾਈ ਕਰਨ ਤੋਂ ਝਿਜਕਣਗੇ। ਜੇਕਰ ਸਰਕਾਰ ਨੇ ਪੁਲਿਸ ਅਧਿਕਾਰੀ ਦੀ ਕਾਰਵਾਈ ਨੂੰ ਝੂਠੀ ਮੰਨਿਆ ਹੈ, ਤਾਂ ਫਿਰ ਅਫਸਰ ਅਤੇ ਰੇਡ ਕਰਨ ਵਾਲੇ ਮੁਲਾਜ਼ਮਾਂ ਖਿਲਾਫ ਕਾਨੂੰਨੀ ਕਾਰਵਾਈ ਬਣਦੀ ਹੈ।

ਮਾਫੀਆ ਰਾਜ ਅਤੇ ਨਸ਼ਿਆਂ ਨੂੰ ਖਤਮ ਕਰਨ ਅਤੇ ਕੱਟੜ ਇਮਾਨਦਾਰੀ ਦੇ ਦਾਅਵੇ ਵਾਲੀ ਸਰਕਾਰ ਅੱਜ ਗੰਭੀਰ ਦੋਸ਼ਾਂ ਵਿਚ ਉਲਝੀ ਨਜ਼ਰ ਆ ਰਹੀ ਹੈ। ਇਸ ਦੇ ਬਹੁਤ ਸਾਰੇ ਮੰਤਰੀਆਂ ਅਤੇ ਵਿਧਾਇਕਾਂ ਖਿਲਾਫ ਮਾਫੀਆ ਅਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗਣ ਨਾਲ ਸਰਕਾਰ ਦਾ ਅਕਸ ਕਾਫੀ ਧੁੰਦਲਾ ਹੋ ਚੁੱਕਾ ਹੈ। ਪਹਿਲਾਂ ਅੰਮ੍ਰਿਤਸਰ ਉੱਤਰੀ ਦੇ ਵਿਧਾਇਕ ਵੱਲੋਂ ਉਸ ਦੇ ਹਲਕੇ ਤੋਂ ਸ਼ੁਰੂ ਕੀਤੀ ਗਈ ਸਕੂਲ ਆਫ ਐਮੀਨੈਂਸ ਸਕੀਮ 'ਤੇ ਸਵਾਲ ਉਠਾਉਣ ਅਤੇ ਹੁਣ ਵਿਧਾਇਕ ਲਾਲਪੁਰਾ ਵੱਲੋਂ ਪੁਲਿਸ ਅਧਿਕਾਰੀਆਂ 'ਤੇ ਰਿਸ਼ਵਤ ਅਤੇ ਨਸ਼ਾ ਤਸਕਰੀ ਦੇ ਦੋਸ਼ ਕੱਟੜ ਇਮਾਨਦਾਰੀ ਦੇ ਦਾਅਵਿਆਂ ਦੀ ਫੂਕ ਕੱਢ ਰਹੇ ਨੇ। ਤਰਨਤਾਰਨ ਪੁਲਿਸ ਵਲੋਂ ਐੱਸ.ਐੱਸ.ਪੀ. ਗੁਰਮੀਤ ਸਿੰਘ ਚੌਹਾਨ ਉਪਰ ਫੁੱਲਾਂ ਦੀ ਵਰਖਾ ਕਰਕੇ ਜੇਤੂ ਜਰਨੈਲ ਵਾਲੀ ਵਿਦਾਇਗੀ ਦਿੱਤੀ ਗਈ, ਉਸ ਤੋਂ ਸਪੱਸ਼ਟ ਹੈ ਕਿ ਸਰਕਾਰ ਖਿਲਾਫ ਪੁਲਿਸ ਮੁਲਾਜ਼ਮਾਂ ਵਿਚ ਰੋਸ ਝਲਕਦੇ। ਵਿਰੋਧੀ ਨੇਤਾਵਾਂ ਤੋਂ ਇਲਾਵਾ ਸੂਬੇ ਦੇ ਰਾਜਪਾਲ ਬਹੁਤ ਵਾਰ ਨਸ਼ਾ ਵਪਾਰ ਅਤੇ ਅਮਨ-ਕਨੂੰਨ ਦੀ ਵਿਗੜੀ ਹਾਲਤ ਦੇ ਮਾਮਲੇ ਉਠਾ ਚੁੱਕੇ ਨੇ। ਪਰ ਮੁੱਖ ਮੰਤਰੀ ਪਾਰਟੀ ਵਿਧਾਇਕਾਂ ਦੇ ਗੈਰਕਨੂੰਨੀ ਵਰਤਾਰੇ ਨੂੰ ਬਰਦਾਸ਼ਤ ਕਰਨ ਲਈ ਮਜਬੂਰ ਜਾਪਦੇ ਨੇ। ਇਨ੍ਹਾਂ ਦੋਵੇਂ ਮਾਮਲਿਆਂ ਵਿਚ ਸਰਕਾਰ ਦੀ ਕਾਰਵਾਈ ਨਾਲ ਸਰਕਾਰ 'ਤੇ ਹਰ ਪਾਸੇ ਤੋਂ ਉਂਗਲਾਂ ਉਠੀਆਂ ਦਿੱਸਦੀਆਂ ਨੇ ਅਤੇ ਕਈ ਚੰਗੇ ਕੰਮਾਂ ਦੇ ਬਾਵਜੂਦ ਸਰਕਾਰ ਦਾ ਅਕਸ ਧੁੰਦਲਾ ਪੈਂਦਾ ਦਿਖਦੈ। ਕੁੱਲ ਮਿਲਾ ਕੇ ਦੇਖਿਆ ਜਾਏ, ਤਾਂ ਬਦਲਾਅ ਦੀ ਹਨੇਰੀ ਨਾਲ ਆਈ 'ਆਪ' ਸਰਕਾਰ ਤੋਂ ਜਨਤਾ ਦਾ ਮੋਹ ਲਗਾਤਾਰ ਭੰਗ ਹੋ ਰਿਹੈ ਅਤੇ ਇਸ ਦਾ ਖਾਮਿਆਜ਼ਾ ਪਾਰਟੀ ਨੂੰ ਚੋਣਾਂ ਵਿਚ ਭੁਗਤਣਾ ਪੈ ਸਕਦੈ।

# ਸੋਸ਼ਲ ਮੀਡੀਆ : ਕੀ ਫਾਇਦੇ, ਕੀ ਨੁਕਸਾਨ?

ਸਿੱਕੇ ਦੇ ਦੋਹਾਂ ਪਹਿਲੂਆਂ ਵਾਂਗ ਸੋਸ਼ਲ ਮੀਡੀਆ ਦੇ ਵੀ ਫਾਇਦੇ ਤੇ ਨੁਕਸਾਨ ਹਨ। ਸੋਸ਼ਲ ਮੀਡੀਆ ਨੇ ਲੋਕਾਂ ਦੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ ਹੈ ਤੇ ਉਨ੍ਹਾਂ ਦਾ ਦਾਇਰਾ ਵੀ ਬਹੁਤ ਵਧਿਆ ਹੈ। ਹੁਣ ਕੋਈ ਵੀ ਸੁਨੇਹਾ ਜਾਂ ਖਬਰ ਪਲਕ ਝਪਕਦਿਆਂ ਲੋਕਾਂ ਤੱਕ ਪਹੁੰਚ ਜਾਂਦੀ ਹੈ। ਸੋਸ਼ਲ ਮੀਡੀਆ ਦੇ ਜ਼ਰੀਏ ਦੇਸ਼-ਵਿਦੇਸ਼ ਬੈਠੇ ਲੋਕ ਆਪਣੇ ਰਿਸ਼ਤੇਦਾਰਾਂ ਨਾਲ ਵੀਡੀਓ ਕਾਲਿੰਗ ਕਰਨ ਲੱਗੇ ਹਨ। ਇਹ ਪੜ੍ਹਾਈ ਕਰਨ ਲਈ ਬਹੁਤ ਸਹਾਇਕ ਹੈ ਤੇ ਵਪਾਰੀ ਆਪਣੇ ਵਪਾਰ ਦਾ ਪ੍ਰਚਾਰ ਕਰ ਕੇ ਇਸ ਨੂੰ ਵਧਾ ਸਕਦੇ ਹਨ। ਫੇਸਬੁੱਕ, ਟਵਿੱਟਰ, ਸਨੈਪਚੈਟ ਤੇ ਇੰਸਟਾਗ੍ਰਾਮ ਜਿਹੀਆਂ ਸੋਸ਼ਲ ਸਾਈਟਾਂ ਨੌਜਵਾਨਾਂ ਦੀ ਰੋਜ਼ਮਰਾ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕੀਆਂ ਹਨ। ਸੋਸ਼ਲ ਮੀਡੀਆ ਕਾਰਨ ਲੋਕ ਜਾਗਰੂਕ ਹੋ ਰਹੇ ਹਨ ਤੇ ਅੱਜ ਲੱਗਭਗ ਹਰ ਖੇਤਰ ਵਿਚ ਇਸ ਦਾ ਉਪਯੋਗ ਹੋ ਰਿਹਾ ਹੈ। ਸੋਸ਼ਲ ਮੀਡੀਆ ਨੇ ਬੱਚਿਆਂ ਤੋਂ ਉਨ੍ਹਾਂ ਦਾ ਬਚਪਨ ਖੋਹ ਲਿਆ ਹੈ, ਜੋ ਕਿ ਇਸ ਦਾ ਸਭ ਤੋਂ ਵੱਡਾ ਨੁਕਸਾਨ ਹੈ। ਇਸ ਦੀ ਜ਼ਰੂਰਤ ਤੋਂ ਵੱਧ ਵਰਤੋਂ ਸਮੇਂ, ਸਿਹਤ ਤੇ ਪੈਸੇ ਦੀ ਬਰਬਾਦੀ ਹੈ। ਸੋਸ਼ਲ ਮੀਡੀਆ ਰਾਹੀਂ ਕਿਤੇ ਦੂਰ ਬੈਠੇ ਹੈਕਰ ਕਿਸੇ ਦੇ ਬੈਂਕ ਖਾਤੇ ਨਾਲ ਛੇੜਛਾੜ ਕਰ ਕੇ ਠੱਗੀ ਵੀ ਮਾਰ ਸਕਦੇ ਹਨ। ਮੁੱਕਦੀ ਗੱਲ ਇਹ ਹੈ ਕਿ ਸੋਸ਼ਲ ਮੀਡੀਆ ਦੀ ਵਰਤੋਂ ਸਮਾਂ ਹੱਦ ਨਿਸ਼ਚਿਤ ਕਰਦੇ ਹੋਏ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ, ਤਾਂ ਜੋ ਇਸ ਦੇ ਫਾਇਦਿਆਂ ਤੋਂ ਲਾਹਾ ਲਿਆ ਜਾ ਸਕੇ ਤੇ ਨੁਕਸਾਨਾਂ ਤੋਂ ਬਚਿਆ ਜਾ ਸਕੇ।




ਅਮਰਬੀਰ ਸਿੰਘ ਚੀਮਾ
ਸਰਹਿੰਦ ਸ਼ਹਿਰ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
(Punjab Mail USA)

## ਹਿਜਰਤਨਾਮਾ 76: ਬਲਕਾਰ ਸਿੰਘ ਧੰਜੂ

# 'ਨਾਲ ਬਰਛਿਆਂ ਦੇ ਸੀਨੇ ਸੱਲ੍ਹ ਲੱਗੇ'

### ਆਜ਼ਾਦੀ ਦੇ ਓਹਲੇ




ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)




"ਮੈਂ ਬਲਕਾਰ ਸਿੰਘ ਧੰਜੂ ਪੁੱਤਰ ਕੇਸਰ ਸਿੰਘ/ਮਾਈ ਨਰੈਣ ਕੌਰ, ਪੁੱਤਰ ਜੀਵਨ ਸਿੰਘ ਹਾਲ ਆਬਾਦ ਗੰਨਾਂ ਪਿੰਡ- ਫ਼ਿਲੌਰ ਤੋਂ ਮੁਖ਼ਾਤਿਬ ਹਾਂ। ਜੱਦੀ ਪਿੰਡ ਸਾਡਾ, ਜੋਧਾ ਨਗਰੀ ਨਜ਼ਦੀਕ ਟਾਂਗਰਾ, ਜ਼ਿਲ੍ਹਾ ਅੰਮ੍ਰਿਤਸਰ ਐ। ਅਤਰ ਕੌਰ ਨਾਮੇ,

ਸਾਡੇ ਪਿਤਾ ਜੀ ਦੀ ਭੂਆ ਜੋ ਵਿਸਾਖਾ ਸਿੰਘ ਨੂੰ ਵਿਆਹੀ ਹੋਈ ਸੀ। 90 ਚੱਕ ਲੈਲਪੁਰ ਵਿਚ ਉਹ ਅੱਧੇ ਮੁਰੱਬੇ ਦੀ ਵਾਹੀ ਕਰਦੇ। ਸਨ ਉਹ ਲਾਵਲਦ। ਜਦ ਉਹ ਅਧੇੜ ਉਮਰ 'ਚ ਪਹੁੰਚੇ, ਤਾਂ ਉਨ੍ਹਾਂ ਵਿਚਾਰ ਕੀਤੀ ਕਿ ਆਪਣੇ ਕਿਸੇ ਭਤੀਜੇ ਨੂੰ ਸੱਦ ਭੇਜੀਏ। ਜੋ ਕੰਮ ਵਿਚ ਹੱਥ ਵਟਾਵੇ, ਮਲਕੀਅਤ ਦਾ ਵਾਰਸ ਬਣੇ। ਕਰਦਿਆਂ, ਸੋਚਦਿਆਂ ਕੁੱਝ ਹੋਰ ਸਾਲ ਇਵੇਂ ਹੀ ਲੰਘ ਗਏ। ਸ. ਵਿਸਾਖਾ ਸਿੰਘ ਜੀ ਪੂਰੇ ਹੋ ਗਏ। ਮਾਈ ਅਤਰ ਕੌਰ ਹੁਰਾਂ ਆਪਣੇ ਭਤੀਜੇ ਭਾਵ ਮੇਰੇ ਪਿਤਾ ਜੀ, ਸ. ਕੇਸਰ ਸਿਹੁੰ ਨੂੰ ਆਪਣੇ ਪਾਸ ਬੁਲਾ ਲਿਆ। ਅੱਗੋਂ ਪਿਤਾ ਜੀ ਨੇ ਆਪਣੇ ਭਰਾਵਾਂ ਗੰਡਾ ਸਿੰਘ, ਹਾਕਮ ਸਿੰਘ ਅਤੇ ਉਤਮ ਸਿੰਘ ਨੂੰ ਵੀ ਉਧਰ ਹੀ ਸੱਦਿਆ। ਉਹੀ ਅੱਧੇ ਮੁਰੱਬਾ ਦੀ ਵਾਹੀ ਕਰਨ ਲੱਗੇ। ਪਿਤਾ ਜੀ ਨੇ ਆਪਣੇ ਬਹਿਨੋਈ ਰਾਹੀਂ ਇਕ ਬੰਦੇ ਨਾਲ ਸੌਦਾ ਕੀਤਾ। ਉਨ੍ਹਾਂ ਆਪਣੇ ਅੱਧਾ ਮੁਰੱਬਾ ਅਤੇ 20,000 ਰੁਪਏ ਦੇ ਬਦਲੇ, ਚੱਕ 3/53 ਤਸੀਲ ਨਨਕਾਣਾ ਸਾਹਿਬ, ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਪੰਜ ਮੁਰੱਬਿਆਂ ਦਾ ਜੰਗਲ ਲੈ ਲਿਆ। ਉਹ ਆਪਣੀ ਭੂਆ ਅਤੇ ਸਾਰੇ ਭਰਾਵਾਂ ਨਾਲ ਉਥੇ ਜਾ ਵਸੇ। ਕਈ ਸਾਲ ਹੱਡ ਭੰਨਵੀਂ ਮਿਹਨਤ ਉਪਰੰਤ ਉਨ੍ਹਾਂ ਜੰਗਲ ਨੂੰ ਵਾਹੀਯੋਗ ਜ਼ਮੀਨ ਵਿਚ ਤਬਦੀਲ ਕਰ ਦਿੱਤਾ। ਫ਼ਸਲਾਂ 'ਚ ਬਹੁਤਾ ਨਰਮਾ, ਝੋਨਾ, ਮੱਕੀ, ਕਣਕ, ਕਮਾਦ ਵਗੈਰਾ ਹੀ ਬੀਜਦੇ। ਜ਼ਿਲ੍ਹਾ ਤਾਂ ਸਾਡਾ ਸ਼ੇਖ਼ੂਪੁਰਾ ਸੀ, ਪਰ ਸ਼ੇਖ਼ੂਪੁਰਾ ਨਾਲੋਂ ਸਾਨੂੰ ਲੈਲਪੁਰ ਦੀ ਤਸੀਲ ਜੜ੍ਹਾਂਵਾਲਾ ਨਜ਼ਦੀਕ ਪੈਂਦੀ। ਬਜ਼ੁਰਗ ਜਿਣਸ ਜੜ੍ਹਾਂਵਾਲਾ ਮੰਡੀ ਵਿਚ ਹੀ ਵੇਚਦੇ। ਲੋਅਰ ਬਾਰੀ ਦੋਆਬ ਨਹਿਰ ਜੋ ਰਾਵੀ 'ਚੋਂ ਨਿਕਲਦੀ, ਖੇਤਾਂ ਨੂੰ ਸੈਰਾਬ ਕਰਦੀ।

ਗੁਆਂਢੀ ਪਿੰਡਾਂ ਵਿਚ, ਚੱਕ ਇੱਕ, ਦੋ, ਚੂਚਕਾਂ ਅਤੇ ਕਿਲ੍ਹਾ ਦੇਸਾ ਸਿੰਘ ਵੱਜਦੇ।

ਪਿੰਡ ਦੇ ਚੌਧਰੀਆਂ ਵਿਚ ਮੇਰਾ ਚਾਚਾ ਗੰਡਾ ਸਿੰਘ ਲੰਬੜਦਾਰ ਅਤੇ ਸੂਬੇਦਾਰ ਬੰਤਾ ਸਿੰਘ ਪੈਨਸ਼ਨੀਆਂ ਹੁੰਦੇ। ਪਿੰਡ ਦੀ ਆਬਾਦੀ ਵਿਚ 14-15 ਘਰ ਜੱਟ ਸਿੱਖਾਂ ਦੇ, ਇੰਨ੍ਹੇ ਕੁ ਹੀ ਕੰਬੋਜ ਸਿੱਖਾਂ ਦੇ ਅਤੇ ਬਾਕੀ 4-4, 5-5 ਘਰ ਕਾਮਿਆਂ ਦੇ ਧੰਦਿਆਂ ਆਧਾਰਿਤ ਸਨ। ਜਿਨ੍ਹਾਂ ਵਿਚ ਬਾਲਮੀਕ, ਝੀਰ, ਲੁਹਾਰ, ਤਖਾਣ ਹੁੰਦੇ। ਸੰਗੂ ਹਿੰਦੂ ਤਖਾਣਾ, ਜਦਕਿ ਦੀਨ, ਸ਼ਰੀਫ਼ ਅਤੇ ਸ਼ਹੀਦਾ ਆਟਾ ਚੱਕੀ ਨਾਲ ਲੁਹਾਰਾ ਕੰਮ ਵੀ ਕਰਦੇ।

ਨਾਮੋ ਝੀਰੀ ਭੱਠੀ 'ਤੇ ਦਾਣੇ ਭੁੰਨਦੀ। ਉਹਦੇ ਘਰੋਂ ਹਰਨਾਮਾ ਖ਼ੂਹ ਤੋਂ ਘਰਾਂ ਵਿਚ, ਘੜਿਆਂ ਨਾਲ ਪਾਣੀ ਢੋਂਹਦਾ। ਖੇਤ 'ਚੋਂ ਬਾਲਣ ਚੁੱਕਦਿਆਂ, ਸੱਪ ਲੜਣ ਨਾਲ ਹਰਨਾਮੇ ਦੀ ਮੌਤ, ਰੌਲਿਆਂ ਤੋਂ ਪਹਿਲਾਂ ਹੀ ਹੋ ਗਈ।

ਆਦਿ ਧਰਮੀਆਂ 'ਚੋਂ ਚਨੂੰ ਅਤੇ ਸੁਲੱਖਣ ਸਾਡੇ ਪੱਕੇ ਖੇਤ ਕਾਮੇ ਸਨ। ਹੋਰਾਂ ਨਾਲ ਮੁਸਲਿਮ ਬੀਬੀਆਂ ਵੀ ਖੇਤਾਂ 'ਚੋਂ ਨਰਮਾ ਚੁਗਣ, ਮਿਰਚਾਂ ਤੋੜਣ ਜਾਂਦੀਆਂ।

ਤਿੰਨ ਹੱਟੀਆਂ, ਰੋੜਾ ਬਰਾਦਰੀ 'ਚੋਂ ਮਹਿੰਗਾ ਸਿੰਘ, ਹੀਰਾ ਸਿੰਘ ਅਤੇ ਇਕ ਹੱਟੀ ਆਦਿ ਧਰਮੀਆਂ 'ਚੋਂ ਮੱਧਰੇ ਕੱਦ ਦੇ ਪਿਓ-ਪੁੱਤ ਕਰਦੇ। ਇੱਕ ਮੱਜ਼੍ਹਬੀ ਸਿੱਖ ਬਲਦਾਂ ਦੇ ਖੁਰੀਆਂ ਲਾਉਂਦਾ।

ਪਿੰਡ ਵਿਚ ਇਕ ਗੁਰਦੁਆਰਾ ਸਾਹਿਬ ਜਿਥੇ ਭਾਈ ਮਹਿਤਾਬ ਸਿੰਘ ਜੀ ਬੱਚਿਆਂ ਨੂੰ ਗੁਰਮੁਖੀ, ਗਤਕਾ ਸਿਖਾਉਂਦੇ। ਇਕ ਪ੍ਰਾਇਮਰੀ ਸਕੂਲ ਜਿੱਥੇ ਉਸਤਾਦ ਗੰਗਾ ਧਰ ਤਾਲੀਮ ਦਿੰਦੇ। ਮਿਡਲ ਸਕੂਲ ਬੁੱਚੋਕੇ ਪਿੰਡ ਵਿਚ ਸੀ, ਜਿੱਥੇ ਉਸਤਾਦ ਜੈ ਦਯਾਲ ਅਤੇ ਇਕ ਸਰਦਾਰ ਜੀ ਤੁਰਲੇ ਵਾਲੀ ਪੱਗ ਬੰਨ੍ਹਿਆਂ ਕਰਦੇ। ਇੱਕ ਮਸੀਤ ਜੋ ਪਿੰਡੋਂ ਜ਼ਰਾ ਹੱਟਵੀਂ ਸੀ, 'ਚ ਮੌਲਵੀ ਸਾਬ ਮੁਸਲਿਮ ਬੱਚਿਆਂ ਨੂੰ ਅਲਫ਼ ਅੱਲ੍ਹਾ ਸਿਖਾਉਂਦੇ।

ਦੋ ਖ਼ੂਹ ਸਨ, ਜਿਨ੍ਹਾਂ ਨੂੰ ਨਹਾਉਣ, ਧੋਣ ਅਤੇ ਪੀਣ ਲਈ ਪਾਣੀ ਵਰਤਦੇ।

ਰੌਲੇ-ਰੱਪੇ ਪਹਿਲਾਂ ਪੋਠੋਹਾਰ ਇਲਾਕੇ 'ਚ ਪਏ। ਮੁਸਲਿਮ ਧਾੜਵੀਆਂ ਆਲੇ-ਦੁਆਲੇ ਮਾਰ-ਮਰੱਈਆ ਅਤੇ ਲੁੱਟਮਾਰ ਸ਼ੁਰੂ ਕਰਤੀ। ਸਿੱਖਾਂ ਦੇ ਪਿੰਡ ਘੇਰ ਕੇ ਫੂਕ ਦਿੱਤੇ। ਸਿੱਖ ਹਿੰਦੂਆਂ ਨੂੰ ਕੋਹ-ਕੋਹ ਕੇ ਸ਼ਹੀਦ ਕੀਤਾ ਗਿਆ। ਸਭ ਤੋਂ ਵੱਧ ਜ਼ੁਲਮੋਂ-ਸਿਤਮ ਬੀਬੀਆਂ 'ਤੇ ਹੋਇਆ। ਬੜੀ ਦਰਿੰਦਗੀ ਨਾਲ ਉਨ੍ਹਾਂ ਦੀ ਬੇਪਤੀ ਕੀਤੀ ਜਾਂ ਉਨ੍ਹਾਂ ਤਾਈਂ ਜ਼ਬਰੀ ਉਠਾ ਲਿਆ ਗਿਆ। ਬਦਲੇ ਵਿਚ ਚੜ੍ਹਦੇ ਪੰਜਾਬ ਵੀ ਹਿੰਦੂ ਸਿੱਖਾਂ ਵਲੋਂ ਵੀ ਉਹੋ ਕੁੱਝ ਦੁਹਰਾਇਆ ਗਿਆ। ਫ਼ਿਰਕੂ ਅੱਗ ਦਾ ਸੇਕ ਸਾਡੇ ਪਿੰਡਾਂ ਵੱਲ ਵੀ ਪਹੁੰਚਾ। ਸਿੱਖ ਘੱਟ ਗਿਣਤੀ ਵਾਲੇ ਪਿੰਡਾਂ ਉਪਰ ਹਮਲੇ ਸ਼ੁਰੂ ਹੋਏ। ਸਾਡੇ ਗੁਆਂਢੀ ਪਿੰਡ ਦੇ ਹੱਟੀਆਂ ਵਾਲੇ ਰੋੜੇ ਲੁੱਟ ਲਏ। ਉਹ ਆਪਣਾ ਬੋਰੀ ਬਿਸਤਰਾ ਚੁੱਕ ਕੇ ਸਾਡੇ ਪਿੰਡ ਆਣ ਖੜ੍ਹੇ।

ਧਾੜਵੀ ਸਾਡੇ ਪਿੰਡ ਦੁਆਲੇ ਵੀ ਗੇੜੇ ਮਾਰਨ। ਸੂਬੇਦਾਰ ਬੰਤਾ ਸਿੰਘ ਨੇ ਖ਼ਤਰਾ ਭਾਂਪਦਿਆਂ ਪਹਿਲਾਂ ਹੀ ਚਾਰ ਹਲਕੀਆਂ ਤੋਪਾਂ ਅਤੇ ਕੁੱਝ ਅਸਲੇ ਦਾ ਪ੍ਰਬੰਧ ਕਰ ਰੱਖਿਆ ਸੀ। ਕੁੱਝ ਨੌਜਵਾਨਾਂ ਨੂੰ ਹਥਿਆਰ ਚਲਾਉਣ ਦੀ ਟਰੇਨਿੰਗ ਵੀ ਉਸ ਦਿੱਤੀ। ਇੱਕ ਦਿਨ ਕੁੱਝ ਧਾੜਵੀ ਲੁੱਟ-ਖੋਹ ਦੀ ਨੀਅਤ ਨਾਲ ਆਏ। ਸੂਬੇਦਾਰ ਨੇ ਉਨ੍ਹਾਂ ਤਾਈਂ ਡਰਾਉਣ ਲਈ ਤੋਪ ਚਲਾਉਣੀ ਚਾਹੀ ਪਰ ਭਾਰੀ ਬਰਸਾਤ ਹੋਣ 'ਤੇ ਬਾਰੂਦ ਗਿੱਲਾ ਹੋਣ ਨਾਲ ਤੋਪ ਨਾ ਚੱਲੀ। ਫਿਰ ਇੱਕ ਦਿਨ ਇਵੇਂ ਆਏ, ਤੋਪ 'ਚੋਂ ਤਿੰਨ ਗੋਲੇ ਦਾਗੇ। ਧਾੜਵੀਆਂ ਵਿਚ ਦਹਿਸ਼ਤ ਪੈ ਗਈ। ਮੁੜ ਉਨ੍ਹਾਂ ਸਾਡੇ ਵੱਲ ਮੂੰਹ ਨਾ ਕੀਤਾ। ਮੇਰਾ ਵੱਡਾ ਭਰਾ ਕਿਸ਼ਨ ਸਿੰਘ ਬੜਾ ਕੈਂਹਦ ਬੰਦਾ ਸੀ। ਲੜਨ-ਭਿੜਨ ਅਤੇ ਕਬੱਡੀ ਖੇਡਣ 'ਚ ਉਸਦਾ ਕੋਈ ਸਾਨੀ ਨਹੀਂ ਸੀ। ਸਾਡੇ ਚੱਕ ਦੀ ਕਬੱਡੀ ਵਿਚ ਪੂਰੀ ਧੱਕ ਸੀ। ਨਨਕਾਣਾ ਸਾਹਿਬ ਵੀ ਉਹ ਹਰ ਸਾਲ ਜਥਾ ਲੈ ਕੇ ਜਾਂਦਾ। ਜਦ ਰੌਲੇ ਪਏ ਤਾਂ ਗੁਆਂਢੀ ਪਿੰਡ ਦਾ ਬਦਮਾਸ਼ ਬਿਰਤੀ ਵਾਲਾ ਪਠਾਣ ਚੌਧਰੀ ਅਲ ਜਾਫ਼ਰ ਖਾਂ ਜਨਾਨੀਆਂ 'ਤੇ ਭੈੜੀ ਨਜ਼ਰ ਰੱਖਦਾ। ਆਲੇ-ਦੁਆਲਿਓਂ ਕਈ ਜ਼ਨਾਨੀਆਂ, ਉਹਦੇ ਬਦਮਾਸ਼ ਉਠਾ ਕੇ ਉਸ ਦੀ ਹਵੇਲੀ ਲੈ ਆਏ। ਇਕ ਬਜ਼ੁਰਗ ਨੇ ਨਨਕਾਣਾ ਸਾਹਿਬ ਗੁਰਦੁਆਰਾ ਜਾ ਕੇ ਜਥੇਦਾਰ ਕਿਸ਼ਨ ਸਿੰਘ ਪਾਸ ਫਰਿਆਦ ਕੀਤੀ। ਅਗਲੇ ਦਿਨ ਕਿਸ਼ਨ ਸਿੰਘ ਨੇ ਸਾਰੀ ਬਣਤ ਬਣਾਈ। ਇਕ ਬੰਦਾ ਭੇਜਿਆ ਜੋ ਮੌਕਾ ਦੇਖ ਆਇਆ। ਰਾਤ ਵੇਲੇ 6-7 ਚੋਣਵੇਂ ਜਵਾਨ ਨਾਲ ਲੈ ਜਾ ਕੇ ਉਸ ਦੀ ਹਵੇਲੀ ਉਪਰ ਹਮਲਾ ਬੋਲ ਕੇ, ਚੁਬਾਰੇ ਵਿਚ ਕੈਦ ਕਰ ਰੱਖੀਆਂ ਸਾਰੀਆਂ ਜਨਾਨੀਆਂ ਨੂੰ ਨਨਕਾਣਾ ਸਾਹਿਬ ਲੈ ਆਇਆ।

ਕੁੱਝ ਦਿਨ ਪਿੱਛੋਂ ਧਾੜਵੀ 'ਕੱਠੇ ਹੋ ਕੇ ਉਸੀ ਪਠਾਣ ਚੌਧਰੀ ਅਲ ਜਾਫ਼ਰ ਖਾਂ ਪਾਸ ਗਏ। ਉਨ੍ਹਾਂ ਸ਼ਕਾਇਤ ਕੀਤੀ ਕਿ ਤ੍ਰੈ ਚੱਕ ਉਠਦਾ ਨਹੀਂ। ਚੌਧਰੀ ਨੇ ਛਿੱਥਾ ਹੋ ਕੇ ਕਿਹਾ ਕਿ ਇਹ ਤਾਂ ਉਸ ਦੇ ਵੱਸ ਦਾ ਕੰਮ ਨਹੀਂ, ਉਹ ਬਲੋਚ ਮਿਲਟਰੀ ਬਲਾਉਂਦਾ ਹੈ। ਬਲੋਚ ਮਿਲਟਰੀ ਬੜੀ ਤੁਅੱਸਬੀ ਸੀ। ਉਹ ਮੁਸਲਿਮ ਧਾੜਵੀਆਂ ਦੀ ਸਿੱਧੀ ਹਮਾਇਤ ਕਰਦੀ। ਪਿੰਡ ਵੀ ਇਹ ਕਨਸੋਅ ਪਹੁੰਚ ਗਈ। ਪਿੰਡ ਵਾਲਿਆਂ ਉਠਣ ਦਾ ਫੈਸਲਾ ਕਰ ਲਿਆ। ਇਕ ਦਿਨ ਸ਼ਾਮ ਨੂੰ ਘਰ ਬਾਰ, ਮਾਲ ਡੰਗਰ ਪਿੰਡ ਦੇ ਮੁਸਲਿਮਾਂ ਲਈ ਛੱਡ ਕੇ, ਜ਼ਰੂਰੀ ਸਮਾਨ ਦੇ ਗੱਡੇ ਲੱਦ ਲਏ। ਭੰਬੇ ਦਾ ਕਿਲ੍ਹਾ ਸਰਦਾਰਾਂ ਦਾ ਗੜ੍ਹ ਸੀ। ਪਿੰਡ ਨੂੰ ਆਖ਼ਰੀ ਫ਼ਤਹਿ ਬੁਲਾ, ਉਧਰ ਨੂੰ ਕਾਫ਼ਲਾ ਤੁਰ ਪਿਆ। ਭੰਬੇ ਦੇ ਕਿਲ੍ਹੇ ਪਹੁੰਚੇ ਤਾਂ ਸਰਦਾਰਾਂ ਰੋਸ ਕੀਤਾ ਕਿ ਅਸੀਂ ਕਾਸ ਨੂੰ ਪਿੰਡ ਛੱਡਿਆ? ਅਖੇ ਫਿਰ ਵਾਪਸ ਜਾਓ। ਪਰ ਵਾਪਸੀ ਲਈ ਬਜ਼ੁਰਗ ਨਾ ਮੰਨੇ। ਇਥੇ ਹੀ ਸਾਨੂੰ ਪਤਾ ਲੱਗਾ ਕਿ ਸਾਰਾ ਤ੍ਰੈ ਚੱਕ ਧਾੜਵੀਆਂ ਨੇ ਲੁੱਟ ਲਿਆ। ਭੰਬੇਕਿਆਂ ਪਾਸ ਤਿੰਨ ਗੱਡੇ ਅਸਲੇ ਦੇ ਸੀ, ਜਿਸ 'ਤੇ ਉਹ ਨਾਜ਼ ਕਰਦੇ। ਉਥੇ ਹੀ ਰਾਤ ਰੇਡੀਓ 'ਤੇ ਖ਼ਬਰ ਆਮ ਹੋਈ ਕਿ ਪਾਕਿਸਤਾਨ ਬਣ ਗਿਆ ਹੈ, ਸਭ ਹਿੰਦੂ ਸਿੱਖ ਉਠ ਕੇ ਇਧਰ ਆ ਜਾਣ। ਹਿੰਦੂ ਸਿੱਖਾਂ ਨੂੰ ਸਲਾਮਤੀ ਨਾਲ ਕੱਢਣ ਲਈ ਗਿਆਨੀ ਕਰਤਾਰ ਸਿੰਘ ਭੱਜਾ ਫਿਰਦਾ। ਪਜਾਮਾ ਵੀ ਓਸ ਬਹੁਤਾ ਮੋਢੇ 'ਤੇ ਹੀ ਟੰਗਿਆ ਹੁੰਦਾ। ਇਸ ਪਿੰਡ ਵੀ ਦੋ ਦਫ਼ਾ ਉਹ ਉਠਣ ਲਈ ਕਹਿ ਗਏ ਸਨ।

ਤੀਜੇ ਦਿਨ ਭੰਬੇਕੇ ਵੀ ਸਾਡੇ ਨਾਲ ਹੋ ਤੁਰੇ। ਇੱਕ ਮੀਲ ਲੰਬਾ ਕਾਫ਼ਲਾ ਬੱਲੋ ਕੀ ਹੈੱਡ ਲਈ ਤੁਰਿਆ। ਰਸਤੇ 'ਚ ਕੁੱਝ ਧਾੜਵੀਆਂ ਸਾਡੇ ਕਾਫ਼ਲੇ ਦਾ ਪਿਛਲਾ ਗੱਡਾ ਲੁੱਟ ਲਿਆ। ਰਸਤੇ 'ਚ ਹੀ ਮੁਹੰਮਦ ਅਲੀ ਜਿਨਾਹ ਦਾ ਕਾਫ਼ਲਾ ਲੰਘਿਆ। ਉਸ ਤਾਈਂ ਸੁਰੱਖਿਆ ਲਈ ਬੇਨਤੀ ਕੀਤੀ। ਤਾਂ ਉਸ ਕਿਹਾ ਪੰਡਤ ਨਹਿਰੂ ਨੂੰ ਕਹੋ। ਦੂਜੇ ਦਿਨ ਹੀ ਡੋਗਰਾ ਮਿਲਟਰੀ ਦੇ 4-5 ਫੌਜੀ ਸਾਡੇ ਕਾਫ਼ਲੇ ਦੀ ਸੁਰੱਖਿਆ ਲਈ ਲੱਗੇ। ਬਰਸਾਤ ਬਹੁਤ ਹੋਈ ਪਰ ਸਾਡੇ ਕਾਫ਼ਲੇ ਦੇ ਪਿੰਡੋਂ ਤੁਰਨ ਤੋਂ ਬਾਅਦ ਮੀਂਹ ਨਹੀਂ ਪਿਆ। ਹੁਣ ਮਹੀਨਾ ਵੀ ਅੱਸੂ ਚੜ੍ਹ ਚੁੱਕਾ ਸੀ। ਬਰਸਾਤ ਦਾ ਜ਼ੋਰ ਲੱਗ ਚੁੱਕਾ ਸੀ। ਨੀਵੇਂ ਖੇਤ ਖਲਿਆਨ ਸਭ ਪਾਣੀ ਨਾਲ ਹਾਲੇ ਭਰੇ ਹੋਏ ਸਨ। ਪਸ਼ੂ ਅਤੇ ਮਨੁੱਖੀ ਲਾਸ਼ਾਂ ਥਾਂ ਪੁਰ ਥਾਂ ਬਦਬੋ ਮਾਰਦੀਆਂ। ਹੈਜਾ ਵੀ ਫੈਲਿਆ ਹੋਇਆ। ਕਾਫ਼ਲੇ 'ਚ ਕਈ ਬੁੱਢੇ-ਠੇਰੇ, ਬਿਮਾਰ-ਠਮਾਰ ਵਬਾ ਦੀ ਭੇਟ ਚੜ੍ਹ ਗਏ। ਕੋਈ ਮਰਦਾ ਤਾਂ ਉਥੇ ਹੀ ਦਫ਼ਨ ਕਰ ਦਿੱਤਾ ਜਾਂਦਾ। ਬੱਲੋ ਕੀ ਹੈੱਡ ਟੱਪ ਕੇ ਇੱਕ ਬਰਸਾਤੀ ਨਾਲਾ ਆਇਆ। ਉਸ ਵਿਚ ਫੁੱਲੀਆਂ, ਤਰਦੀਆਂ ਮਨੁੱਖੀ ਲਾਸ਼ਾਂ ਵੇਖੀਆਂ। ਫਾਕੇ, ਹੁੰਮਸ, ਥਕਾਨ ਭੋਗਦਿਆਂ ਡਰ ਅਤੇ ਸਹਿਮ ਦੇ ਸਾਏ ਹੇਠ ਕਸੂਰ-ਖਾਲੜਾ-ਤਰਨਤਾਰਨ ਹੁੰਦੇ ਹੋਏ ਡੇਰਾ ਬਿਆਸ ਜਾ ਕਯਾਮ ਕੀਤਾ। ਉਥੇ ਰੱਜਵੀਂ ਰੋਟੀ ਖਾਧੀ, ਘੋੜੇ ਵੇਚ ਕੇ ਸੁੱਤੇ। ਹਫ਼ਤਾ ਕੁ ਪਿੱਛੋਂ ਭਲਾਈ ਪੁਰ ਡੋਗਰਾ ਜਾ ਬਹੇ ਮੁਸਲਮਾਨਾਂ ਦੀ ਛੱਡੀ ਜ਼ਮੀਨ ਅਤੇ ਘਰ ਸਾਂਭਿਆ। ਸਾਡੇ ਕੁਨਬੇ ਦੇ ਕੁੱਝ ਪਰਿਵਾਰ ਚੰਗਾਲੀ ਪਿੰਡ ਜ਼ਿਲ੍ਹਾ ਫਿਰੋਜ਼ਪੁਰ ਬੈਠੇ ਸਨ। ਉਨ੍ਹਾਂ ਸੁਨੇਹਾ ਭੇਜਿਆ ਕਿ ਉਨ੍ਹਾਂ ਪਾਸ ਆਜੋ। ਮੇਰਾ ਵੱਡਾ ਭਾਈ ਕਿਸ਼ਨ ਸਿੰਘ ਲੁੱਦੇਹਾਣਾ ਤੋਂ ਫਿਰੋਜਪੁਰ ਵਾਲੀ ਗੱਡੀ ਫੜ, ਕਾਸੂ-ਬੇਗੂ ਟੇਸ਼ਣ 'ਤੇ ਉੱਤਰਿਆ। ਤੁਰ ਕੇ ਚੰਗਾਲੀ ਪਿੰਡ ਗਿਆ। ਆਪਣੇ ਬੰਦਿਆਂ ਨੂੰ ਮਿਲਿਆ। ਮੁਸਲਿਮਾਂ ਵਲੋਂ ਖਾਲੀ ਕੀਤੀ ਜ਼ਮੀਨ ਅਤੇ ਘਰ ਸਾਂਭਿਆ। ਪਿੱਛੋਂ ਸਾਡਾ ਸਾਰਾ ਪਰਿਵਾਰ ਵੀ ਸੱਦ ਭੇਜਿਆ। ਅਸੀਂ ਉਥੇ ਜਾ ਰਹੇ। ਦੋ ਕੁ ਸਾਲਾਂ ਪਿੱਛੋਂ ਅਲਾਟਮੈਂਟ ਦੀ ਪੱਕੀ ਪਰਚੀ ਗੰਨਾ ਪਿੰਡ- ਫ਼ਿਲੌਰ ਦੀ ਪੈ ਗਈ। ਸੋ ਇਥੇ ਆ ਆਬਾਦ ਹੋਏ। ਤ੍ਰੈ ਚੱਕ ਵਿਚ ਬਾਪ ਹੋਰਾਂ ਦੇ ਪੰਜ ਭਰਾਵਾਂ ਦੀ ਪੰਜ ਮੁਰੱਬੇ ਜ਼ਮੀਨ ਸੀ। ਇਧਰ ਆ ਕੇ ਜ਼ਮੀਨ ਕਾਟ ਕੱਟ ਕੇ ਅੱਧੋ ਡੂਢ ਹੀ ਮਿਲੀ।

ਇਥੇ ਹੀ ਮੇਰੀ ਸ਼ਾਦੀ ਸਰਦਾਰਨੀ ਬਲਵੰਤ ਕੌਰ ਨਾਲ ਹੋਈ। ਚਾਰ ਪੁੱਤਰ ਅਤੇ ਦੋ ਧੀਆਂ ਦਾ ਜਨਮ ਹੋਇਆ। ਹੁਣ ਮੈਂ ਆਪਣੀ ਜ਼ਿੰਦਗੀ ਦਾ ਚੌਥਾ ਪੰਧ ਆਪਣੇ ਪੁੱਤਰ ਸਤਿੰਦਰ ਸਿੰਘ, ਨੂੰਹ ਰਾਣੀ ਪਰਮਜੀਤ ਕੌਰ, ਪੋਤਰਾ ਯਾਦ ਕਰਨ ਸਿੰਘ, ਪੋਤ ਨੂੰਹ ਬੀਬਾ ਰਾਜਵਿੰਦਰ ਕੌਰ ਦੀ ਬਾਲ ਫੁਲਵਾੜੀ ਵਿਚ ਹੰਢਾਅ ਰਿਹੈਂ। ਘਰ 'ਚ ਇਤਫ਼ਾਕ ਹੈ।

ਨੂੰਹ ਰਾਣੀਆਂ ਸੇਵਾ ਭਾਵ ਵਾਲੀ ਆਂ ਨੇ। ਇਹੋ ਮੇਰੀ ਲੰਬੀ ਉਮਰ ਦਾ ਰਾਜ਼ ਹੈ।


ਬਾਕੀ ਬੱਲਿਆ, ਉਹ ਸਮਾਂ ਬੜਾ ਭਿਆਨਕ ਸੀ, ਜਦ ਮਾਵਾਂ ਨੇ ਪੁੱਤਰਾਂ ਨੂੰ ਨਾ ਪਛਾਣਿਆ। ਅੱਜ ਵੀ ਉਹ ਵੇਲਾ ਯਾਦ ਕਰਦਿਆਂ ਝੁਣਝਣੀ ਛਿੜ ਜਾਂਦੀ ਹੈ।"

# ਪੁਸਤਕ ਸਮੀਖਿਆ


ਡਾ. ਅਸ਼ਵਨੀ ਸ਼ਰਮਾ
ਐਸੋਸੀਏਟ ਪ੍ਰੋਫ਼ੈਸਰ ਅਤੇ ਮੁਖੀ
ਪੰਜਾਬੀ ਵਿਭਾਗ
ਡੀ.ਐੱਮ. ਕਾਲਜ, ਮੋਗਾ-14201
ਮੋਬਾਈਲ : 94175-34550
(Punjab Mail USA)




ਆਲੋਚਨਾ ਪੁਸਤਕ - ਬਲਦੇਵ ਸਿੰਘ ਸੜਕਨਾਮਾ ਦੇ ਨਾਵਲਾਂ ਦਾ ਸਮਾਜਿਕ ਯਥਾਰਥ
-ਲੇਖਕ : ਡਾ. ਸੰਦੀਪ ਸਿੰਘ ਮੁੰਡੇ
ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।
ਪੰਨੇ : 240, ਕੀਮਤ - 495 ਰੁਪਏ




ਰਾਜਸਥਾਨ ਰਾਜ ਵਿਚ ਪੰਜਾਬੀ ਮਾਂ-ਬੋਲੀ ਨੂੰ ਪ੍ਰਫੁੱਲਿਤ ਕਰਨ ਲਈ ਨਿਰੰਤਰ ਕਾਰਜਸ਼ੀਲ ਡਾ. ਸੰਦੀਪ ਸਿੰਘ ਮੁੰਡੇ ਪੰਜਾਬੀ ਸਾਹਿਤ ਦਾ ਸਿਰਕੱਢਵਾਂ ਅਤੇ ਨਿਵੇਕਲਾ ਸਾਹਿਤਰਸੀਆ ਹੈ। ਉਸ ਦੇ ਪਹਿਲਾਂ ਅਰਥਸ਼ਾਸਤਰ ਵਿਸ਼ੇ ਵਿਚ ਯੂ.ਜੀ.ਸੀ. ਨੈੱਟ ਅਤੇ ਪੀ.ਐੱਚ.ਡੀ. ਕਰਨ ਤੋਂ ਬਾਅਦ ਪੰਜਾਬੀ ਵਿਸ਼ੇ 'ਚ ਯੂ.ਜੀ.ਸੀ. ਨੈੱਟ ਅਤੇ ਪੀ.ਐੱਚ.ਡੀ. ਕਰਕੇ ਪੰਜਾਬੀ ਮਾਂ-ਬੋਲੀ ਨਾਲ ਜੁੜਨਾ, ਉਸ ਦੇ ਪੰਜਾਬੀ ਪ੍ਰਤੀ ਪਿਆਰ ਨੂੰ ਦਰਸਾਉਂਦਾ ਹੈ। ਇਸ ਸਮੇਂ ਡਾ: ਸੰਦੀਪ ਸਿੰਘ ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ, ਬੀਕਾਨੇਰ ਵਿਖੇ ਪੰਜਾਬੀ ਵਿਸ਼ੇ ਦੇ 'ਬੋਰਡ ਆਫ਼ ਸਟੱਡੀਜ਼' ਦੇ ਮੈਂਬਰ ਹੋਣ ਦੇ ਨਾਲ-ਨਾਲ ਪੰਜਾਬੀ ਭਾਸ਼ਾ ਦੇ ਅੰਤਰਰਾਸ਼ਟਰੀ ਆਨਲਾਈਨ ਰਸਾਲੇ 'ਅਰਮਾਨ' ਦਾ ਮੁੱਖ ਸੰਪਾਦਕ ਅਤੇ ਗੁਰੂ ਹਰਗੋਬਿੰਦ ਸਾਹਿਬ ਪੀ.ਜੀ. ਕਾਲਜ, ਸੀ.ਸੀ. ਹੈੱਡ (ਸ੍ਰੀਗੰਗਾਨਗਰ) ਦੇ ਪ੍ਰਿੰਸੀਪਲ ਵਜੋਂ ਸੇਵਾ ਨਿਭਾ ਰਿਹਾ ਹੈ। ਹਾਲ ਹੀ 'ਚ ਰਾਜਸਥਾਨ ਦੀ ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ, ਬੀਕਾਨੇਰ ਨੇ ਡਾ. ਸੰਦੀਪ ਸਿੰਘ ਮੁੰਡੇ ਨੂੰ ਪੰਜਾਬੀ ਭਾਸ਼ਾ ਦਾ ਪਹਿਲਾ ਖੋਜ-ਨਿਗਰਾਨ ਨਿਯੁਕਤ ਕੀਤਾ ਹੈ। ਉਹ ਸਿੱਖਿਆ ਦੇ ਖੇਤਰ 'ਚ ਸ਼ਾਨਦਾਰ ਅਤੇ ਸ਼ਲਾਘਾਯੋਗ ਯੋਗਦਾਨ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੱਖ-ਵੱਖ ਸਨਮਾਨਾਂ ਦੇ ਨਾਲ ਸਨਮਾਨਿਤ ਹੋ ਚੁੱਕਾ ਹੈ।

ਬੀਤੇ ਦਿਨੀਂ ਡਾ. ਮੁੰਡੇ ਦੀ ਪਹਿਲੀ ਆਲੋਚਨਾ ਪੁਸਤਕ 'ਬਲਦੇਵ ਸਿੰਘ ਸੜਕਨਾਮਾ ਦੇ ਨਾਵਲਾਂ ਦਾ ਸਮਾਜਿਕ ਯਥਾਰਥ' ਲੋਕ-ਅਰਪਣ ਹੋਈ ਹੈ, ਜਿਸ ਨੂੰ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਨੇ ਪ੍ਰਕਾਸ਼ਿਤ ਕੀਤਾ ਹੈ। ਇਸ ਪੁਸਤਕ ਵਿਚ ਉਸ ਨੇ ਪੰਜਾਬੀ ਸਾਹਿਤ ਦੇ ਪ੍ਰਸਿੱਧ ਸਾਹਿਤਕਾਰ ਬਲਦੇਵ ਸਿੰਘ ਸੜਕਨਾਮਾ ਦੇ ਨਾਇਕਮੁਖੀ ਨਾਵਲਾਂ ਨੂੰ ਛੱਡ ਕੇ ਬਾਕੀ ਨਾਵਲਾਂ ਵਿਚ ਪੇਸ਼ ਸਮਾਜਿਕ ਯਥਾਰਥ ਦੇ ਵਿਭਿੰਨ ਪਹਿਲੂਆਂ ਨੂੰ ਉਜਾਗਰ ਕੀਤਾ ਹੈ।

ਹੱਥਲੀ ਪੁਸਤਕ ਦਾ ਬੁਨਿਆਦੀ ਆਧਾਰ ਬਲਦੇਵ ਸਿੰਘ ਦੇ ਨਾਵਲਾਂ 'ਚ ਆਧੁਨਿਕ ਪੂੰਜੀਵਾਦੀ ਸੋਚ ਅਤੇ ਉਪਭੋਗਤਾਵਾਦੀ ਲਹਿਰ ਕਾਰਨ ਅਜੋਕੇ ਸਮੇਂ 'ਚ ਪੈਦਾ ਹੋਏ ਸੰਕਟ ਨੂੰ ਸਮਾਜਿਕ-ਸੱਭਿਆਚਾਰਕ ਅਤੇ ਰਾਜਨੀਤਿਕ ਵਿਵਸਥਾ 'ਚ ਪੈਦਾ ਹੋਈਆਂ ਕੋਝੀਆਂ ਗੁੰਝਲਦਾਰ ਸਮੱਸਿਆਵਾਂ ਪ੍ਰਤੀ ਜਾਗਰੂਕ ਕਰਦਿਆਂ ਸਮਕਾਲੀ ਸਮਾਜ ਦਾ ਯਥਾਰਥ ਚਿਤਰਣ ਕੀਤਾ ਹੈ। ਬਲਦੇਵ ਸਿੰਘ ਦੇ ਨਾਵਲਾਂ ਵਿਚ ਕਿਸਾਨੀ ਸਮਾਜ 'ਚ ਆਏ ਸਮੁੱਚੇ ਨਿਘਾਰ, ਪੇਂਡੂ ਸਮਾਜ ਵਿਚ ਸੰਯੁਕਤ ਪਰਿਵਾਰਾਂ ਦਾ ਟੁੱਟਣਾ, ਵਿਆਹ ਸੰਸਥਾ ਦੀ ਪਵਿੱਤਰਤਾ ਨਾ ਰਹਿਣੀ, ਖੇਤੀ ਲਈ ਜ਼ਮੀਨ ਦਾ ਨਿਰੰਤਰ ਘੱਟਣਾ, ਮਹਾਂਨਗਰਾਂ ਵਿਚ ਮਨੁੱਖਾਂ ਦੀ ਜ਼ਿੰਦਗੀ, ਡਰਾਈਵਰੀ ਕਿੱਤੇ ਨਾਲ ਜੁੜੇ ਲੋਕਾਂ ਦੇ ਮੰਦੇ ਸਰੋਕਾਰ, ਮੱਧ ਵਰਗੀ ਪਰਿਵਾਰਾਂ ਦੀਆਂ ਸਮੱਸਿਆਵਾਂ, ਪੂੰਜੀਵਾਦੀ ਪ੍ਰਭਾਵ ਅਧੀਨ ਨਿਰੰਤਰ ਬਦਲ ਰਹੇ ਰਿਸ਼ਤੇ-ਨਾਤੇ ਅਤੇ ਘੱਟ ਰਹੀਆਂ ਕਦਰਾਂ-ਕੀਮਤਾਂ, ਮਨੁੱਖ ਦੇ ਅੰਦਰ ਨਿਰੰਤਰ ਵੱਧ ਰਹੀ ਬੇਗਾਨਗੀ ਦੀ ਭਾਵਨਾ, ਮਾਇਆ ਪਿੱਛੇ ਲੱਗੀ ਅੰਨ੍ਹੀ ਦੌੜ, ਨਸ਼ਿਆਂ ਵਿਚ ਰੁਲਦੀ ਨੌਜਵਾਨੀ ਆਦਿ ਮਸਲਿਆਂ ਦੀ ਯਥਾਰਥਕ ਪੇਸ਼ਕਾਰੀ ਮਿਲਦੀ ਹੈ। ਬਲਦੇਵ ਸਿਘ ਦੇ ਨਾਵਲਾਂ ਵਿਚ ਉਸ ਦੇ ਤਨ-ਹੰਢਾਏ ਅਨੁਭਵਾਂ ਦੀ ਝਲਕ ਸਪੱਸ਼ਟ ਨਜ਼ਰ ਆਉਂਦੀ ਹੈ। ਸਾਹਿਤ ਵਿਚ ਸਮਾਜਕ ਯਥਾਰਥ ਦੀ ਮੌਜੂਦਗੀ ਸਮਾਜ ਦੇ ਮੁੱਖ ਖੇਤਰਾਂ ਜਿਵੇਂ ਕਿ ਸਮਾਜਿਕ-ਸੱਭਿਆਚਾਰਕ, ਰਾਜਨੀਤਿਕ, ਆਰਥਿਕ, ਧਾਰਮਿਕ ਆਦਿ ਪ੍ਰਸਥਿਤੀਆਂ ਰਾਹੀਂ ਵਿਸੇਸ਼ ਤੌਰ 'ਤੇ ਪ੍ਰਗਟ ਹੁੰਦੀ ਹੈ। ਇਸ ਪੁਸਤਕ ਦੇ ਲੇਖਕ ਡਾ. ਸੰਦੀਪ ਸਿੰਘ ਮੁੰਡੇ ਨੇ ਬਲਦੇਵ ਸਿੰਘ ਸੜਕਨਾਮਾ ਦੇ ਦਰਜਨ ਭਰ ਨਾਵਲਾਂ ਵਿਚ ਇਨ੍ਹਾਂ ਰੋਜ਼ ਬਦਲਦੀਆਂ ਪ੍ਰਸਥਿਤੀਆਂ ਦੇ ਕਰੂਰ ਸਮਾਜਿਕ ਯਥਾਰਥ ਨੂੰ ਸਫਲਤਾਪੂਰਵਕ ਚਿਤਰਿਆ ਹੈ। ਇਹ ਪੁਸਤਕ ਵਿਚਾਰਧੀਨ ਨਾਵਲਾਂ ਵਿਚਲੇ ਸਮਾਜ-ਸੱਭਿਆਚਾਰਕ ਪ੍ਰਕਾਰਜਾਂ ਦੀ ਪੜਚੋਲ ਕਰਕੇ ਸਮਾਜਕ ਯਥਾਰਥ ਦੇ ਬਿਰਤਾਂਤ ਨੂੰ ਭਲੀ-ਭਾਂਤ ਉਭਾਰਦੀ ਅਤੇ ਵਿਚਾਰਦੀ ਹੈ। ਇਸ ਪੁਸਤਕ ਵਿਚ ਲੇਖਕ ਨੇ ਆਪਣੇ ਦ੍ਰਿਸ਼ਟੀਕੋਣ ਰਾਹੀਂ ਨਾਵਲਾਂ ਵਿਚਲੀਆਂ ਯਥਾਰਥਕ ਪ੍ਰਸਥਿਤੀਆਂ ਨੂੰ ਬੜੀ ਸੂਝ-ਬੂਝ ਨਾਲ ਵਿਚਾਰਕੇ ਸਮਾਜਕ ਸਰੋਕਾਰਾਂ ਦੇ ਮਹੱਤਵਪੂਰਨ ਪਹਿਲੂਆਂ ਨੂੰ ਪਾਠਕਾਂ ਸਾਹਮਣੇ ਲਿਆਂਦਾ ਹੈ। ਪੁਸਤਕ ਵਿਚ ਸਮਾਜ ਵਿਚਲੀਆਂ ਮੁੱਖ ਸਮੱਸਿਆਵਾਂ ਦੀ ਨਿਸ਼ਾਨਦੇਹੀ ਵੀ ਕੀਤੀ ਗਈ ਹੈ ਅਤੇ ਉਨ੍ਹਾਂ ਕਾਰਨਾਂ ਦੀ ਖੋਜ ਕੀਤੀ ਗਈ ਹੈ, ਜੋ ਅਜਿਹੀ ਸਥਿਤੀ ਪੈਦਾ ਕਰਦੇ ਹਨ। ਲੇਖਕ ਨੇ ਇਸ ਪੁਸਤਕ ਵਿਚ ਨਾਵਲਾਂ ਦੇ ਪਾਤਰਾਂ ਦੀ ਮਨੋਂਦਸ਼ਾ ਦਾ ਮੁਲਾਂਕਣ ਕਰ ਕੇ ਉਨ੍ਹਾਂ ਦੀ ਲੁਕੀ ਮਾਨਸਿਕਤਾ ਨੂੰ ਵੀ ਉਘਾੜਿਆ ਹੈ।

ਡਾ. ਸੰਦੀਪ ਸਿੰਘ ਮੁੰਡੇ ਨੇ ਆਪਣੀ ਸਮਰੱਥਾ ਦੇ ਅਨੁਸਾਰ ਬਲਦੇਵ ਸਿੰਘ ਸੜਕਨਾਮਾ ਦੇ ਨਾਵਲਾਂ ਦਾ ਗੰਭੀਰ ਅਧਿਐਨ ਕਰਕੇ ਨਾਵਲਾਂ ਦੀਆਂ ਬਿਰਤਾਂਤਕ ਜੁਗਤਾਂ ਨੂੰ ਪਹਿਚਾਣਨ ਦਾ ਯਤਨ ਕੀਤਾ ਹੈ। ਉਸ ਨੇ ਨਾਵਲਾਂ ਦੇ ਪਾਤਰਾਂ, ਘਟਨਾਵਾਂ ਅਤੇ ਸਰੋਕਾਰਾਂ ਨੂੰ ਸਮਾਜਿਕ, ਰਾਜਨੀਤਿਕ, ਆਰਥਕ ਅਤੇ ਸੱਭਿਆਚਾਰਕ ਪਰਿਪੇਖ ਵਿਚ ਵਿਚਾਰਿਆ ਹੈ। ਉਸ ਨੇ ਆਮ ਬੋਲਚਾਲ ਦੀ ਭਾਸ਼ਾ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਨਿਸ਼ਚਿਤ ਰੂਪ ਵਿਚ ਡਾ. ਮੁੰਡੇ ਦੀ ਦ੍ਰਿਸ਼ਟੀ ਅਤੇ ਚਿੰਤਨ ਸੂਝ-ਬੂਝ ਦੀ ਇਹ ਮਿਆਰੀ ਆਲੋਚਨਾ ਪੁਸਤਕ ਖੋਜ ਵਿਦਿਆਰਥੀਆਂ ਅਤੇ ਪਾਠਕਾਂ ਲਈ ਲਾਹੇਵੰਦ ਸਾਬਤ ਹੋਵੇਗੀ। ਮੈਂ ਤਹਿ ਦਿਲ ਤੋਂ ਪੰਜਾਬੀ ਦੇ ਅਦਬੀ ਸਾਹਿਤ ਵਿਚ ਇਸ ਆਲੋਚਨਾ ਪੁਸਤਕ ਦਾ ਸਵਾਗਤ ਕਰਦਾ ਹਾਂ।

# ਸਿਹਤ ਮਹਿਕਮਾ ਦਵਾਈਆਂ ਦੇ ਰੇਟਾਂ 'ਚ ਵੱਡੇ ਫਰਕਾਂ ਬਾਰੇ ਅਵੇਸਲਾ ਕਿਉਂ?



ਮੇਜਰ ਸਿੰਘ ਨਾਭਾ
ਪਟਿਆਲਾ
(Punjab Mail USA)

ਭਾਰਤ ਸਰਕਾਰ ਦੇ ਸਿਹਤ ਮਹਿਕਮੇ ਅਧੀਨ 'ਸੈਂਟਰਲ ਕਾਊਂਸਲ ਆਫ ਇੰਡੀਅਨ ਮੈਡੀਸੀਨ' ਨੇ "ਆਯੂਸ਼ ਅਧੀਨ" ਮਰੀਜ਼ਾਂ ਦੇ ਇਲਾਜ ਲਈ ਕਈ ਪ੍ਰਣਾਲੀਆਂ ਨੂੰ ਸ਼ਾਮਲ ਕੀਤਾ ਹੈ। ਸਰਕਾਰ ਨੇ ਇਨ੍ਹਾਂ ਪ੍ਰਣਾਲੀਆਂ ਨੂੰ ਵਿਕਸਤ ਕਰਨ ਲਈ 'ਕੇਂਦਰੀ ਕਾਊਂਸਲ ਆਫ ਰਿਸਰਚ' ਹਰੇਕ ਪ੍ਰਣਾਲੀ ਲਈ ਖੋਜ ਕਾਰਜ ਕਰਨ ਲਈ ਵਿਵਸਥਾ ਕੀਤੀ ਹੋਈ ਹੈ। ਇਸ ਅਧੀਨ 'ਸੈਂਟਰਲ ਕਾਊਂਸਲ ਆਫ ਇੰਡੀਅਨ ਮੈਡੀਸੀਨ' 1970 ਵਿਚ ਹੋਂਦ 'ਚ ਆਈ, ਜਿਹੜੀ ਇਨ੍ਹਾਂ ਪੈਥੀਆਂ ਲਈ ਪੜ੍ਹਾਈ ਦੀ ਵਿਵਸਥਾ ਕਰਦੀ ਹੈ। ਪੰਜਾਬ ਅੰਦਰ ਐਲੋਪੈਥੀ ਤੋਂ ਇਲਾਵਾ ਜ਼ਿਆਦਾਤਰ ਆਯੁਰਵੈਦਿਕ ਅਤੇ ਹੋਮਿਓਪੈਥੀ ਦਾ ਹੀ ਇਲਾਜ ਉਪਲੱਬਧ ਹੈ।

ਸਿਹਤ ਦਾ ਖਿਆਲ ਰੱਖਣਾ ਬਹੁਤ ਜ਼ਰੂਰੀ ਹੈ ਪਰ ਸਾਡਾ ਖਾਣ-ਪੀਣ ਪੁਰਾਤਨ ਰਵਾਇਤ ਤੋਂ ਹਟ ਕੇ ਸ਼ੁੱਧ ਨਾ ਹੋਣ ਕਾਰਨ ਬਹੁਤ ਸਾਰੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨਵੀਆਂ-ਨਵੀਆਂ ਬਿਮਾਰੀਆਂ ਨਾਲ ਪੀੜਤ ਮਰੀਜ਼ ਹਸਪਤਾਲਾਂ, ਡਾਕਟਰਾਂ ਦੇ ਕਲੀਨਿਕਾਂ ਆਦਿ ਵਿਚ ਬਹੁਤਾਤ ਵਿਚ ਦਿਖਾਈ ਦੇਂਦੇ ਹਨ। ਜ਼ਿਆਦਾਤਰ ਮਰੀਜ਼ ਐਲੋਪੈਥੀ ਦਵਾਈਆਂ ਨਾਲ ਜਲਦੀ ਠੀਕ ਹੋਣ ਲਈ ਇਲਾਜ ਕਰਵਾ ਰਹੇ ਹਨ। ਪਰ ਹੋਮਿਓਪੈਥੀ, ਆਯੁਰਵੈਦਿਕ ਅਤੇ ਹੋਰ ਪੈਥੀਆਂ ਵੱਲ ਵੀ ਲੋਕਾਂ ਦਾ ਰੁਝਾਣ ਵੱਧ ਰਿਹਾ ਹੈ। ਕੁਦਰਤੀ ਜੜ੍ਹੀਆਂ-ਬੂਟੀਆਂ ਦੀ ਵਰਤੋਂ ਵੀ ਹੋਣ ਲੱਗੀ ਹੈ। ਭਾਰਤ ਅੰਦਰ ਬਹੁਤੇ ਲੋਕ ਐਲੋਪੈਥੀ ਇਲਾਜ ਕਰਵਾਉਣ ਦੇ ਸਮਰੱਥ ਨਹੀਂ ਹੁੰਦੇ ਕਿਉਂਕਿ ਪਹਿਲਾਂ ਤਾਂ ਡਾਕਟਰ ਮਹਿੰਗੇ ਟੈਸਟ ਲਿਖ ਦਿੰਦੇ ਹਨ, ਦੂਸਰਾ ਦਵਾਈਆਂ ਬਹੁਤ ਮਹਿੰਗੀਆਂ ਹੁੰਦੀਆਂ ਹਨ। ਬਰਾਂਡਿਡ ਦਵਾਈਆਂ ਕੰਪਨੀ ਵਲੋਂ ਆਪਣੇ ਮਨਮਰਜ਼ੀ ਦੇ ਰੇਟਾਂ 'ਚ ਬਾਜ਼ਾਰ ਅੰਦਰ ਆਪਣੇ ਨਾਮ ਹੇਠ ਲਿਆਂਦੀਆਂ ਜਾਂਦੀਆਂ ਹਨ, ਜੋ ਕਿ ਨਿਰਧਾਰਤ ਸਮੇਂ ਲਈ ਪੇਟੈਂਟ ਕਰਵਾਈਆਂ ਹੁੰਦੀਆਂ ਹਨ। ਡਾਕਟਰਾਂ ਨਾਲ ਇਨ੍ਹਾਂ ਕੰਪਨੀਆਂ ਦਾ ਤਾਲਮੇਲ ਹੋਇਆ ਹੁੰਦਾ ਹੈ। ਜੈਨਰਿਕ ਕੰਪਨੀਆਂ ਇਨ੍ਹਾਂ ਬਰਾਂਡਿਡ ਦਵਾਈਆਂ ਦੇ ਪੇਟੈਂਟ ਸਮਾਪਤ ਹੋਣ ਬਾਅਦ ਹੀ ਉਹ ਸਾਲਟ ਬਣਾ ਸਕਦੀਆਂ ਹਨ। ਸਰਕਾਰ ਨੇ ਭਿੰਨ-ਭਿੰਨ ਦਵਾਈਆਂ ਉੱਪਰ 5, 12, 18, ਪ੍ਰਤੀਸ਼ਤ ਤੱਕ ਜੀ.ਐੱਸ.ਟੀ. ਵੀ ਲਾਇਆ ਹੋਇਆ ਹੈ। ਸੇਲ 'ਤੇ 4 ਪ੍ਰਤੀਸ਼ਤ ਵੈਟ ਵੀ ਹੈ। ਇਨ੍ਹਾਂ ਦੇ ਮਾਰਕੀਟ ਸਪਲਾਇਰ ਡਾਕਟਰਾਂ ਦੇ ਕਲੀਨਿਕਾਂ, ਪ੍ਰਾਈਵੇਟ/ਸਰਕਾਰੀ ਹਸਪਤਾਲਾਂ ਦੇ ਆਊਟ ਡੋਰਾਂ ਵਿਚ ਆਮ ਦਵਾਈਆਂ ਦੇ ਨਵੇਂ ਸੈਂਪਲ ਫਰੀ ਦੇਂਦੇ ਦੇਖੇ ਜਾਂਦੇ ਹਨ। ਕਈ ਡਾਕਟਰਾਂ ਨੇ ਇਨ੍ਹਾਂ ਦੇ ਮਿਲਣ ਦਾ ਸਮਾਂ ਨਿਰਧਾਰਤ ਕੀਤਾ ਹੁੰਦਾ ਹੈ। ਕਈ ਡਾਕਟਰ ਮਰੀਜ਼ਾਂ ਨੂੰ ਦੇਖਦੇ ਸਮੇਂ ਹੀ ਇਨ੍ਹਾਂ ਨੂੰ ਮਿਲਣ ਦਾ ਸਮਾਂ ਦੇ ਦਿੰਦੇ ਹਨ, ਜੋ ਮਰੀਜ਼ਾਂ ਦੀ ਪ੍ਰਵਾਹ ਨਹੀਂ ਕਰਦੇ, ਜੋ ਕਿ ਵਧੀਆ ਗੱਲ ਨਹੀਂ। ਸਰਕਾਰ ਨੇ 2008 ਵਿਚ 'ਜਨ ਔਸ਼ਧੀ' ਕੇਂਦਰ ਖੋਲ੍ਹਣੇ ਸ਼ੁਰੂ ਕੀਤੇ ਹਨ, ਜਿਨ੍ਹਾਂ 'ਚ ਸਸਤੇ ਰੇਟਾਂ ਉੱਪਰ ਦਵਾਈਆਂ ਮਿਲਣ ਲੱਗੀਆਂ ਹਨ। ਪਰ ਕੁਝ ਦਵਾਈਆਂ ਇਨ੍ਹਾਂ ਕੇਂਦਰਾਂ 'ਚੋਂ ਨਹੀਂ ਮਿਲਦੀਆਂ, ਜਿਸ ਨਾਲ ਗਰੀਬ ਮਰੀਜ਼ਾਂ ਲਈ ਰਾਹਤ ਮਿਲਣੀ ਸੌਖੀ ਨਹੀਂ ਹੁੰਦੀ। ਪੰਜਾਬ ਸਰਕਾਰ ਨੇ ਸਰਕਾਰੀ ਹਸਪਤਾਲਾਂ ਦੇ ਡਾਕਟਰਾਂ ਨੂੰ ਜੈਨਰਿਕ ਦਵਾਈਆਂ ਲਿਖਣ ਲਈ ਹਦਾਇਤਾਂ ਕੀਤੀਆਂ ਹੋਈਆਂ ਹਨ ਪਰ ਇਹ ਪੂਰੀ ਤਰ੍ਹਾਂ ਹਰ ਥਾਂ ਲਾਗੂ ਨਹੀਂ ਹੋ ਰਿਹਾ। ਸਰਕਾਰ ਬਹੁ ਕੌਮੀ ਕੰਪਨੀਆਂ ਦੇ ਦਬਾਅ ਹੇਠ ਇਨ੍ਹਾਂ ਦੀਆਂ ਦਵਾਈਆਂ ਅਤੇ ਹੋਰ ਸਾਜ਼ੋ ਸਾਜ਼-ਸਮਾਨ ਦੀਆਂ ਕੀਮਤਾਂ ਨੂੰ ਨਿਰਧਾਰਤ ਕਰਨ ਲਈ ਮਨਮਰਜ਼ੀ ਕਰਨ ਦੀ ਖੁੱਲ੍ਹ ਦਿੱਤੀ ਹੋਈ ਹੈ। ਜੈਨਰਿਕ ਅਤੇ ਬਰਾਂਡਿਡ ਦਵਾਈਆਂ ਦੇ ਸਾਲਟ ਇੱਕੋ ਹੁੰਦੇ ਹਨ ਪਰ ਇਨ੍ਹਾਂ ਦੀਆਂ ਕੀਮਤਾਂ 'ਚ ਬਹੁਤ ਵੱਡਾ ਅੰਤਰ ਹੁੰਦਾ ਹੈ।

ਮੈਂ ਪੀ.ਜੀ.ਆਈ. ਚੰਡੀਗੜ੍ਹ ਤੋਂ ਆਪਣੀ ਕੈਂਸਰ ਦੀ ਬਿਮਾਰੀ ਦਾ ਇਲਾਜ ਕਰਵਾ ਰਿਹਾ ਹਾਂ। ਇਸਦੇ ਟੈਸਟ, ਦਵਾਈਆਂ, ਇੰਜੈਕਸ਼ਨ, ਥਰੈਪੀਆਂ ਆਦਿ ਮਹਿੰਗੀਆਂ ਹਨ। ਡਾਕਟਰ ਸਾਬ੍ਹ ਨੇ ਇੱਕ ਇੰਜੈਕਸ਼ਨ ਨੋਟ ਉੱਪਰ ਦੇਖ ਕੇ ਮੈਨੂੰ ਪੁੱਛਿਆ ਕਿ ਇਹ ਮਹਿੰਗਾ ਹੈ, ਕੋਈ ਦਿੱਕਤ ਤਾਂ ਨਹੀਂ। ਮੈਂ ਉਨ੍ਹਾਂ ਨੂੰ ਕਹਿ ਦਿੱਤਾ, ਕੋਈ ਗੱਲ ਨਹੀਂ। ਡਾਕਟਰ ਸਾਬ੍ਹ ਦਾ ਮਰੀਜ਼ਾਂ ਪ੍ਰਤੀ ਹਮੇਸ਼ਾਂ ਹਮਦਰਦੀ ਭਰਿਆ ਵਤੀਰਾ ਹੁੰਦਾ ਹੈ ਕਿ ਘੱਟੋ-ਘੱਟ ਖਰਚੇ ਨਾਲ ਵਧੀਆ ਇਲਾਜ ਹੋ ਸਕੇ। ਮੈਂ ਇੰਜੈਕਸ਼ਨ ਲੈ ਆਇਆ, ਜਦ ਬਿਲ ਦੇਖਿਆ ਤਾਂ ਉਹ ਕੋਈ ਛੇ ਗੁਣਾਂ ਵੱਧ ਐੱਮ.ਆਰ.ਪੀ. ਪ੍ਰਿੰਟ ਵਾਲਾ ਸੀ, ਜਿਸ ਨੂੰ ਦੇਖ ਕੇ ਮੈਨੂੰ ਵੀ ਸ਼ੱਕ ਹੋਇਆ ਕਿ ਕਿਤੇ ਹੋਰ ਕੰਪਨੀ ਦਾ ਨਾ ਹੋਵੇ ਪਰ ਤਸੱਲੀ ਹੋਣ 'ਤੇ ਮੈਂ ਆ ਗਿਆ, ਜੋ ਕਿ ਠੀਕ ਹੀ ਸੀ। ਡਾਕਟਰ ਸਾਬ੍ਹ ਨੇ ਜਦੋਂ ਰੇਟ ਪੁੱਛਿਆ, ਤਾਂ ਮੇਰੇ ਦੱਸਣ 'ਤੇ ਡਾਕਟਰ ਸਾਬ੍ਹ ਹੈਰਾਨ ਹੋ ਗਏ। ਉਹ ਆਪਣੇ ਜੂਨੀਅਰ ਡਾਕਟਰ ਨੂੰ ਕਹਿ ਰਹੇ ਸੀ ਕਿ ਉਹ ਤਾਂ ਇਹ ਇੰਜੈਕਸ਼ਨ ਮਹਿੰਗਾ ਹੋਣ ਕਾਰਨ ਸਾਰੇ ਮਰੀਜ਼ਾਂ ਨੂੰ ਨਹੀਂ ਲਿਖ ਰਹੇ, ਹੁਣ ਅੱਗੇ ਤੋਂ ਇਹ ਇਸ ਸਮੱਸਿਆ ਵਾਲੇ ਨੂੰ ਜ਼ਰੂਰ ਲਿਖ ਦਿਆ ਕਰੋ। ਭਲੀਮਾਣਸੀ ਹੈ ਇਹੋ ਜਿਹੇ ਕੈਮਿਸਟਾਂ ਦੀ, ਜਿਹੜੇ ਫਿਰ ਵੀ ਆਪਣਾ ਬਣਦਾ ਕਮਿਸ਼ਨ ਲੈ ਕੇ ਮਰੀਜ਼ਾਂ ਉੱਪਰ ਤਰਸ ਕਰਦੇ ਹਨ। ਮੇਰੇ ਮਹੀਨਾ ਵਾਰ ਲੱਗਣ ਵਾਲੇ ਇੰਜੈਕਸ਼ਨ ਨੂੰ ਜੋ ਕਿ ਹਫਤੇ ਬਾਅਦ ਆਉਣਾ ਬਣਦਾ ਸੀ, ਡਾਕਟਰ ਸਾਬ੍ਹ ਨੇ ਮੇਰੇ ਪਹਿਲਾਂ ਹੀ ਦੋ ਗੇੜ੍ਹੇ ਪੀ.ਜੀ.ਆਈ. ਦੇ ਲੱਗਣ ਕਾਰਨ ਉਨ੍ਹਾਂ ਐਤਕੀਂ ਲੋਕਲ ਹਸਪਤਾਲ ਤੋਂ ਹੀ ਟੀਕਾ ਲਗਵਾਉਣ ਲਈ ਕਹਿ ਦਿੱਤਾ ਪਰ ਇਹ ਟੀਕਾ ਨਾਭੇ ਤਾਂ ਮਿਲਣਾ ਨਹੀਂ ਸੀ, ਮੈਂ ਪਟਿਆਲਾ ਹਸਪਤਾਲ ਰੈਫਰ ਕਰਵਾ ਲਿਆ। ਪਟਿਆਲੇ ਇਹ ਟੀਕਾ ਉੱਥੇ ਨਾ ਮਿਲਿਆ, ਆਰਡਰ ਉੱਪਰ ਇੱਕ ਕੈਮਿਸਟ ਨਾਲ ਮੰਗਵਾਉਣ ਦੀ ਮੇਰੇ ਦੋਸਤ ਗੁਰਮੇਲ ਸਿੰਘ ਪਟਿਆਲਾ ਨੇ ਗੱਲ ਕਰ ਲਈ, ਜੋ ਕਿ ਜ਼ਿਆਦਾਤਰ ਮੇਰੇ ਨਾਲ ਚੰਡੀਗੜ੍ਹ ਜਾਂਦਾ ਰਹਿੰਦਾ ਹੈ, ਮੇਰੇ ਇਲਾਜ ਬਾਰੇ ਉਸ ਨੂੰ ਪੂਰੀ ਜਾਣਕਾਰੀ ਹੈ। ਟੀਕਾ ਆਉਣ ਦਾ ਕਨਫਰਮ ਕਰਕੇ ਮੈਂ ਪਟਿਆਲੇ ਚਲਾ ਗਿਆ। ਜਦੋਂ ਟੀਕੇ ਦੀ ਪੇਮੈਂਟ ਕੀਤੀ, ਤਾਂ ਕੈਮਿਸਟ ਨੇ 17000 ਰੁਪਏ ਦਾ ਜੋ ਚੰਡੀਗੜ੍ਹੋਂ ਮਿਲਦਾ ਸੀ, ਉਸ ਦਾ 19500 ਰੁਪਏ ਦਾ ਬਿਲ ਦੇ ਦਿੱਤਾ, ਜਿਸ ਦੀ ਕੰਪਨੀ ਉਹੀ ਸੀ। ਮੈਂ ਮਜਬੂਰ ਸੀ, ਪੇਮੈਂਟ ਕਰ ਦਿੱਤੀ। ਪਰ ਮੈਂ ਇਸ ਵੱਡੇ ਅੰਤਰ ਬਾਰੇ ਸੋਚ ਰਿਹਾਂ ਕਿ ਗਰੀਬ ਲੋਕਾਂ ਲਈ ਏਨਾ ਮਹਿੰਗਾ ਇਲਾਜ ਕਰਾਉਣਾ ਉਨ੍ਹਾਂ ਦੇ ਵਸ ਦੀ ਗੱਲ ਨਹੀਂ। ਰੇਟ 'ਚ ਇਹ ਵੱਡੇ ਫਰਕ ਤੋਂ ਇਲਾਵਾ ਕਮਿਸ਼ਨ ਵੀ ਤਾਂ ਵੱਖਰਾ ਹੋਵੇਗਾ। ਮਨਮਰਜ਼ੀ ਦੇ ਰੇਟ ਮਰੀਜ਼ਾਂ ਦੀ ਮਜਬੂਰੀ ਕਾਰਨ ਲੈਣੇ ਇਨ੍ਹਾਂ ਲੋਕਾਂ ਦੇ ਦਿਨਾਂ 'ਚ ਅਮੀਰ ਬਣਨ ਦੇ ਰਸਤੇ ਖੁੱਲ੍ਹੇ ਹੋਏ ਹਨ, ਜ਼ਿੰਦਗੀ ਦੇ ਅਖੀਰੀ ਸਮੇਂ 'ਚ ਇਨ੍ਹਾਂ ਦੀ ਜ਼ਮੀਰ ਜ਼ਰੂਰ ਫਿਟ-ਲਾਨ੍ਹਤਾਂ ਦੇਵੇਗੀ, ਜਦੋਂ ਇਹ ਸਾਰਾ ਪੈਸਾ ਛੱਡ ਕੇ ਖਾਲੀ ਹੱਥ ਜਾਣਾ ਪਵੇਗਾ। ਇਨਸਾਨੀਅਤ ਨਾਮ ਦਾ ਇਹ ਲੋਕ ਘਾਣ ਕਰਦੇ ਨਜ਼ਰ ਆ ਰਹੇ ਹਨ। ਪ੍ਰਾਈਵੇਟ ਹਸਪਤਾਲਾਂ 'ਚ ਤਾਂ ਆਮ ਮਰੀਜ਼ਾਂ ਲਈ ਇਲਾਜ ਕਰਾਉਣਾ ਹੋਰ ਵੀ ਔਖਾ ਹੈ। ਮੈਂ ਆਪ ਪੀ.ਜੀ.ਆਈ. ਦਾ ਪੰਜ ਹਜ਼ਾਰ ਦਾ ਟੈਸਟ ਬਾਹਰੋਂ ਪ੍ਰਾਈਵੇਟ ਲੈਬਾਂ 'ਚ ਚਾਰ ਗੁਣਾ ਤੋਂ ਵੱਧ ਰੇਟ ਉੱਪਰ ਸ਼ੁਰੂ 'ਚ ਕਰਵਾਏ, ਜੋ ਕਿ ਇੱਕ ਪ੍ਰਾਈਵੇਟ ਹਸਪਤਾਲ ਦੇ ਡਾਕਟਰ ਵਲੋਂ ਲਿਖੇ ਗਏ ਸੀ। ਮੇਰੇ ਇੱਕ ਦੋਸਤ ਨੇ ਮੈਨੂੰ ਮੇਰੇ ਹਮਦਰਦੀ ਕਰਕੇ ਨਾਲੋਂ-ਨਾਲ ਹੋਮਿਓਪੈਥੀ ਦਵਾਈ ਲੈਣ ਲਈ ਇੱਕ ਸਮਾਣਾ ਸ਼ਹਿਰ ਦੇ ਨਾਮੀ ਡਾਕਟਰ ਕੋਲ ਲੈ ਗਏ, ਜਿਸ ਨੇ ਕੈਂਸਰ ਦੇ ਇਲਾਜ ਦੇ ਕਾਫੀ ਮਰੀਜ਼ਾਂ ਨੂੰ ਠੀਕ ਕਰਨ ਦੇ ਦਾਅਵੇ ਕੀਤੇ, ਉੱਥੇ ਕਲੀਨਿਕ ਅੰਦਰ ਅਖਬਾਰਾਂ ਦੀਆਂ ਕੈਂਸਰ ਨੂੰ ਹੋਮਿਓਪੈਥੀ ਦਵਾਈ ਨਾਲ ਇਲਾਜ ਬਾਰੇ ਕਟਿੰਗਜ਼ ਲੈਮੀਨੇਸ਼ਨ ਕਰਕੇ ਕੰਧ ਸਜਾ ਰੱਖੀ ਹੈ। ਇਹ ਠੀਕ ਹੈ ਇਸ ਪ੍ਰਣਾਲੀ 'ਚ ਕੈਂਸਰ ਦਾ ਇਲਾਜ ਸੰਭਵ ਹੈ, ਪਰ ਜਦ ਰਿਪੋਰਟਾਂ ਦਿਖਾ ਕੇ ਡਾਕਟਰ ਸਾਬ੍ਹ ਤੋਂ ਦਵਾਈ ਲੈ ਲਈ, ਤਾਂ ਉਨ੍ਹਾਂ 15 ਦਿਨਾਂ ਦੀ ਦਵਾਈ 8980 ਰੁਪਏ ਦੀ ਦਿੱਤੀ। ਅਗਲੀ ਵਾਰ ਕਹਿਣ 'ਤੇ ਥੋੜ੍ਹਾ ਲੈੱਸ ਕਰਕੇ 8800 ਰੁ: ਲਏ। ਕਈ ਮਹੀਨੇ ਦਵਾਈ ਲਈ ਟੈਸਟ ਕਰਵਾਇਆ, ਤਾਂ ਪਹਿਲਾਂ ਨਾਲੋਂ ਵੀ ਰਿਪੋਰਟ 'ਚ ਸੈੱਲ ਘਟਣ ਦੀ ਬਜਾਏ ਵਧ ਗਏ। ਬਿਲ ਕੋਈ ਨਹੀਂ ਦਿੰਦੇ, ਨਾ ਹੀ ਕੋਈ ਪਰਚੀ, ਇੱਕ ਪਰਚੀ ਆਪਣੀ ਫਾਈਲ 'ਚ ਆਪਣੀ ਭਾਸ਼ਾ (ਕੋਡ) 'ਚ ਲਿਖ ਛੱਡਦੇ। ਕੋਈ ਸਪੱਸ਼ਟ ਦਵਾਈ ਦਾ ਨਾਮ ਨਹੀਂ ਲਿਖਦੇ। ਉੱਥੇ ਕਲੀਨਿਕ ਅੰਦਰ ਗੁਰਬਾਣੀ ਦੇ ਸ਼ਬਦ ਮਿੱਠੀ ਆਵਾਜ਼ 'ਚ ਮਨ ਨੂੰ ਧਰਵਾਸ ਦੇਣ ਲਈ ਸੁਣਾਈ ਦਿੰਦੇ ਹਨ, ਜੋ ਕਿ ਵਧੀਆ ਲੱਗਦਾ ਹੈ ਪਰ ਡਾਕਟਰ ਸਾਬ੍ਹ ਉੱਪਰ ਕੋਈ ਅਸਰ ਨਹੀਂ ਜਾਪਦਾ। ਇਸ ਤਰ੍ਹਾਂ ਮਰੀਜ਼ਾਂ ਨਾਲ ਐਨਾ ਧੋਖਾ ਕਰਨਾ ਡਾਕਟਰੀ ਪੇਸ਼ੇ ਨਾਲ ਖਿਲਵਾੜ ਹੀ ਹੈ। ਭਾਈ ਕਨ੍ਹਈਆ ਦੀ ਸੋਚ ਨੂੰ ਕਿਉਂ ਨਹੀਂ ਇਹ ਲੋਕ ਵਿਚਾਰਦੇ। ਆਮ ਮਰੀਜ਼ ਇਹ ਦਵਾਈ ਨੂੰ ਸਸਤੀ ਮੰਨਦੇ ਹਨ। ਪਰ ਮੇਰਾ ਤਾਂ ਇਸ ਦਵਾਈ ਨਾਲ ਵਾਹ ਪੈ ਚੁੱਕਾ ਹੈ, ਮਹੀਨੇ ਦੇ ਤਕਰੀਬਨ ਜਾਣ ਆਉਣ ਦੇ ਖਰਚੇ ਸਮੇਤ 18000 ਰੁ: ਤੋਂ ਉੱਪਰ ਖਰਚਾ ਪੈਂਦਾ ਹੈ। ਜਦੋਂਕਿ ਆਮ ਲੋਕਾਂ ਦੀ ਮਹੀਨੇ ਦੀ ਏਨੀ ਕਮਾਈ ਵੀ ਨਹੀਂ ਹੁੰਦੀ, ਹੁਣ ਦੱਸੋ ਕਿ ਇਹੋ ਜਿਹੀਆਂ ਬਿਮਾਰੀਆਂ ਦਾ ਇਲਾਜ ਕਿਵੇਂ ਕਰਵਾਇਆ ਜਾਵੇ।

ਜ਼ੀਰਾ ਸ਼ਹਿਰ ਦੇ ਡਾਕਟਰ ਹਰਮਨ ਜੀਰਾ ਨੇ ਯੂ-ਟਿਊਬ ਉੱਪਰ ਡਾਕਟਰਾਂ ਵਲੋਂ ਅਨਲੋੜੀਂਦੇ ਟੈਸਟ ਅਤੇ ਬਰਾਂਡਿਡ ਦਵਾਈਆਂ ਲਿਖ ਕੇ ਗਰੀਬ ਮਰੀਜ਼ਾਂ ਦੇ ਸ਼ੋਸ਼ਣ ਵਿਰੁੱਧ ਆਵਾਜ਼ ਉਠਾਈ ਹੈ, ਜਿਸਦਾ ਖਮਿਆਜ਼ਾ ਉਨ੍ਹਾਂ ਨੂੰ ਤਿੰਨ ਸੌ ਕਿਲੋਮੀਟਰ 'ਤੇ ਬਦਲੀ ਹੋਣ ਕਾਰਨ ਭੁਗਤਣਾ ਪੈ ਰਿਹਾ ਪਰ ਅਜੇ ਵੀ ਲੋਕਾਂ ਨੂੰ ਉਹ ਜਾਗਰੂਕ ਕਰ ਰਹੇ ਹਨ। ਉਹ ਕਹਿੰਦੇ ਨੇ ਇਸ ਨਾਲ ਭਾਵੇਂ ਉਨ੍ਹਾਂ ਦੀ ਨੌਕਰੀ ਵੀ ਚਲੀ ਜਾਵੇ, ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ। ਜੋ ਡਾਕਟਰੀ ਪੇਸ਼ੇ ਨੂੰ ਸਿਰਫ ਪੈਸੇ ਨਾਲ ਜੋੜਨਾ ਸਮਾਜ ਅਤੇ ਇਸ ਕਿੱਤੇ ਲਈ ਕਲੰਕ ਵਾਲੀ ਗੱਲ ਹੈ।

ਕੇਂਦਰ ਸਰਕਾਰ ਨੇ ਕਈ ਵੱਡੇ-ਵੱਡੇ ਫੈਸਲੇ ਲਏ ਹਨ ਪਰ ਦਵਾਈਆਂ ਦੀਆਂ ਕੀਮਤਾਂ ਐਨੀਆਂ ਜ਼ਿਆਦਾ ਕੰਪਨੀਆਂ ਨੂੰ ਕਿਉਂ ਪ੍ਰਿੰਟ ਕਰਨ ਲਈ ਆਗਿਆ ਦੇ ਰਹੀ ਹੈ, ਜਦੋਂਕਿ ਭੋਲੇ-ਭਾਲੇ ਮਰੀਜ਼ਾਂ ਦੀ ਅੰਨ੍ਹੀ ਲੁੱਟ ਇਸ ਕਰਕੇ ਹੀ ਹੋ ਰਹੀ ਹੈ। ਮਰੀਜ਼ ਨੂੰ ਸਮਝ ਨਹੀਂ ਆਉਂਦਾ ਕਿ ਦਵਾਈਆਂ ਦੇ ਰੇਟਾਂ ਬਾਰੇ ਕਿਵੇਂ ਪੜਤਾਲ ਕਰੇ। ਜੋ ਸਰਕਾਰ ਨੂੰ ਸਖਤੀ ਨਾਲ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਉੱਪਰ ਕੰਟਰੋਲ ਕਰਕੇ ਉਨ੍ਹਾਂ ਦੀ ਆਈ ਲਾਗਤ ਨਾਲੋਂ ਕਿੰਨਾ ਵੱਧ ਰੇਟ ਪ੍ਰਿੰਟ ਕਰਨਾ ਤਹਿ ਕਰਨ ਲਈ ਦਿਸ਼ਾ-ਨਿਰਦੇਸ਼ ਦੇਣੇ ਚਾਹੀਦੇ ਹਨ, ਜੇ ਕੋਈ ਇਸ ਦੀ ਉਲੰਘਣਾ ਕਰਦੀ ਹੈ, ਤਾਂ ਉਸਦੀ ਮਾਨਤਾ/ਲਾਇਸੰਸ ਕੈਂਸਲ ਕਰ ਦੇਣਾ ਚਾਹੀਦਾ ਹੈ। ਰਾਜ ਸਰਕਾਰ ਨੂੰ ਵੀ ਇਸ ਵਿਸ਼ੇ ਵੱਲ ਗੰਭੀਰਤਾ ਨਾਲ ਲੈ ਕੇ ਦਵਾਈਆਂ ਅਤੇ ਹੋਰ ਡਾਕਟਰੀ ਸਾਜ਼ੋ-ਸਮਾਨ ਦੇ ਰੇਟਾਂ ਉੱਪਰ ਨਿਯੰਤਰਨ ਕਰਨ ਲਈ ਕਦਮ ਉਠਾਉਣੇ ਚਾਹੀਦੇ ਹਨ, ਤਾਂ ਜੋ ਸਿਹਤ ਸਹੂਲਤਾਂ ਦੇ ਮੁੱਦੇ ਨੂੰ ਹਰੇਕ ਦੀ ਪਹੁੰਚ ਤੱਕ ਪਹੁੰਚਾਇਆ ਜਾਵੇ।

# ਕੋਚਿੰਗ ਸੈਂਟਰਾਂ ਨੂੰ ਮਾਫੀਆ ਕਹਿ ਕੇ ਪਾਬੰਦੀ ਲਾਉਣ ਦੀ ਲੋੜ ਹੈ





ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ,
ਹਿਸਾਰ, (ਹਰਿਆਣਾ)
ਮੋ : 70153-75570
(Punjab Mail USA)

ਅੱਜਕੱਲ੍ਹ, ਅਸੀਂ ਹਰ ਰੋਜ਼ ਪ੍ਰੀਖਿਆਵਾਂ ਲਈ ਕੋਚਿੰਗ ਲੈ ਰਹੇ ਵਿਦਿਆਰਥੀਆਂ ਦੁਆਰਾ ਖੁਦਕੁਸ਼ੀ ਦੇ ਵੱਧਦੇ ਕੇਸਾਂ ਨੂੰ ਸੁਣਦੇ ਹਾਂ, ਜਿਵੇਂ-ਜਿਵੇਂ ਵਿਦਿਆਰਥੀ ਖੁਦਕੁਸ਼ੀਆਂ ਵਧਦੇ ਹਨ, ਸਾਡੀਆਂ ਸਰਕਾਰਾਂ ਸਿੱਖਿਆ ਕਰਜ਼ਿਆਂ ਦੇ ਬੋਝ ਲਈ ਕੋਚਿੰਗ ਮਾਫੀਆ ਨੂੰ ਜ਼ਿੰਮੇਵਾਰ ਠਹਿਰਾਉਂਦੀਆਂ ਹਨ। ਮਾਪਿਆਂ 'ਤੇ ਵਿਦਿਅਕ ਕਰਜ਼ਿਆਂ ਦਾ ਬੋਝ ਵਿਦਿਆਰਥੀਆਂ ਵਿਚ ਤਣਾਅ ਦਾ ਇਕ ਕਾਰਨ ਹੈ ਅਤੇ ਇਸ ਦੇ ਲਈ ਕੇਂਦਰ ਨੂੰ ਇੱਕ ਨੀਤੀ ਬਣਾਉਣੀ ਚਾਹੀਦੀ ਹੈ, ਤਾਂ ਜੋ ਮਾਪਿਆਂ ਨੂੰ ਸਿੱਖਿਆ ਲਈ ਪੈਸਾ ਉਧਾਰ ਨਾ ਲੈਣਾ ਪਵੇ। ਕੋਚਿੰਗ ਸੰਸਥਾਵਾਂ ਸਸਤੀਆਂ ਨਹੀਂ ਹਨ ਅਤੇ ਉਨ੍ਹਾਂ ਦੀਆਂ ਫੀਸਾਂ ਮਾਪਿਆਂ 'ਤੇ ਕਾਫ਼ੀ ਵਿੱਤੀ ਬੋਝ ਪਾ ਸਕਦੀਆਂ ਹਨ, ਖਾਸ ਕਰਕੇ ਘੱਟ ਆਮਦਨੀ ਵਾਲੇ ਪਰਿਵਾਰਾਂ ਤੋਂ। ਫੀਸਾਂ ਤੋਂ ਇਲਾਵਾ, ਅਧਿਐਨ ਸਮੱਗਰੀ, ਆਵਾਜਾਈ ਅਤੇ ਰਿਹਾਇਸ਼ ਲਈ ਭਾਰੀ ਵਾਧੂ ਖਰਚੇ ਹੋ ਸਕਦੇ ਹਨ। ਕੋਚਿੰਗ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਮਾਪੇ ਵੀ ਕਰਜ਼ੇ ਲੈਣ ਲਈ ਮਜਬੂਰ ਹਨ। ਇਹ ਵਿੱਤੀ ਬੋਝ ਤਣਾਅ ਅਤੇ ਚਿੰਤਾ ਪੈਦਾ ਕਰ ਸਕਦਾ ਹੈ ਅਤੇ ਬਹੁਤ ਸਾਰੇ ਪਰਿਵਾਰਾਂ ਲਈ ਵਾਸਤਵਿਕ ਨਹੀਂ ਹੋ ਸਕਦਾ ਹੈ। ਕੋਚਿੰਗ ਸੰਸਥਾਵਾਂ ਸਿਰਫ਼ ਪੈਸਾ ਇਕੱਠਾ ਕਰਨ ਵਿਚ ਦਿਲਚਸਪੀ ਰੱਖਦੀਆਂ ਹਨ। ਇਸ ਲਈ ਸਰਕਾਰ ਨੂੰ ਕੋਚਿੰਗ ਸੈਂਟਰਾਂ ਨੂੰ ਮਾਫੀਆ ਕਰਾਰ ਦੇ ਕੇ ਉਨ੍ਹਾਂ ਖਿਲਾਫ ਸਖ਼ਤ ਕਾਰਵਾਈ ਕਰਨੀ ਪਵੇਗੀ।

ਜਦੋਂ ਅਸੀਂ ਬੱਚੇ ਸੀ, ਤਾਂ ਕੋਈ ਕੋਚਿੰਗ ਨਹੀਂ ਸੀ। ਕੀ ਉਦੋਂ ਵਿਦਿਆਰਥੀ ਆਈ.ਏ.ਐੱਸ. ਅਤੇ ਆਈ.ਪੀ.ਐੱਸ. ਨਹੀਂ ਬਣ ਰਹੇ ਸਨ? ਅੱਜਕੱਲ੍ਹ ਕੋਚਿੰਗ ਦੇ ਨਾਂ 'ਤੇ ਮਾਫੀਆ ਪੈਦਾ ਹੋ ਗਿਆ ਹੈ ਅਤੇ ਸਰਕਾਰ ਨੂੰ ਇਨ੍ਹਾਂ ਖਿਲਾਫ ਸਖ਼ਤ ਕਾਰਵਾਈ ਕਰਨੀ ਪਵੇਗੀ। ਜੇਕਰ ਡੂੰਘਾਈ ਨਾਲ ਅਤੇ ਵਿਸ਼ਲੇਸ਼ਣਾਤਮਕ ਤੌਰ 'ਤੇ ਦੇਖਿਆ ਜਾਵੇ, ਤਾਂ ਇਹ ਰਾਸ਼ਟਰੀ ਸਰੋਤਾਂ ਦੀ ਸ਼ੁੱਧ ਦੁਰਵਰਤੋਂ ਬਣ ਕੇ ਰਹਿ ਗਿਆ ਹੈ। ਜਿਹੜੇ ਵਿਦਿਆਰਥੀ ਅਕਾਦਮਿਕ ਪ੍ਰਾਪਤੀ ਲਈ ਪੂਰੀ ਤਰ੍ਹਾਂ ਕੋਚਿੰਗ ਕੇਂਦਰਾਂ 'ਤੇ ਨਿਰਭਰ ਕਰਦੇ ਹਨ, ਉਹ ਲੰਬੇ ਸਮੇਂ ਵਿਚ ਸਫਲ ਹੋਣ ਲਈ ਲੋੜੀਂਦੇ ਹੁਨਰ ਅਤੇ ਗਿਆਨ ਨੂੰ ਬਣਾਉਣ ਵਿਚ ਅਸਫਲ ਹੋ ਸਕਦੇ ਹਨ। ਉਹ ਕੋਚਿੰਗ ਸੈਂਟਰ ਦੁਆਰਾ ਨਿਯੰਤਰਿਤ ਸਿੱਖਣ ਦੇ ਮਾਹੌਲ ਅਤੇ ਨਿੱਜੀ ਧਿਆਨ 'ਤੇ ਬਹੁਤ ਜ਼ਿਆਦਾ ਨਿਰਭਰ ਹੋ ਸਕਦੇ ਹਨ, ਜਿਸ ਨਾਲ ਆਤਮ-ਵਿਸ਼ਵਾਸ ਅਤੇ ਪਹਿਲਕਦਮੀ ਦੀ ਘਾਟ ਹੋ ਸਕਦੀ ਹੈ।

ਕਿਉਂਕਿ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਕੋਚਿੰਗ ਦੇ ਦੱਸੇ ਗਏ ਮੂਲ ਉਦੇਸ਼ ਵਧੀਆ ਉਮੀਦਵਾਰਾਂ ਦੀ ਚੋਣ ਨਹੀਂ ਕਰਦੇ ਹਨ। ਕੋਚਿੰਗ ਸੈਂਟਰ ਨਾ ਹੋਣ 'ਤੇ ਵੀ ਵਧੀਆ ਵਿਦਿਆਰਥੀ ਚੁਣੇ ਜਾਣਗੇ। ਅਸਲ ਵਿਚ, ਕੋਚਿੰਗ ਕੇਂਦਰਾਂ ਦੀ ਅਣਹੋਂਦ ਵਿਚ ਵਧੀਆ ਵਿਦਿਆਰਥੀਆਂ ਦੀ ਚੋਣ ਵਧੇਰੇ ਯਥਾਰਥਵਾਦੀ ਹੋਵੇਗੀ। ਕਿਉਂਕਿ ਇਹ ਸਵੈ-ਅਧਿਐਨ ਅਤੇ ਕੱਚੀ ਪ੍ਰਤਿਭਾ 'ਤੇ ਆਧਾਰਿਤ ਹੋਵੇਗਾ। ਕੋਚਿੰਗ ਸੈਂਟਰ ਅੰਸ਼ਕ ਤੌਰ 'ਤੇ ਦੇਸ਼ ਵਿਚ ਸਿੱਖਿਆ ਦੇ ਸਮਾਜ ਵਿਰੋਧੀ ਪੈਟਰਨ ਦੀ ਉਪਜ ਹਨ। ਕੋਚਿੰਗ ਸੈਂਟਰ ਅਕਸਰ ਰੋਟ ਸਿੱਖਣ ਅਤੇ ਯਾਦ ਕਰਨ 'ਤੇ ਜ਼ਿਆਦਾ ਜ਼ੋਰ ਦਿੰਦੇ ਹਨ, ਜੋ ਵਿਦਿਆਰਥੀ ਦੇ ਲੰਬੇ ਸਮੇਂ ਦੇ ਅਕਾਦਮਿਕ ਵਿਕਾਸ ਲਈ ਨੁਕਸਾਨਦੇਹ ਹੋ ਸਕਦਾ ਹੈ। ਇਮਤਿਹਾਨ-ਮੁਖੀ ਸਿਖਲਾਈ ਅਤੇ ਨਿਰੰਤਰ ਟੈਸਟਿੰਗ 'ਤੇ ਜ਼ੋਰ ਦੇਣ ਨਾਲ ਆਲੋਚਨਾਤਮਕ ਸੋਚ, ਰਚਨਾਤਮਕਤਾ ਅਤੇ ਸਮੱਸਿਆ-ਹੱਲ ਕਰਨ ਦੀਆਂ ਯੋਗਤਾਵਾਂ ਦੀ ਅਣਦੇਖੀ ਹੋ ਸਕਦੀ ਹੈ। ਉਹ ਵਿਦਿਆਰਥੀ ਜੋ ਮੁੱਖ ਤੌਰ 'ਤੇ ਕੋਚਿੰਗ ਕੇਂਦਰਾਂ 'ਤੇ ਨਿਰਭਰ ਕਰਦੇ ਹਨ, ਉਨ੍ਹਾਂ ਨੇ ਜੋ ਕੁਝ ਸਿੱਖਿਆ ਹੈ। ਉਸ ਦਾ ਵਿਸ਼ਲੇਸ਼ਣ ਕਰਨ, ਮੁਲਾਂਕਣ ਕਰਨ ਅਤੇ ਅਸਲ ਜੀਵਨ ਵਿਚ ਲਾਗੂ ਕਰਨ ਲਈ ਹੁਨਰ ਹਾਸਲ ਨਹੀਂ ਕਰਦੇ ਹਨ।

ਦੂਜੇ ਪਾਸੇ ਉਨ੍ਹਾਂ ਦਾ ਬਾਹਰੀ ਖਰਚ ਅਕਸਰ ਉਨ੍ਹਾਂ ਗਰੀਬ ਪਰਿਵਾਰਾਂ ਦਾ ਲੱਕ ਤੋੜ ਦਿੰਦਾ ਹੈ, ਜਿਨ੍ਹਾਂ ਨੂੰ ਡਰ ਦੀ ਇਸ ਦੌੜ ਵਿਚ ਹਿੱਸਾ ਲੈਣਾ ਪੈਂਦਾ ਹੈ। ਸੰਸਥਾਵਾਂ ਵਿਚ ਸੀਮਤ ਸੀਟਾਂ ਅਤੇ ਵਧਦੀ ਆਬਾਦੀ ਹਰ ਸਾਲ ਮੁਕਾਬਲੇ ਨੂੰ ਹੋਰ ਸਖ਼ਤ ਬਣਾਉਂਦੀ ਹੈ। ਇਸ ਕਾਰਨ ਵਿਦਿਆਰਥੀ ਸਰੀਰਕ ਅਤੇ ਮਾਨਸਿਕ ਤੌਰ 'ਤੇ ਤਣਾਅ ਦਾ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਵਿਚੋਂ ਬਹੁਤ ਸਾਰੇ ਬਦਕਿਸਮਤੀ ਨਾਲ ਇਸ ਵੱਡੇ ਤਣਾਅ ਨਾਲ ਨਜਿੱਠਣ ਵਿਚ ਅਸਫਲ ਰਹਿੰਦੇ ਹਨ ਅਤੇ ਆਪਣੀ ਕੀਮਤੀ ਜ਼ਿੰਦਗੀ ਨੂੰ ਖਤਮ ਕਰਦੇ ਹਨ। ਭਾਰਤ ਵਿਚ ਕੋਚਿੰਗ ਉਦਯੋਗ ਸਾਡੇ ਵਿਦਿਆਰਥੀ ਭਾਈਚਾਰੇ ਅਤੇ ਵੱਡੇ ਪੱਧਰ 'ਤੇ ਸਮਾਜ ਨੂੰ ਕੋਈ ਸ਼ੁੱਧ ਮੁੱਲ ਵਾਧਾ ਪ੍ਰਦਾਨ ਨਹੀਂ ਕਰ ਰਿਹਾ ਹੈ। ਸਾਨੂੰ ਸਥਾਪਿਤ ਰਸਮੀ ਸਕੂਲਾਂ ਅਤੇ ਵਿਦਿਅਕ ਸੰਸਥਾਵਾਂ 'ਤੇ ਕੋਚਿੰਗ ਸੈਂਟਰਾਂ ਦੇ ਮਾੜੇ ਪ੍ਰਭਾਵਾਂ ਦਾ ਮੁਲਾਂਕਣ ਕਰਨਾ ਹੋਵੇਗਾ। ਉਹ ਦੁਖੀ ਹਨ ਕਿਉਂਕਿ ਉਨ੍ਹਾਂ ਦੇ ਬਹੁਤ ਸਾਰੇ ਰੈਗੂਲਰ ਅਧਿਆਪਕ ਆਪਣੀਆਂ ਨੌਕਰੀਆਂ ਛੱਡ ਕੇ ਪਾਰਟ-ਟਾਈਮ ਪ੍ਰਾਈਵੇਟ ਟਿਊਸ਼ਨ ਲੈਂਦੇ ਹਨ। ਜੋ ਵਿਦਿਆਰਥੀਆਂ ਨੂੰ ਕੋਚਿੰਗ ਸੈਂਟਰ ਦੀ ਤਿਆਰੀ ਲਈ ਤਿਆਰ ਕਰਦਾ ਹੈ। ਕੋਚਿੰਗ ਸੈਂਟਰਾਂ ਦੇ ਵਾਧੇ ਦੇ ਨਤੀਜੇ ਵਜੋਂ ਮੁਕਾਬਲਾ ਵਧਿਆ ਹੈ, ਜੋ ਉਨ੍ਹਾਂ ਦੇ ਵਿਦਿਆਰਥੀਆਂ ਨੂੰ ਚੋਟੀ ਦੇ ਗ੍ਰੇਡਾਂ ਅਤੇ ਸਭ ਤੋਂ ਵਧੀਆ ਸਕੂਲਾਂ ਵਿਚ ਦਾਖਲੇ ਲਈ ਇੱਕ ਦੂਜੇ ਨਾਲ ਮੁਕਾਬਲਾ ਕਰਨ ਲਈ ਉਤਸ਼ਾਹਿਤ ਕਰਦੇ ਹਨ।

ਇਸਦੇ ਕਾਰਨ, ਬਹੁਤ ਸਾਰੇ ਵਿਦਿਆਰਥੀਆਂ ਨੇ "ਚੂਹਾ ਨਸਲ ਦੀ ਮਾਨਸਿਕਤਾ" ਵਿਕਸਿਤ ਕੀਤੀ ਹੈ, ਜਿਸ ਵਿਚ ਉਹ ਸਫਲ ਹੋਣ ਲਈ ਆਪਣੇ ਨੈਤਿਕਤਾ ਅਤੇ ਸਿਧਾਂਤਾਂ ਨੂੰ ਕੁਰਬਾਨ ਕਰਨ ਲਈ ਤਿਆਰ ਹਨ। ਅਕਾਦਮਿਕ ਬੇਈਮਾਨੀ, ਧੋਖਾਧੜੀ ਅਤੇ ਸਾਹਿਤਕ ਚੋਰੀ ਸਮੇਤ, ਪ੍ਰਦਰਸ਼ਨ ਦੀਆਂ ਮੰਗਾਂ ਵਧਣ ਦੇ ਨਾਲ ਵਧੀ ਹੈ। ਸਾਡਾ ਸਿੱਖਿਆ ਉਦਯੋਗ ਸਮਾਜ ਦੇ ਸਾਰੇ ਵਰਗਾਂ ਲਈ ਲਾਭਕਾਰੀ, ਰਚਨਾਤਮਕ, ਨਵੀਨਤਾਕਾਰੀ ਅਤੇ ਪ੍ਰਗਤੀਸ਼ੀਲ ਹੋਣਾ ਚਾਹੀਦਾ ਹੈ। ਮੌਜੂਦਾ ਸਥਾਪਿਤ ਸੰਸਥਾਵਾਂ ਦੇ ਸਮਾਨਾਂਤਰ ਚੱਲਣ ਵਾਲੇ ਉਦਯੋਗ ਉਨ੍ਹਾਂ ਲਈ ਨੁਕਸਾਨਦੇਹ ਹਨ। ਜੋ ਕਿ ਸਮੁੱਚੇ ਸਮਾਜ ਅਤੇ ਕੌਮ ਲਈ ਸਰਾਪ ਹੈ। ਕੋਚਿੰਗ ਉਦਯੋਗ ਇਕ ਅਜਿਹਾ ਉਦਯੋਗ ਹੈ, ਜਿਸ ਨੇ ਮੌਜੂਦਾ ਸੈਕਟਰ ਸੰਸਥਾਵਾਂ ਨੂੰ ਅਣਗਿਣਤ ਨੁਕਸਾਨ ਪਹੁੰਚਾਇਆ ਹੈ ਅਤੇ ਅਜਿਹੇ ਬੇਕਾਰ ਮੁਕਾਬਲੇ ਪੈਦਾ ਕਰਕੇ ਸਮਾਜ 'ਤੇ ਆਰਥਿਕ ਬੋਝ ਪਾਇਆ ਹੈ। ਜੋ ਨਿਰਾਸ਼ ਵਿਦਿਆਰਥੀਆਂ ਵੱਲੋਂ ਖੁਦਕੁਸ਼ੀ ਵਰਗੇ ਲੱਛਣਾਂ ਵਿਚ ਪ੍ਰਗਟ ਹੋ ਰਿਹਾ ਹੈ। ਮੁਨਾਫੇ ਲਈ ਸਿੱਖਿਆ ਉਦਯੋਗ ਦੇ ਉਭਾਰ ਦੇ ਨਾਲ, ਕੁਝ ਸੰਸਥਾਵਾਂ ਨੇ ਆਪਣੀਆਂ ਕੋਚਿੰਗ ਸੇਵਾਵਾਂ ਲਈ ਬਹੁਤ ਜ਼ਿਆਦਾ ਦਰਾਂ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਨਾਲ ਸਿੱਖਿਆ ਦਾ ਵਪਾਰੀਕਰਨ ਹੋਇਆ ਹੈ, ਜਿੱਥੇ ਵਿਦਿਆਰਥੀਆਂ ਦੀ ਭਲਾਈ ਨਾਲੋਂ ਮੁਨਾਫੇ ਨੂੰ ਪਹਿਲ ਦਿੱਤੀ ਜਾਂਦੀ ਹੈ।

ਜਿਵੇਂ ਕਿ ਸਿੱਖਿਆ ਵਧੇਰੇ ਬਾਜ਼ਾਰੀ ਬਣ ਗਈ ਹੈ, ਘਟੀਆ ਕੋਚਿੰਗ ਸੈਂਟਰ ਵੀ ਫੈਲ ਗਏ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਸਿਖਿਆਰਥੀਆਂ ਨੂੰ ਚੰਗੇ ਦੀ ਬਜਾਏ ਨੁਕਸਾਨ ਪਹੁੰਚਾਉਂਦੇ ਹਨ। ਸਾਡੀ ਸਰਕਾਰ ਨੂੰ ਇਸ ਕੌੜੇ ਸੱਚ ਨੂੰ ਸਮਝਣਾ ਚਾਹੀਦਾ ਹੈ ਅਤੇ ਕੋਚਿੰਗ ਮਾਫੀਆ ਦੇ ਖਿਲਾਫ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ, ਜੋ ਸਾਡੇ ਸਮਾਜ ਨਾਲ ਖੇਡ ਰਿਹਾ ਹੈ। ਸਾਡੇ ਸਮਾਜ ਨੇ ਰਵਾਇਤੀ ਤੌਰ 'ਤੇ ਸਹਿਯੋਗ ਅਤੇ ਸੰਤੁਲਿਤ ਮੁਕਾਬਲੇ ਦਾ ਆਰਥਿਕ ਮਾਹੌਲ ਕਾਇਮ ਰੱਖਿਆ ਹੈ। ਪਰ ਇਨ੍ਹਾਂ ਕੋਚਿੰਗ ਸੈਂਟਰਾਂ ਨੇ ਸਿਰਫ ਇੱਕ ਭਿਆਨਕ ਗੈਰ-ਸਿਹਤਮੰਦ ਮੁਕਾਬਲੇ ਨੂੰ ਉਤਸ਼ਾਹਿਤ ਕੀਤਾ ਹੈ, ਜੋ ਹੌਲੀ-ਹੌਲੀ ਅਤੇ ਯਕੀਨੀ ਤੌਰ 'ਤੇ ਪ੍ਰਭਾਵਿਤ ਵਿਦਿਆਰਥੀਆਂ ਦੀ ਵੱਡੀ ਗਿਣਤੀ ਵਿਚ ਰਚਨਾਤਮਕ ਅਤੇ ਉੱਦਮੀ ਭਾਵਨਾ ਨੂੰ ਖਤਮ ਕਰ ਰਿਹਾ ਹੈ। ਸਾਡੇ ਕੁਲੀਨ ਵਰਗ ਨੂੰ ਅਜਿਹੇ ਕਾਨੂੰਨਾਂ ਨੂੰ ਲਾਗੂ ਕਰਨ ਲਈ ਸਰਕਾਰ 'ਤੇ ਦਬਾਅ ਬਣਾਉਣਾ ਚਾਹੀਦਾ ਹੈ। ਜਿਸ ਨਾਲ ਦੇਸ਼ ਦੇ ਸਾਰੇ ਕੋਚਿੰਗ ਸੈਂਟਰ ਖਤਮ ਹੋ ਜਾਣਗੇ। ਇਹ ਕਹਿਣ ਦੀ ਲੋੜ ਨਹੀਂ ਕਿ ਵਧਦੀ ਆਬਾਦੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਰਕਾਰ ਨੂੰ ਚੰਗੇ ਮਿਆਰੀ ਜਨਤਕ ਅਦਾਰੇ ਸਥਾਪਤ ਕਰਨੇ ਚਾਹੀਦੇ ਹਨ।

ਵੱਡੇ ਪੈਮਾਨੇ 'ਤੇ ਸਟਾਰਟਅੱਪ ਅਤੇ ਉੱਦਮੀ ਨੂੰ ਉਤਸ਼ਾਹਿਤ ਕਰਨਾ ਵਿਦਿਅਕ ਸੰਸਥਾਵਾਂ ਵਿਚ ਸੀਮਤ ਸੀਟਾਂ ਅਤੇ ਸਰਕਾਰੀ ਸੰਸਥਾਵਾਂ ਵਿਚ ਸੀਮਤ ਪੈਸਾ ਅਤੇ ਅਸਾਮੀਆਂ ਕਾਰਨ ਪੈਦਾ ਹੋਣ ਵਾਲੇ ਵਿਸ਼ਾਲ ਮੁਕਾਬਲੇ ਨੂੰ ਵੀ ਘਟਾਏਗਾ। ਕੋਚਿੰਗ ਸੈਂਟਰ ਪੂਰੀ ਤਰ੍ਹਾਂ ਗੈਰ-ਉਤਪਾਦਕ ਹਨ ਅਤੇ ਸਖ਼ਤ ਕਾਰਵਾਈ ਕਰਕੇ ਜਲਦੀ ਤੋਂ ਜਲਦੀ ਖ਼ਤਮ ਕੀਤੇ ਜਾਣੇ ਚਾਹੀਦੇ ਹਨ। ਭਾਰਤ ਵਿਚ ਸਾਰੇ ਕੋਚਿੰਗ ਸੈਂਟਰਾਂ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ।

# ਪੰਜਾਬ ਦੀ ਬਰਬਾਦੀ ਦੀਆਂ ਜ਼ਿੰਮੇਵਾਰ ਕੇਂਦਰ ਦੀਆਂ ਸਰਕਾਰਾਂ ਤੇ ਇਥੋਂ ਦੀਆਂ ਰਾਜਨੀਤਿਕ ਪਾਰਟੀਆਂ ਦੇ ਆਗੂ!!

-ਜੰਗ ਸਿੰਘ
ਮਰਸਡ (ਅਮਰੀਕਾ)
+1-415-603-7380
(Punjab Mail USA)




ਪੰਜਾਬ ਦੀ ਜੋ ਮੌਜੂਦਾ ਹਾਲਤ ਬਣ ਗਈ ਹੈ, ਉਸ 'ਤੇ ਜੇ ਤਿਰਛੀ ਨਜ਼ਰ ਮਾਰੀਏ, ਤਾਂ ਅਸੀਂ ਪ੍ਰਤੱਖ ਤੌਰ 'ਤੇ ਕਹਿਣ ਨੂੰ ਮਜਬੂਰ ਹੋਵਾਂਗੇ ਕਿ ਇਸ ਦੀਆਂ ਜੇ ਜ਼ਿੰਮੇਵਾਰ ਕੇਂਦਰ ਵਿਚ ਰਾਜ ਕਰ ਰਹੀਆਂ ਸਰਕਾਰਾਂ ਤਾਂ ਹਨ ਹੀ ਪਰ ਅਸੀਂ ਪੰਜਾਬ ਵਿਚ ਰਾਜ ਕਰ ਗਈਆਂ ਤੇ ਕਰ ਰਹੀ ਸਰਕਾਰ ਤੇ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੂੰ ਵੀ ਇਸ ਤੋਂ ਕਿਸੇ ਤਰ੍ਹਾਂ ਵੀ ਬਰੀ ਨਹੀਂ ਕਰ ਸਕਦੇ। ਜਿਨ੍ਹਾਂ ਨੇ ਪੰਜਾਬ ਦੇ ਹਿੱਤਾਂ 'ਤੇ ਪਹਿਰਾ ਦੇਣ ਦੀ ਥਾਂ 'ਤੇ ਆਪਣੀਆਂ ਲੀਡਰੀਆਂ, ਵਜੀਰੀਆਂ ਤੇ ਅਹੁਦਿਆਂ ਨੂੰ ਬਰਕਰਾਰ ਰੱਖਣ ਨੂੰ ਹੀ ਪਹਿਲ ਦਿੱਤੀ ਹੈ। ਜਿਸ ਦਾ ਨਤੀਜਾ ਪੰਜਾਬ ਬਰਬਾਦੀ ਦੇ ਮੁਹਾਣੇ 'ਤੇ ਆਣ ਖੜ੍ਹਾ ਹੋ ਗਿਆ ਹੈ। ਦੇਸ਼ ਦੇ ਪਹਿਲੇ ਨੰਬਰ 'ਤੇ ਰਹਿਣ ਵਾਲਾ ਇਹ ਖੁਸ਼ਹਾਲ ਸੂਬਾ ਹਰ ਪੱਖੋਂ ਪੱਛੜ ਕੇ 16-17ਵੇਂ ਸਥਾਨ 'ਤੇ ਪੁੱਜ ਗਿਆ ਹੈ। ਇਸ ਸਮੇਂ ਇਸ ਉਤੇ ਤਿੰਨ ਲੱਖ ਕਰੋੜ ਦਾ ਕਰਜ਼ਾ ਚੜ੍ਹਿਆ ਹੋਇਆ ਹੈ, ਜੋ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਘੱਟਣ ਦੀ ਥਾਂ 'ਤੇ ਲਗਾਤਾਰ ਵੱਧਦਾ ਹੀ ਜਾ ਰਿਹਾ ਹੈ। ਇਸ ਵਿਚ ਰਾਜ ਕਰ ਰਹੀਆਂ ਸਰਕਾਰਾਂ ਸੂਬੇ ਕੋਲ ਪੈਸਾ ਨਾ ਹੁੰਦਿਆਂ ਹੋਇਆਂ ਵੀ ਪੰਜਾਬ ਦੇ ਨੌਜੁਆਨਾਂ ਨੂੰ ਰੁਜਗਾਰ ਦੇਣ ਦੀ ਥਾਂ 'ਤੇ ਮੁਫਤ ਸਹੂਲਤਾਂ ਦੇ-ਦੇ ਕੇ ਪੰਜਾਬ ਦੇ ਕਰਜ਼ੇ ਵਿਚ ਵਾਧਾ ਕਰਦੀਆਂ ਜਾ ਰਹੀਆਂ ਹਨ। ਪੰਜਾਬ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਸਭ ਤੋਂ ਵੱਧ ਕੁਰਬਾਨੀਆਂ ਇਥੋਂ ਦੇ ਵਾਸੀਆਂ ਵਿਸੇਸ਼ ਕਰਕੇ ਸਿੱਖਾਂ ਨੇ ਦਿੱਤੀਆਂ ਹਨ। ਇਸ ਦਾ ਮੁਆਵਜ਼ਾ ਆਜ਼ਾਦ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਸ਼੍ਰੀ ਵਲੱਭ ਭਾਈ ਪਟੇਲ ਨੇ ਸਿੱਖਾਂ ਬਾਰੇ ਇਹ ਪੱਤਰ ਜਾਰੀ ਕਰ ਕੇ ਦਿੱਤਾ ਸੀ ਕਿ "ਸਿੱਖ ਜਰਾਇਮ ਪੇਸ਼ਾ ਲੋਕ ਹਨ, ਇਨ੍ਹਾਂ 'ਤੇ ਕਰੜੀ ਨਜ਼ਰ ਰੱਖੀ ਜਾਵੇ"। ਉਸ ਵੇਲੇ ਦੇਸ਼ ਦੇ ਕੈਬਨਿਟ ਮੰਤਰੀ ਸ. ਬਲਦੇਵ ਸਿੰਘ ਸਮੇਤ ਕਾਂਗਰਸ ਪਾਰਟੀ ਦੇ ਸਿੱਖ ਆਗੂਆਂ ਦੇ ਨਾਲ ਪੰਜਾਬ ਦੀਆਂ ਹੋਰ ਰਾਜਨੀਤਿਕ ਪਾਰਟੀਆਂ ਦੇ ਕਿਸੇ ਵੀ ਆਗੂ ਨੇ ਇਸ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਨਾ ਕੀਤੀ ਤੇ ਨਾ ਹੀ ਕੋਈ ਜੱਦੋ-ਜਹਿਦ ਆਰੰਭੀ। ਜਿਸ ਤੋਂ ਕੇਂਦਰ ਦੀ ਸਰਕਾਰ ਦੇ ਆਗੂਆਂ ਨੇ ਅੰਦਾਜ਼ਾ ਲਗਾ ਲਿਆ ਸੀ ਕਿ ਇਸ ਸੂਬੇ ਦੇ ਆਗੂ ਜਾਂ ਤਾਂ ਆਪਸ ਵਿਚ ਲੜਣ-ਭਿੜਣ ਵਾਲੇ ਹਨ ਜਾਂ ਫਿਰ ਸਿਰਫ ਤੇ ਸਿਰਫ ਗੱਦੀਆਂ, ਲੀਡਰੀਆਂ ਤੇ ਅਹੁੱਦਿਆਂ ਦੇ ਭੁੱਖੇ ਹਨ। ਬਸ ਇਸ ਤੋਂ ਹੀ ਪੰਜਾਬ ਦੀ ਬਰਬਾਦੀ



ਹੋਣ ਦੀ ਗਾਥਾ ਸ਼ੁਰੂ ਹੁੰਦੀ ਹੈ। ਜੇਕਰ ਜਰਾਇਮ ਪੇਸ਼ਾ ਵਾਲੇ ਇਸ ਪੱਤਰ ਵਿਰੁੱਧ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦੇ ਆਗੂ ਇਕਮੁੱਠ ਹੋ ਕੇ ਸੰਘਰਸ਼ ਕਰਕੇ ਇਸ ਪੱਤਰ ਨੂੰ ਵਾਪਸ ਕਰਾ ਲੈਂਦੇ, ਤਾਂ ਸ਼ਾਇਦ ਕੇਂਦਰ ਦੀ ਸਰਕਾਰ ਨੂੰ ਕੰਨ ਹੋ ਜਾਂਦੇ ਅਤੇ ਉਹ ਪੰਜਾਬ ਦੀ ਅਗੋਂ ਬਰਬਾਦੀ ਨਾ ਕਰਦੀ। ਕੇਂਦਰ ਦੀ ਸਰਕਾਰ ਵਲੋਂ ਬੋਲੀਆਂ ਦੇ ਆਧਾਰ 'ਤੇ ਸਾਰੇ ਦੇਸ਼ ਵਿਚ ਸੂਬੇ ਬਣਾ ਦੇਣੇ ਪਰ ਪੰਜਾਬ ਨੂੰ ਪੰਜਾਬੀ ਬੋਲੀ ਦੇ ਆਧਾਰ 'ਤੇ ਸੂਬਾ ਬਣਾਉਣ ਤੋਂ ਵਿਰਵਿਆਂ ਕਰ ਦੇਣਾ। ਜਿਸ ਲਈ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਨੂੰ ਇਕੱਠੇ ਹੋ ਕੇ ਲੜ੍ਹਣ ਦੀ ਬਜਾਏ ਸਿਰਫ ਅਕਾਲੀ ਪਾਰਟੀ ਨੂੰ ਹੀ ਦੋ ਦਹਾਕੇ ਤੱਕ ਜੱਦੋ-ਜਹਿਦ ਕਰਨੀ ਪੈਣੀ। ਕੇਂਦਰ ਦੀ ਸਰਕਾਰ ਵਲੋਂ ਪੰਜਾਬ ਨਾਲ ਸਖਤ ਵਿਤਕਰਾ ਕਰਦੇ ਹੋਏ ਉਸੇ ਪੰਜਾਬ ਨੂੰ ਤਿੰਨ ਹਿੱਸਿਆਂ ਪੰਜਾਬ, ਹਰਿਆਣਾ ਤੇ ਹਿਮਾਚਲ ਵਿਚ ਵੰਡ ਕੇ ਨਿਹਾਇਤ ਛੋਟਾ ਕਰ ਦੇਣਾ, ਉਸ ਦੀ ਰਾਜਧਾਨੀ ਚੰਡੀਗੜ੍ਹ ਖੋਹ ਲੈਣਾ, ਪੰਜਾਬੀ ਬੋਲਦੇ ਇਲਾਕੇ ਹੋਰ ਸੂਬਿਆਂ ਨੂੰ ਦੇ ਦੇਣਾ, ਪੰਜਾਬ ਦੇ ਡੈਮਾਂ, ਪਾਣੀਆਂ ਨੂੰ ਕੇਂਦਰ ਵਲੋਂ ਆਪਣੇ ਅਧੀਨ ਕਰ ਲੈਣਾ, ਹੋਰ ਤੇ ਹੋਰ ਪੰਜਾਬ ਦੇ ਪਾਣੀਆਂ ਦੀ ਰਾਇਲਟੀ ਨਾ ਦੇ ਕੇ ਦੂਜੇ ਸੂਬਿਆਂ ਨੂੰ ਜਬਰੀ ਤੌਰ 'ਤੇ ਮੁਫਤ ਪਾਣੀ ਦੇਂਦੇ ਰਹਿਣਾ। ਪੰਜਾਬ ਦੇ ਆਗੂਆਂ ਦਾ ਆਪਣੀਆਂ ਪਾਰਟੀਆਂ ਨਾਲ ਗੱਦੀਆਂ ਤੇ ਅਹੁੱਦਿਆਂ ਨੂੰ ਕਾਇਮ ਰੱਖਣ ਤੇ ਪੈਸਾ ਕਮਾਉਣ ਦੀ ਹੋੜ੍ਹ ਵਿਚ ਇਸ ਸਭ ਕੁਝ ਤੇ ਚੁੱਪ-ਗੜੁੱਪ ਰਹਿਣਾ ਇਸ ਤਰ੍ਹਾਂ ਪੰਜਾਬ ਲਗਾਤਾਰ ਬਰਬਾਦ ਹੁੰਦਾ ਗਿਆ। ਇਹ ਠੀਕ ਹੈ ਕਿ ਪੰਜਾਬ ਨੂੰ ਬਰਬਾਦ ਕਰਨ ਵਿਚ ਉਸ ਵੇਲੇ ਦੀ ਜੰਨ ਸੰਘ ਪਾਰਟੀ ਜੋ ਹੁਣ ਭਾਰਤੀ ਜਨਤਾ ਪਾਰਟੀ ਬਣ ਚੁੱਕੀ ਹੈ, ਦੇ ਹਮਾਇਤੀਆਂ ਨੇ ਪੰਜਾਬ ਦਾ ਵੱਡੇ ਪੱਧਰ 'ਤੇ ਘਾਣ ਕੀਤਾ ਹੈ। ਜੇਕਰ ਉਸ ਵੇਲੇ ਪੰਜਾਬ ਦੀਆਂ ਬਾਕੀ ਹੋਰ ਰਾਜਨੀਤਿਕ ਪਾਰਟੀਆਂ ਦੇ ਆਗੂ ਇੱਕਠੇ ਤੌਰ 'ਤੇ ਜੱਦੋ-ਜਹਿਦ ਕਰਦੇ ਤਾਂ ਸ਼ਾਇਦ ਪੰਜਾਬ ਨਾਲ ਇਸ ਤਰ੍ਹਾਂ ਦਾ ਧੱਕਾ ਨਾ ਹੁੰਦਾ। ਇਹ ਵੀ ਠੀਕ ਹੈ ਕਿ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ ਜਿਹੜੀ ਬਾਅਦ ਵਿਚ ਸਿੱਖਾਂ ਦੀ ਤਰਜਮਾਨੀ ਨਾ ਕਰਦੇ ਹੋਏ ਇਸ ਪਾਰਟੀ ਨੂੰ "ਪੰਜਾਬੀ ਪਾਰਟੀ" ਬਣਾ ਲਿਆ ਤੇ ਭਾਜਪਾ ਦੀ ਹਰ ਪੱਖੋਂ ਹਮਾਇਤ ਕਰਦੀ ਰਹੀ। ਇਨ੍ਹਾਂ ਨੇ ਲਗਭਗ ਤਿੰਨ ਦਹਾਕੇ ਪੰਜਾਬ ਵਿਚ ਰਾਜ ਕੀਤਾ। ਇਸ ਦੌਰਾਨ ਉਨ੍ਹਾਂ ਨੇ ਬਿਜਲੀ, ਪਾਣੀ, ਆਟਾ-ਦਾਲ ਆਦਿ ਮੁਫਤ ਦੇ ਕੇ ਪੰਜਾਬੀਆਂ ਨੂੰ ਕਾਮੇ ਕਿਰਤੀ ਬਣਾਉਣ ਦੀ ਥਾਂ ਤੇ ਮੁਫਤਖੋਰੇ ਹੀ ਨਹੀਂ ਬਣਾਇਆ, ਬਲਕਿ ਹੱਡ ਹਰਾਮ ਬਣਾ ਕੇ ਹਮੇਸ਼ਾ ਮੰਗਤੇ ਬਣਾ ਦਿੱਤਾ। ਸਰਕਾਰ ਦੀ ਇਸ ਸੋਚ ਨੇ ਪੰਜਾਬ ਨੂੰ ਨਿੱਤ ਦਾ ਕਰਜਾਈ ਬਣਾ ਕੇ ਰੱਖ ਦਿੱਤਾ ਹੈ। ਪੰਜਾਬ ਵਿਚ ਰਾਜ ਕਰ ਰਹੀ ਪਾਰਟੀ ਜਿਹੜੀ ਆਪਣੇ ਆਪ ਨੂੰ ਹੋਰਨਾਂ ਪਾਰਟੀਆਂ ਤੋਂ ਭਿੰਨ ਅਖਵਾਉਂਦੀ ਸੀ, ਉਹ ਵੀ ਰਵਾਇਤੀ ਪਾਰਟੀਆਂ ਵਰਗੀ ਬਣ ਕੇ ਲੋਕਾਂ ਨੂੰ ਹੋਰ ਮੁਫਤਖੋਰੇ ਬਣਾ ਕੇ ਪੰਜਾਬ ਨੂੰ ਹੋਰ ਤੇ ਹੋਰ ਕਰਜ਼ਾਈ ਕਰ ਰਹੀ ਹੈ। ਪਿਛਲੇ ਸਮੇਂ ਤੋਂ ਸਰਕਾਰਾਂ ਵਲੋਂ ਨੌਜੁਆਨਾਂ ਨੂੰ ਰੁਜ਼ਗਾਰ ਦੇ ਮੌਕੇ ਨਾ ਮੁਹੱਈਆ ਕਰਵਾਉਣ ਕਾਰਨ ਪੰਜਾਬ ਦੀ ਜਵਾਨੀ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਆਦਿ ਸੰਸਾਰ ਭਰ ਦੇ ਦੇਸ਼ਾਂ ਵਿਚ ਨੌਕਰੀਆਂ ਦੀ ਭਾਲ ਵਿਚ ਧੜਾਧੜ ਜਾ ਰਹੀ ਹੈ, ਜੋ ਰੁੱਕਣ ਦਾ ਨਾਂ ਨਹੀਂ ਲੈ ਰਹੀ। ਹਰੇਕ ਪੰਜਾਬੀ ਨੌਜੁਆਨ ਆਪਣੇ ਨਾਲ 30-40 ਲੱਖ ਰੁਪਏ ਪੰਜਾਬ ਦਾ ਸਰਮਾਇਆ ਹੀ ਨਹੀਂ ਲਿਜਾ ਰਿਹਾ, ਬਲਕਿ ਡਾਕਟਰ, ਇੰਜੀਨੀਅਰ, ਅਧਿਆਪਕ, ਨਰਸਾਂ ਆਦਿ ਤੇ ਦੇਸ਼ ਦੀਆਂ ਸਰਕਾਰਾਂ ਦਾ ਵੱਖ-ਵੱਖ ਕੋਰਸਾਂ ਦਾ ਖਰਚਾ ਕਰਵਾ ਕੇ ਇਥੋਂ ਡਿਗਰੀਆਂ ਲੈ ਕੇ ਧੜਾਧੜ ਵਿਦੇਸ਼ਾਂ ਵਿਚ ਜਾ ਕੇ ਪੰਜਾਬ ਦੇ ਨਾਲ ਭਾਰਤ ਨੂੰ ਵੀ ਕੰਗਾਲ ਕਰ ਰਹੇ ਹਨ, ਜਿਸ ਤੋਂ ਦੇਸ਼ ਦੀਆਂ ਸਰਕਾਰਾਂ ਬੇਖਬਰ ਹਨ। ਇਕ ਟੀ.ਵੀ. ਚੈਨਲ 'ਤੇ ਪਾਕਿਸਤਾਨ ਦੀ ਲਾਹੌਰ ਯੂਨੀਵਰਸਿਟੀ ਦੇ ਡਾ. ਅਖਤਰ ਹੁਸੈਨ ਸੰਧੂ ਦੀ ਇੰਟਰਵੀਊ ਕੁਝ ਲੋਕਾਂ ਨੇ ਜ਼ਰੂਰ ਸੁਣੀ ਹੋਵੇਗੀ। ਉਸ ਵਿਚ ਉਹ ਇਹ ਵੀ ਕਹਿ ਰਹੇ ਸਨ ਕਿ ਪੰਜਾਬ ਦੀ ਬਰਬਾਦੀ ਦਾ ਇਕ ਇਹ ਵੀ ਕਾਰਨ ਰਿਹਾ ਹੈ ਕਿ ਜਦੋਂ ਜਦੋਂ ਵੀ ਪੰਜਾਬ ਨਾਲ ਸਰਕਾਰਾਂ ਨੇ ਧੱਕੇ ਕੀਤੇ ਹਨ, ਪੰਜਾਬ ਦੇ ਲੋਕਾਂ ਨੇ ਕਦੇ ਵੀ ਉਨ੍ਹਾਂ ਦੇ ਵਿਰੁੱਧ ਇਕੱਠੇ ਹੋ ਕੇ ਆਵਾਜ਼ ਬੁਲੰਦ ਨਹੀਂ ਕੀਤੀ। ਇਸ ਗੱਲ ਵਿਚ ਉਨ੍ਹਾਂ ਦਾ ਕੁਝ ਵਜ਼ਨ ਜ਼ਰੂਰ ਨਜ਼ਰ ਆਉਂਦਾ ਹੈ। ਪਰ ਸਭ ਤੋਂ ਵੱਡੀ ਦੁੱਖਦਾਈ ਗੱਲ ਇਹ ਹੈ ਕਿ ਇਸ ਸਮੇਂ ਪੰਜਾਬ ਲੀਡਰ ਵਿਹੂਣਾ ਹੋਣ ਕਰਕੇ ਕੋਈ ਵੀ ਅਜਿਹਾ ਆਗੂ ਨਹੀਂ, ਜੋ ਪੰਜਾਬ ਦੇ ਲੋਕਾਂ ਦਾ ਸਹੀ ਮਾਰਗ ਦਰਸ਼ਨ ਕਰਦਾ ਹੋਇਆ ਪੰਜਾਬ ਦੇ ਵਾਸੀਆਂ ਨੂੰ ਇਸ ਬਰਬਾਦੀ ਤੋਂ ਰੋਕਣ ਲਈ ਲਾਮਬੰਦ ਕਰਕੇ ਸੰਘਰਸ਼ ਕਰਨ ਲਈ ਮੋਰਚਾ ਲਗਾਉਂਦਾ ਹੋਵੇ। ਪੰਜਾਬ ਕੋਲ ਹਾਲੇ ਤੱਕ ਕੋਈ ਵੀ ਸਰਬ ਪ੍ਰਵਾਣਿਤ ਹਰਮਨ ਪਿਆਰਾ ਆਗੂ ਨਹੀਂ ਹੈ। ਜਿਹੜੇ ਆਗੂ ਹਨ ਵੀ, ਉਹ ਵੀ ਖਾਮੋਸ਼ ਹਨ ਤੇ ਗੱਦੀਆਂ ਲਈ ਆਪਸ ਵਿਚ ਲੜ੍ਹ-ਭਿੜ੍ਹ ਰਹੇ ਹਨ। ਇਸੇ ਕਰਕੇ ਪੰਜਾਬ ਸੰਤਾਪ ਭੋਗ ਰਿਹਾ ਹੈ, ਜਿਸ ਦਾ ਲਾਹਾ ਪੰਜਾਬ ਵਿਰੋਧੀ ਤਾਕਤਾਂ ਲਗਾਤਾਰ ਉਠਾਉਂਦੀਆ ਆ ਰਹੀਆਂ ਹਨ। ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦੇ ਸੁਹਿਰਦ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਸਾਰੇ ਇਕੱਠੇ ਹੋਣ ਤੇ ਪੰਜਾਬ ਦੀ ਹੋ ਰਹੀ ਬਰਬਾਦੀ ਨੂੰ ਰੋਕਣ ਲਈ ਕੋਈ ਸਾਂਝਾ ਐਕਸ਼ਨ ਉਲੀਕਣ ਤਾਂ ਕਿ ਪੰਜਾਬ ਨੂੰ ਹੋਰ ਬਰਬਾਦ ਹੋਣ ਤੋਂ ਰੋਕਿਆ ਜਾ ਸਕੇ। ਭਾਰਤ ਦੀ ਸਰਕਾਰ ਨੂੰ ਵੀ ਸਿਆਣਪ ਤੋਂ ਕੰਮ ਲੈਣਾ ਚਾਹੀਦਾ ਹੈ। ਪੰਜਾਬ ਭਾਰਤ ਦਾ ਸਰਹੱਦੀ ਸੂਬਾ ਹੈ, ਜੇਕਰ ਇਨ੍ਹਾਂ ਨਾਲ ਹੋ ਰਹੀ ਬੇਗਾਨਗੀ ਨੂੰ ਨਾ ਰੋਕਿਆ ਗਿਆ ਤੇ ਪੰਜਾਬ ਨਾਲ ਵਿਤਕਰਾ ਜਾਰੀ ਰੱਖਿਆ, ਤਾਂ ਇਸ ਦੇ ਕਿਸੇ ਵੇਲੇ ਵੀ ਖਤਰਨਾਕ ਤੇ ਭਿਆਨਕ ਨਤੀਜੇ ਵੀ ਨਿਕਲਣ ਤੋਂ ਇਨਕਾਰਿਆ ਨਹੀਂ ਜਾ ਸਕਦਾ। ਜੋ ਦੇਸ਼ ਲਈ ਕਿਸੇ ਸਮੇਂ ਵੀ ਘਾਤਕ ਸਾਬਤ ਹੋ ਸਕਦੇ ਹਨ। ਆਸ ਹੈ ਕੇਂਦਰ ਦੀ ਸਰਕਾਰ ਆਪਣੀ ਪੀੜੀ ਹੇਠ ਸੋਟਾ ਮਾਰ ਕੇ ਪੰਜਾਬ ਪ੍ਰਤੀ ਆਪਣੀ ਸੋਚ ਨੂੰ ਬਦਲੇਗੀ ।

# ਰਿਸ਼ਤਿਆਂ ਦਾ ਉਲਝਿਆ ਤਾਣਾ-ਬਾਣਾ

## ਪੁਸਤਕ ਰੀਵਿਊ




ਪੁਸਤਕ : ਰਿਸ਼ਤਿਆਂ ਦੀ ਜ਼ਮੀਨ
ਲੇਖਕ : ਸੁਖਮਿੰਦਰ ਸੇਖੋਂ
ਪ੍ਰਕਾਸ਼ਕ : ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ
ਪੰਨੇ : 104, ਮੁੱਲ : 200/-

-ਪ੍ਰੋ. ਨਵ ਸੰਗੀਤ ਸਿੰਘ
ਅਕਾਲ ਯੂਨੀਵਰਸਿਟੀ, ਤਲਵੰਡੀ
ਸਾਬੋ-151302 (ਬਠਿੰਡਾ)
94176-92015
(Punjab Mail USA)



ਸੁਖਮਿੰਦਰ ਸੇਖੋਂ ਪੰਜਾਬੀ ਵਿਚ ਨਿਰੰਤਰ ਲਿਖਣ ਵਾਲਾ ਲੇਖਕ ਹੈ। ਉਹ 1979 ਤੋਂ ਸਾਹਿਤ ਦੇ ਖੇਤਰ ਵਿਚ ਕਾਰਜਸ਼ੀਲ ਹੈ। ਜੇ ਅਸੀਂ ਉਹਦੇ ਰਚਨਾਤਮਕ ਕਾਰਜ ਵੱਲ ਨਜ਼ਰ ਮਾਰੀਏ, ਤਾਂ ਪਤਾ ਲੱਗਦਾ ਹੈ ਕਿ ਉਹਨੇ ਸਾਹਿਤ ਦੀ ਲਗਭਗ ਹਰ ਵਿਧਾ 'ਤੇ ਕਲਮ ਅਜ਼ਮਾਈ ਹੈ। ਉਹਦੀਆਂ ਪ੍ਰਕਾਸ਼ਿਤ ਪੁਸਤਕਾਂ ਵਿਚ 7 ਕਹਾਣੀ ਸੰਗ੍ਰਹਿ, 4 ਨਾਵਲ, 3 ਮਿੰਨੀ ਕਹਾਣੀ ਸੰਗ੍ਰਹਿ, 1 ਵਿਅੰਗ ਸੰਗ੍ਰਹਿ, 2 ਨਾਟਕ ਸੰਗ੍ਰਹਿ ਸ਼ਾਮਲ ਹਨ। ਇਨ੍ਹਾਂ 17 ਪੁਸਤਕਾਂ ਤੋਂ ਇਲਾਵਾ ਉਹਨੇ ਕਿਤਾਬਾਂ ਦੇ ਰੀਵਿਊ, ਅਨੁਵਾਦ, ਸੰਪਾਦਨ, ਸ਼ਬਦ ਚਿੱਤਰ, ਅਡੈਪਟੇਸ਼ਨ ਅਤੇ ਕਾਵਿ ਰਚਨਾ ਆਦਿ ਕਾਰਜ ਵੀ ਕੀਤਾ ਹੈ। ਉਹਦੀਆਂ ਰਚਨਾਵਾਂ ਸਾਂਝੇ ਸੰਗ੍ਰਹਿਆਂ ਵਿਚ ਵੀ ਸ਼ਾਮਲ ਹੋ ਚੁੱਕੀਆਂ ਹਨ। ਉਹਨੇ ਇਹ ਤਹੱਈਆ ਕੀਤਾ ਹੋਇਆ ਹੈ ਕਿ ਸਾਹਿਤ ਅਤੇ ਕਲਾ ਨੂੰ ਸਮਰਪਿਤ ਆਪਣਾ ਇਹ ਸਫ਼ਰ ਉਹ ਜੀਵਨ-ਭਰ ਜਾਰੀ ਰੱਖੇਗਾ। ਉਹਦੀ ਸਾਹਿਤ ਨਾਲ ਪ੍ਰਤੀਬੱਧਤਾ ਅਤੇ ਮਾਣਯੋਗ ਪ੍ਰਾਪਤੀਆਂ ਦੇ ਮੱਦੇਨਜ਼ਰ ਉਹਨੂੰ ਵਿਭਿੰਨ ਸਰਕਾਰੀ/ ਗੈਰ ਸਰਕਾਰੀ ਸੰਸਥਾਵਾਂ ਵੱਲੋਂ ਸਮੇਂ-ਸਮੇਂ 'ਤੇ ਮਾਣ-ਸਨਮਾਨ ਪ੍ਰਦਾਨ ਕੀਤੇ ਜਾ ਚੁੱਕੇ ਹਨ।

ਵਿਚਾਰ ਅਧੀਨ ਪੁਸਤਕ ਉਹਦਾ ਚੋਣਵਾਂ ਮਿੰਨੀ ਸੰਗ੍ਰਹਿ ਹੈ, ਜਿਸ ਵਿਚ ਕੁੱਲ 70 ਮਿੰਨੀ ਕਹਾਣੀਆਂ ਸੰਗ੍ਰਹਿਤ ਹਨ। ਸੇਖੋਂ ਨੇ 'ਫ਼ਕੀਰੀਆ' ਤਖ਼ੱਲਸ ਹੇਠ ਵੀ ਲਿਖਿਆ ਹੈ, ਜਿਸਨੂੰ ਉਹਨੇ ਇਸ ਸੰਗ੍ਰਹਿ ਵਿਚ ਵੀ ਕਿਤੇ-ਕਿਤੇ ਵਰਤਿਆ ਹੈ। ਸੇਖੋਂ ਲਈ ਮਿੰਨੀ ਕਹਾਣੀ ਵਿਚ ਕੋਈ ਵੀ ਵਿਸ਼ਾ ਵਰਜਿਤ ਨਹੀਂ ਹੈ, ਯਾਨੀ ਉਹਨੇ ਹਰ ਵਿਸ਼ੇ 'ਤੇ ਲਿਖਿਆ ਹੈ। ਉਹਨੇ ਕੋਸ਼ਿਸ਼ ਕੀਤੀ ਹੈ ਕਿ ਇਸ ਸਿਨਫ਼ ਵਿਚ ਉਹ ਕਥਾ ਰਸ ਦੇ ਨਾਲ-ਨਾਲ ਕਲਾਤਮਕਤਾ ਨੂੰ ਵੀ ਉੱਚ ਸਥਾਨ ਦੇਵੇ! ਸੇਖੋਂ ਨੂੰ ਇਸ ਵਿਧਾ ਵਿਚ ਉਤਸ਼ਾਹਿਤ ਕਰਨ ਵਾਲਿਆਂ ਵਿਚ ਭੁਪਿੰਦਰ ਸਿੰਘ ਪੀ.ਸੀ.ਐੱਸ. ਦਾ ਵੱਡਾ ਯੋਗਦਾਨ ਹੈ। ਦਲੀਪ ਕੌਰ ਟਿਵਾਣਾ, ਸੁਖਬੀਰ, ਡਾ. ਸੁਰਜੀਤ ਸਿੰਘ ਸੇਠੀ, ਚੰਦਨ ਨੇਗੀ, ਡਾ. ਸ਼ਰਨਜੀਤ ਕੌਰ ਨੇ ਵੀ ਉਹਨੂੰ ਖੂਬ ਹੱਲਾਸ਼ੇਰੀ ਦਿੱਤੀ। 104 ਪੰਨਿਆਂ ਦੀ ਇਸ ਕਿਤਾਬ ਵਿਚ ਬਹੁਤੀਆਂ ਮਿੰਨੀ ਕਹਾਣੀਆਂ 1-1 ਪੰਨੇ ਦੀਆਂ ਹਨ।

ਇਨ੍ਹਾਂ ਮਿੰਨੀ ਕਹਾਣੀਆਂ ਵਿਚ ਅੰਧ ਵਿਸ਼ਵਾਸ (ਸ਼ਰਧਾਲੂ), ਦਫ਼ਤਰੀ ਕੰਮਕਾਜ (ਕਿਰਦਾਰ), ਆਲਾ-ਦੁਆਲਾ (ਸਾਡੇ ਬੱਚੇ), ਗਰੀਬ ਲੋਕਾਂ ਦੀ ਜ਼ਿੰਦਗੀ (ਇਨਸਾਨੀਅਤ), ਹਲਕਾ-ਫੁਲਕਾ (ਸੋਧ ਦਿਆਂਗਾ), ਪਰਿਵਾਰਕ ਜਜ਼ਬੇ (ਸੂਰਮੇ), ਮਾਂ ਪੁੱਤ ਦੀਆਂ ਭਾਵਨਾਵਾਂ (ਤਿਆਗ), ਪਤੀ ਤੇ ਪ੍ਰੇਮਿਕਾ ਵਿਚ ਫਰਕ (ਗਹਿਰਾ ਸਦਮਾ), ਵੋਟਾਂ ਅਤੇ ਰਾਜਨੀਤੀ (ਟੁੱਟੇ ਛਿੱਤਰ), ਜ਼ਾਤ-ਪਾਤ ਦਾ ਝਗੜਾ (ਹਿੰਮਤ), ਸਮਾਜਿਕ ਰੀਤਾਂ (ਸ਼ਰਤ), ਟੁੱਟਦੇ ਰਿਸ਼ਤੇ (ਸੀਮਾ), ਇਕੱਲਤਾ ਦੀ ਪੀੜ (ਫੌਜਣ), ਭਲਾਈ (ਇੰਤਹਾ), ਸ਼ਰਾਬੀ ਪਤੀ (ਸ਼ਰਾਧ), ਸਹਿਮਤੀ (ਤੁਹਾਡੀ ਖੁਸ਼ੀ), ਦਫ਼ਤਰੀ ਚੋਰੀ (ਚੋਰ ਚੋਰ), ਯਾਰ ਮਾਰ (ਐਡਜਸਟਮੈਂਟ), ਦੁਸ਼ਮਣੀ ਦੋਸਤੀ (ਬਦਲਾ), ਰਾਜਨੀਤੀ ਦੀਆਂ ਚਾਲਾਂ (ਆਸਤਕ ਨਾਸਤਕ), ਸੇਵਾ ਨੂੰ ਮੇਵਾ (ਤੇਰੇ ਨਾਉਂ), ਗੁੱਸਾ ਤੇ ਪਿਆਰ (ਤੁਹਾਡੀ ਸੌਂਹ), ਸੰਘਰਸ਼ (ਬਲਾਤਕਾਰ), ਕਰਤੂਤਾਂ (ਜ਼ਬਰਦਸਤੀ, ਕਾਲਾ ਮੂੰਹ), ਨਿਯੁਕਤੀ (ਯੋਗਤਾਵਾਂ), ਆਸਤਿਕਤਾ (ਕਿੰਨੇ ਭਗਵਾਨ), ਭ੍ਰਿਸ਼ਟਾਚਾਰੀ (ਇਨਕਲਾਬ ਜ਼ਿੰਦਾਬਾਦ), ਬਰਾਬਰੀ ਤੇ ਜ਼ਾਤ-ਪਾਤ (ਜ਼ਾਤ), ਡਬਲ ਇਨਕਮ (ਢਕਿਆ ਭਾਂਡਾ), ਕੁਰਬਾਨੀ (ਰੁੱਖਾਂ ਦੇ ਜਾਏ), ਸੰਬੰਧ (ਤਹਿਜ਼ੀਬ), ਦੁਨੀਆਂਦਾਰੀ (ਰਿਸ਼ਵਤਖੋਰ), ਵਿਦੇਸ਼ ਦੀ ਚੌਂਧਕ (ਕਮਾਈਆਂ), ਰੁਲਦੇ ਮਾਪੇ (ਉਮਰਾਂ ਦੀ ਕਮਾਈ), ਹਵਸ (ਕਤਲ ਕਤਲ), ਸਮਝੌਤਾ (ਡੀਲ), ਏਡਜ਼ ਦੀ ਲਾਗ (ਤੋਹਫ਼ਾ), ਵਿਖਾਵੇ ਦੀ ਬਹਾਦਰੀ (ਨਾਮੀ ਭਲਵਾਨ), ਇਵਜ਼ਾਨਾ (ਨੌਕਰੀ), ਈਮਾਨਦਾਰੀ ਦੀ ਸਜ਼ਾ (ਅਸੂਲ), ਕਤਲ ਦਾ ਡਰ (ਕਾਨੂੰਨ), ਸਰਕਾਰੀ ਰਾਹਤ (ਮੁਆਵਜ਼ਾ), ਚੰਗੀ ਸੋਚ (ਖੁਸ਼ਹਾਲ), ਰਾਜਨੀਤੀ (ਰਾਜ਼), ਕਰਜ਼ੇ ਦੀ ਪੰਡ (ਪਛੜੇ ਲੋਕ), ਚਾਪਲੂਸੀ ਤੇ ਈਮਾਨਦਾਰੀ (ਸਰਕਾਰੀ ਪ੍ਰਾਹੁਣੇ), ਲਾਚਾਰੀ ਤੇ ਹਿੰਮਤ (ਮਜਬੂਰੀਆਂ), ਪੈਸੇ ਦੀ ਚਮਕ (ਮਜ਼ਾਕ), ਕੱਚੀ ਨੌਕਰੀ ਪੱਕਾ ਰੋਜ਼ਗਾਰ (ਧੰਦਾ), ਫਿਟਕਾਰ ਤੇ ਪਿਆਰ (ਦੁਸ਼ਮਣੀਆਂ), ਅੰਧ ਵਿਸ਼ਵਾਸ ਤੇ ਮਿਹਨਤ (ਭਰਮ), ਸੱਚਾਈ ਤੇ ਲੋਕਾਈ (ਲੋਕਤੰਤਰ), ਮਿਹਨਤ ਤੇ ਮਜ਼ਦੂਰੀ (ਕਿਸਾਨ ਦੀ ਮੌਤ), ਨਿਰਾਸ਼ਾ ਤੇ ਹਿੰਮਤ (ਖੁਦਕੁਸ਼ੀ ਨੋਟ), ਜ਼ਿੰਮੇਵਾਰੀ (ਗੱਦਾਰ), ਸਨਮਾਨ ਤੇ ਪ੍ਰਤਿਬੱਧਤਾ (ਦਿੱਲੀ ਦੂਰ ਨਹੀਂ), ਅਖੌਤੀ ਸ਼ਰਾਫ਼ਤ (ਬਦਮਾਸ਼), ਮਦਦਗਾਰ (ਪਰਛਾਵਾਂ), ਜ਼ਿੰਦਗੀ ਤੇ ਸਮਝੌਤਾ (ਨਵਾਂ ਰਸਤਾ) ਆਦਿ ਵਿਸ਼ਿਆਂ 'ਤੇ ਮਿੰਨੀ ਕਹਾਣੀਆਂ ਦੀ ਰਚਨਾ ਕੀਤੀ ਗਈ ਮਿਲਦੀ ਹੈ।

ਇਸ ਸੰਗ੍ਰਹਿ ਦੀਆਂ ਸਾਰੀਆਂ ਹੀ ਮਿੰਨੀ ਕਹਾਣੀਆਂ ਆਧੁਨਿਕ ਯੁਗ ਦੇ ਖੋਖਲੇ, ਦੰਭੀ, ਬਨਾਉਟੀ ਚਿਹਰੇ ਦੀ ਪਛਾਣ ਕਰਵਾ ਕੇ ਉਹਦੀ ਅਸਲੀਅਤ ਨੂੰ ਸਾਹਮਣੇ ਲਿਆਉਂਦੀਆਂ ਹਨ। ਇਹ ਕੋਈ ਮਨੋਕਲਪਿਤ ਰਚਨਾਵਾਂ ਨਹੀਂ, ਸਗੋਂ ਜ਼ਿੰਦਗੀ ਨਾਲ ਦੋ-ਚਾਰ ਹੁੰਦੀਆਂ, ਜੀਵਨ ਦੇ ਦੁਖਾਂ-ਸੁਖਾਂ, ਤ੍ਰਾਸਦੀਆਂ, ਸਮੱਸਿਆਵਾਂ, ਔਕੜਾਂ ਨਾਲ ਖਹਿੰਦੀਆਂ, ਮਨੁੱਖ ਨੂੰ ਵਿਗਿਆਨਕ ਨਜ਼ਰੀਏ ਦੀ ਤਲਾਸ਼ ਕਰਨ ਲਈ ਪ੍ਰੇਰਿਤ ਕਰਦੀਆਂ ਹਨ। ਸੇਖੋਂ ਨੇ ਕਿਤੇ ਵੀ ਸਿੱਧੇ ਰੂਪ ਵਿਚ ਪੈਗ਼ਾਮ, ਸੰਦੇਸ਼ ਜਾਂ ਸਿੱਖਿਆ ਦੇਣ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਰਚਨਾਵਾਂ ਦੇ ਪਾਤਰ ਹੀ ਆਪਣੇ ਕਰਮ ਰਾਹੀਂ ਮਨੁੱਖ ਨੂੰ ਸਹੀ ਮਾਰਗ ਦੀ ਪਹਿਚਾਣ ਕਰਵਾਉਂਦੇ ਹਨ।

ਲੇਖਕ ਨੇ ਇਨ੍ਹਾਂ ਮਿੰਨੀ ਕਹਾਣੀਆਂ ਵਿਚ ਕੋਈ ਨਿਸ਼ਚਿਤ ਸ਼ੈਲੀ ਨੂੰ ਨਹੀਂ ਅਪਣਾਇਆ। ਇਸੇ ਤਰ੍ਹਾਂ ਉਹਨੇ ਹਰ ਪ੍ਰਕਾਰ ਦੇ ਚੰਗੇ-ਮਾੜੇ ਸੰਬੰਧਾਂ 'ਤੇ ਨਜ਼ਰਸਾਨੀ ਕੀਤੀ ਹੈ। ਜ਼ਿੰਦਗੀ ਦੀ ਹਰ ਘਟਨਾ, ਚਾਹੇ ਉਹ ਘਰੇਲੂ ਹੋਵੇ, ਆਸਪਾਸ ਦੀ ਹੋਵੇ, ਸਮਾਜਿਕ ਜਾਂ ਦਫ਼ਤਰੀ ਜਾਂ ਰਾਜਨੀਤਿਕ ਹੋਵੇ - ਸੇਖੋਂ ਦੀ ਬਾਜ਼-ਨਜ਼ਰ ਤੋਂ ਬਚ ਨਹੀਂ ਸਕਦੀ। ਇਸ ਸੰਗ੍ਰਹਿ ਵਿਚੋਂ ਹਰ ਰੰਗ ਦੀ ਮਿੰਨੀ ਕਹਾਣੀ ਪੜ੍ਹੀ ਜਾ ਸਕਦੀ ਹੈ। ਆਗਾਮੀ ਸਮੇਂ ਵਿਚ ਉਹ ਇਸ ਸਿਨਫ਼ ਵਿਚ ਹੋਰ ਕਲਾਤਮਕਤਾ ਭਰਨ ਲਈ ਯਤਨਸ਼ੀਲ ਰਹੇਗਾ, ਅਜਿਹਾ ਮੇਰਾ ਵਿਸ਼ਵਾਸ ਹੈ!

# ਰਿਸ਼ਤੇ ਪ੍ਰਦੇਸੀਆਂ ਦੇ !



## (ਕਹਾਣੀ)

ਸੁਖਵੀਰ ਸਿੰਘ ਸੰਧੂ
ਅਲਕੜਾ (ਪੈਰਿਸ)
(Punjab Mail USA)



ਜਿਸ 'ਤੇ ਵਿਦੇਸ਼ ਜਾਣ ਦਾ ਭੂਤ ਸਵਾਰ ਹੋ ਜਾਵੇ, ਉਹ ਕਿਸੇ ਬਾਬੇ ਦੇ ਧਾਗਿਆਂ, ਤਬੀਤਾਂ ਨਾਲ ਨਹੀ ਉਤਰਦਾ। ਉਸ ਨੂੰ ਹਰ ਕੋਈ ਨਕਾਰੀ ਸਲਾਹ ਦੇਣ ਵਾਲਾ ਦੁਸ਼ਮਣ ਲੱਗਦਾ ਹੈ। ਇਹ ਵਿਦੇਸ਼ੀ ਭੂਤ (ਮਲਿੰਦਰ) "ਮੇਲੇ" ਨੂੰ ਵੀ ਚਿੰਬੜ ਚੁੱਕਿਆ ਸੀ। ਭਾਵੇਂ ਉਹ ਸ਼ਾਦੀ-ਸ਼ੁਦਾ ਤੇ ਇੱਕ ਸਾਲ ਦੇ ਬੱਚੇ ਦਾ ਬਾਪ ਸੀ। ਪਰ ਉਸ ਦੀ ਵਿਦੇਸ਼ ਜਾਣ ਵਾਲੀ ਜਿੱਦ ਅੱਗੇ ਮਾਪੇ ਵੀ ਹਾਰ ਗਏ ਸਨ। "ਮੇਲੇ" ਦੇ ਪਿਤਾ ਨੇ ਉਧਾਰੇ ਤੇ ਕੁਝ ਵਿਆਜੂ ਪੈਸੇ ਫੜ ਕੇ ਏਜੰਟ ਨਾਲ ਭੇਜਣ ਦੀ ਗੱਲ ਕਰ ਲਈ। ਏਜੰਟ ਨੇ "ਮੇਲੇ" ਨੂੰ ਦਿੱਲੀ ਤੋਂ ਯੌਰਪ ਲਈ ਜਹਾਜ਼ ਚੜ੍ਹਾ ਦਿੱਤਾ। ਪਰ ਉਸ ਨੂੰ ਯੌਰਪ ਦੀ ਬਜਾਏ, ਕਿਸੇ ਨੇੜਲੇ ਦੇਸ਼ ਜਾ ਲਾਹਿਆ। ਉਹ ਜੰਗਲ-ਬੇਲੇ, ਨਹਿਰਾਂ ਤੇ ਬਰਫੀਲੇ ਪਹਾੜੀ ਇਲਾਕੇ ਪਾਰ ਕਰਦਾ ਯੌਰਪ ਪਹੁੰਚ ਗਿਆ। ਸਿਆਣੇ ਕਹਿੰਦੇ ਨੇ ਪ੍ਰਦੇਸ ਵਿਚ ਘਰ ਤੋਂ ਬਗੈਰ ਆਦਮੀ ਤੁਰਦੀ-ਫਿਰਦੀ ਲਾਸ਼ ਵਰਗਾ ਹੁੰਦਾ। ਜੇਕਰ ਜੇਬ ਵੀ ਖਾਲੀ ਹੋਵੇ, ਫੇਰ ਇਸ ਤੋਂ ਭੈੜੀ ਕਿਸਮਤ ਕਿਸੇ ਦੀ ਨਹੀਂ ਹੁੰਦੀ। ਇਹੀ ਹਾਲ "ਮੇਲੇ" ਦਾ ਸੀ। ਉਹ ਪਾਰਕਾਂ, ਰੇਲ ਦੇ ਡੱਬੇ ਅਤੇ ਪੁਲਾਂ ਥੱਲੇ ਰਾਤਾਂ ਗੁਜ਼ਾਰਦਾ। ਕਦੇ ਦਿਹਾੜੀ ਭਰ ਕੰਮ ਵੀ ਮਿਲ ਜਾਂਦਾ। ਉਸ ਦੇ ਸਿਰ ਚੜ੍ਹਿਆ ਕਰਜ਼ਾ ਅਮਰ ਵੇਲ ਵਾਂਗ ਵੱਧ ਰਿਹਾ ਸੀ। ਕਹਿੰਦੇ ਨੇ ਜਿਸ ਦਾ ਕੋਈ ਨਹੀਂ ਉਸ ਦਾ ਰੱਬ ਹੁੰਦਾ ਹੈ। ਅਖੀਰ ਕਈ ਮਹੀਨੇ ਧੱਕੇ ਖਾਣ ਤੋਂ ਬਾਅਦ "ਮੇਲੇ" ਨੂੰ ਕੱਪੜੇ ਦੀ ਫੈਕਟਰੀ ਵਿਚ ਪਰੈਸ ਕਰਨ ਦਾ ਕੰਮ ਮਿਲ ਗਿਆ। ਅਰਬੀ ਦੀ ਕਹਾਵਤ ਹੈ, "ਮਿਹਨਤ ਹੀ ਚੰਗੀ ਕਿਸਮਤ ਦੀ ਮਾਂ ਹੈ"। ਉਹ ਮਿਹਨਤ ਤੇ ਲ਼ਗਨ ਨਾਲ ਕੰਮ ਕਰਦਾ, ਸਭ ਉਸ ਦੀ ਪ੍ਰਸ਼ੰਸਾ ਕਰਦੇ ਸਨ। ਭਾਵੇਂ "ਮੇਲੇ" ਨੂੰ ਵਿਦੇਸ਼ ਆਇਆਂ ਕਈ ਸਾਲ ਹੋ ਗਏ ਸਨ। ਪਰ ਹਾਲੇ ਵੀ ਸਿਰ ਚੜ੍ਹਿਆ ਕਰਜ਼ਾ ਬਾਕੀ ਸੀ। ਅੱਜ ਜਦੋਂ ਉਸ ਨੇ ਟੀ.ਵੀ. ਔਨ ਕੀਤਾ, ਤਾਂ ਖ਼ਬਰਾਂ ਦੀ ਸੁਰਖੀ ਸੀ। ਪਹਿਲੀ ਅਗਸਤ ਤੋਂ ਕੋਈ ਵੀ ਵਿਦੇਸ਼ੀ ਵਰਕਰ ਕੰਪਨੀ ਨਾਲ ਇੱਕ ਸਾਲ ਦਾ ਕੰਨਟ੍ਰੈਕਟ ਫੋਰਮ ਭਰ ਕੇ ਇੰਮੀਗ੍ਰੇਸ਼ਨ ਅਪਲਾਈ ਕਰ ਸਕਦਾ ਹੈ। ਬੇਸ਼ਰਤੇ ਕਿ ਉਸ ਨੇ ਕੋਈ ਘਿਨਾਉਣਾ ਅਪਰਾਧ ਨਾ ਕੀਤਾ ਹੋਵੇ। ਅਗਲੇ ਦਿਨ "ਮੇਲੇ" ਨੇ ਇਹ ਖਬਰ ਮਾਲਕਾਂ ਨੂੰ ਜਾ ਦੱਸੀ। ਕੰਪਨੀ ਵਾਲਿਆਂ ਨੇ ਬਿਨ੍ਹਾਂ ਝਿਜ਼ਕ ਹਾਂ ਕਰ ਦਿੱਤੀ। ਕਿਸਮਤ ਦੇ ਧਨ੍ਹੀ "ਮੇਲੇ" ਦੀ ਕੁਝ ਮਹੀਨਿਆਂ ਵਿਚ ਹੀ ਇੰਮੀਗ੍ਰੇਸ਼ਨ ਪਾਸ ਹੋ ਗਈ। ਪ੍ਰਦੇਸੀ ਦੀ ਅਸਲ ਜ਼ਿੰਦਗੀ ਇੰਮੀਗ੍ਰੇਸ਼ਨ ਮਿਲਣ ਤੋਂ ਬਾਅਦ ਸ਼ੁਰੂ ਹੁੰਦੀ ਹੈ। ਪਰ ਉਦੋਂ ਤੱਕ ਉਹ ਆਪਣੇ ਪ੍ਰਵਾਰ ਦੇ ਕਈ ਮੈਂਬਰ ਗੁਆ ਚੁੱਕਿਆ ਹੁੰਦਾ ਹੈ। ਕਈ ਤਾਂ ਮਾਪਿਆਂ ਦਾ ਸਿਵਾ ਹੀ ਵੇਖਦੇ ਨੇ। ਇਹ ਬੁਰਾ ਵਕਤ "ਮੇਲੇ" 'ਤੇ ਵੀ ਗੁਜ਼ਰਿਆ ਸੀ। ਉਸ ਦੇ ਵਿਦੇਸ਼ ਜਾਣ ਪਿਛੋਂ ਮਾਪੇ ਗਰੀਬੀ ਦਾ ਦੁੱਖ ਤੇ ਕਰਜ਼ੇ ਦੀ ਪੰਡ ਦਾ ਭਾਰ ਨਾ ਸਹਾਰ ਸਕੇ। ਫਿਕਰਾਂ ਵਿਚ ਡੁੱਬੇ, ਆਖਰ ਉਹ ਵੀ ਇਸ ਜਹਾਨ ਤੋਂ ਸਦਾ ਲਈ ਕੂਚ ਕਰ ਗਏ ਸਨ। ਜਿਨ੍ਹਾਂ ਦਾ ਉਹ ਆਖਰੀ ਵਕਤ ਮੂੰਹ ਵੀ ਨਾ ਵੇਖ ਸਕਿਆ ਸੀ। ਉਹ ਹਜ਼ਾਰਾਂ ਮੀਲ ਦੂਰ ਬੈਠਾ ਮਜਬੂਰ ਸੀ। ਪਿੱਛੇ ਘਰਵਾਲੀ "ਮਿੰਦੋ" ਤੇ ਬੱਚਾ ਰਹਿ ਗਏ ਸਨ। ਜਿਨ੍ਹਾਂ ਦੀ ਦੇਖਭਾਲ ਪੇਕੇ ਪਰਿਵਾਰ ਕਰਦਾ ਸੀ। ਉਸ ਦਾ ਪੁੱਤ ਨੂੰ ਵੇਖਣ ਲਈ ਉੱਡ ਕੇ ਜਾਣ ਨੂੰ ਦਿਲ ਕਰ ਰਿਹਾ ਸੀ। ਪਰ ਕਰਜ਼ੇ ਤੇ ਗਰੀਬੀ ਨੇ ਉਸ ਦੇ ਪੈਰਾਂ ਨੂੰ ਜਕੜਿਆ ਹੋਇਆ ਸੀ। ਇਹ ਸੋਚ ਕੇ "ਮੇਲੇ" ਨੇ ਪਿੰਡ ਜਾਣ ਦੇ ਬਜਾਏ ਮਿੰਦੋ ਨੂੰ ਕੋਲ ਸੱਦਣ ਵਾਸਤੇ ਪਾਸਪੋਰਟ ਬਣਾਉਣ ਲਈ ਕਹਿ ਦਿੱਤਾ। ਇਹ ਖਬਰ "ਮਿੰਦੋ" ਦੀ ਵੱਡੀ ਭੈਣ "ਨਿੰਮੋ" ਨੂੰ ਮਿਲ ਗਈ ਸੀ, ਜਿਸ ਤੋਂ ਬਾਹਰ ਜਾਣ ਵੇਲੇ "ਮੇਲੇ" ਨੇ ਉਧਾਰੇ ਪੈਸੇ ਲਏ ਸਨ। ਉਹ ਅਗਲੇ ਹੀ ਦਿਨ ਆਪਣੇ ਬੇਟੇ (ਮਨਜੀਤ) "ਮਾਟੂ" ਨੂੰ ਲੈ ਕੇ ਛੋਟੀ ਭੈਣ ਕੋਲ ਆ ਗਈ। "ਸੁਣ ਭੈਣੇ, ਸਾਨੂੰ ਤਾਂ ਬਹੁਤ ਖੁਸ਼ੀ ਹੋਈ ਆ, ਸੁੱਖ ਨਾਲ ਤੁਸੀਂ ਸਾਰੇ ਬਾਹਰ ਜਾ ਰਹੇ ਹੋ"! "ਨਾਲ ਮੇਰੇ ਮੁੰਡੇ "ਮਾਟੂ" ਦਾ ਵੀ ਬਣਾ ਲਓ"? ਮਿੰਦੋ ਬੋਲੀ, "ਭੈਣੇ ਓਹ ਕਿਵੇਂ ਜਾ ਵੜੂ"? "ਤੁਸੀ ਪੁੱਤ ਬਣਾ ਕੇ ਲੈਜਿਓ"! "ਨਹੀਂ ਭੈਣੇ ਇਹ ਤਾਂ ਗਲਤ ਕੰਮ ਹੋਇਆ"! " ਨ੍ਹੀ ਬਾਹਰ ਭਲਾ ਮੋਏ ਜਾਣਦੇ ਨੇ! ਕਾਗਜ਼ਾਂ 'ਚ ਹੀ ਅਦਲਾ-ਬਦਲੀ ਕਰਨੀ ਆ"? ਨਿੰਮੋ ਇਕੋ ਸਾਹ ਬੋਲ ਗਈ। "ਅੱਜਕੱਲ੍ਹ ਤਾਂ ਲੋਕੀਂ ਪੁੱਠੇ-ਸਿੱਧੇ ਰਿਸ਼ਤੇ ਬਣਾ ਕੇ ਲੈ ਜਾਂਦੇ ਨੇ! ਇਹ ਤਾਂ ਤੇਰੀ ਸਕੀ ਭੈਣ ਦਾ ਮੁੰਡਾ"! "ਜਦੋਂ "ਮਲਿੰਦਰ" ਬਾਹਰ ਗਿਆ, ਓਦੋਂ ਇਹੋ ਭੈਣ ਕੰਮ ਆਈ ਸੀ"! ਉਸ ਨੇ ਉਧਾਰ ਦਿੱਤੇ ਪੈਸਿਆਂ ਦੀ ਟਕੋਰ ਕਰ ਦਿੱਤੀ। "ਮਿੰਦੋਂ" ਚੁੱਪ ਹੋ ਗਈ। ਸਿਆਣੇ ਕਹਿੰਦੇ ਨੇ ਜਿਥੇ ਦੂਰਅਦੇਸ਼ੀ ਨਹੀਂ, ਉਥੇ ਬਰਬਾਦੀ ਨਿਸ਼ਚਿਤ ਹੈ। "ਮਾਟੂ" ਦੀ ਤਿਆਰੀ ਵੀ ਹੋ ਗਈ। "ਮੇਲੇ" ਨੇ "ਮਿੰਦੋਂ" ਦਾ ਦੋਵੇਂ ਬੱਚਿਆਂ ਸਮੇਤ ਵੀਜ਼ਾ ਅਪਲਾਈ ਕਰ ਦਿੱਤਾ। ਉਹ ਤਿੰਨੇ ਜਾਣੇ ਕੁਝ ਮਹੀਨਿਆਂ ਵਿਚ "ਮੇਲੇ" ਕੋਲ ਪਹੁੰਚ ਗਏ। ਦੋਵੇਂ ਬੱਚੇ ਸਕੂਲ ਜਾਣ ਲੱਗ ਪਏ ਸਨ। ਕਹਿੰਦੇ ਨੇ ਬੇ-ਵਤਨ ਹੋਇਆ ਇਨਸਾਨ ਖੁਸ਼ੀ ਦੇ ਗੀਤ ਨਹੀਂ ਗਾ ਸਕਦਾ। ਇੱਕਲੇ "ਮੇਲੇ" ਦੀ ਤਨਖਾਹ ਨਾਲ ਘਰ ਦਾ ਗੁਜ਼ਾਰਾ ਚੱਲਣਾ ਮੁਸ਼ਕਲ ਹੋ ਗਿਆ ਸੀ। ਹੱਥ ਤੰਗ ਹੋਣ ਕਰਕੇ "ਮੇਲੇ" ਨੇ "ਮਿੰਦੋ" ਨੂੰ ਆਪਣੇ ਕੋਲ ਹੀ ਕੰਮ 'ਤੇ ਲਵਾ ਲਿਆ। ਸਮਾਂ ਗੁਜ਼ਰਦਾ ਗਿਆ। ਬੱਚੇ ਪ੍ਰਇਮਰੀ ਤੋਂ ਹਾਈ ਸਕੂਲ ਚਲੇ ਗਏ। ਦੋਵਾਂ ਨੇ ਥੋੜ੍ਹੀ ਪੂੰਜੀ ਜੋੜ ਕੇ ਘਰ ਵੀ ਮੁੱਲ ਲੈ ਲਿਆ ਸੀ। ਜ਼ਿੰਦਗੀ ਦਾ ਪਹੀਆ ਘੁੰਮਦਾ ਰਿਹਾ। ਦੋਵੇਂ ਪੁੱਤ ਗੱਭਰੂ ਹੋ ਗਏ ਸਨ। "ਮੇਲੇ" ਨੇ ਪੁੱਤਰਾਂ ਨਾਲ ਮਿਲ ਕੇ ਇੱਕ ਰੈਸਟੋਰੈਂਟ ਖੋਲ੍ਹ ਲਿਆ। "ਮਾਟੂ" ਨੂੰ ਉਸ ਦਾ ਮਾਲਕ ਤੇ ਛੋਟੇ ਬੇਟੇ ਨੂੰ ਮੈਨੇਜਰ ਦਿੱਤਾ। ਹੁਣ "ਮੇਲਾ" ਤੇ "ਮਿੰਦੋ" ਬੁਢਾਪੇ ਵਾਲੀ ਪਾਉੜੀ ਚੜ੍ਹ ਚੁੱਕੇ ਸਨ। "ਮਾਟੂ" ਬਾਹਰ ਦਾ ਤੇ ਛੋਟਾ ਰੈਸਟੋਰੈਂਟ ਦੇ ਅੰਦਰ ਦਾ ਕੰਮ ਸੰਭਾਲਦਾ। ਦੋਵਾਂ ਦੀ ਮਿਹਨਤ ਰੰਗ ਲਿਆਈ, ਪੂਰੇ ਇਲਾਕੇ ਵਿਚ ਨਾਮਵਰ ਹੋ ਗਏ। "ਨਿੰਮੋ" ਕਦੇ-ਕਦੇ ਫੋਨ ਕਰਕੇ "ਮਾਟੂ" ਦਾ ਹਾਲ-ਚਾਲ ਪੁੱਛਦੀ ਰਹਿੰਦੀ। ਪੰਜਾਬ ਵਿਚ ਚਿੱਟੇ ਦੀ ਭਰਮਾਰ ਹੋ ਗਈ ਸੀ। "ਨਿੰਮੋਂ" ਕੋਲ ਰਹਿ ਰਿਹਾ ਦੂਸਰਾ ਲੜਕਾ ਨਸ਼ੇ ਦੇ ਜਾਲ ਵਿਚ ਫਸ ਗਿਆ। ਉਹ ਨਸ਼ੇ ਵਿਚ ਪੈ ਕੇ ਕਮਾਊ ਘੱਟ ਤੇ ਗਵਾਊ ਜ਼ਿਆਦਾ ਬਣ ਚੁੱਕਿਆ ਸੀ। ਚਿੱਟੇ ਨੇ ਉਸ ਦੀ ਜ਼ਿੰਦਗੀ ਗਲਤਾਨ ਕਰ ਦਿੱਤੀ ਸੀ। ਨਸ਼ੇ ਦੀ ਪੂਰਤੀ ਲਈ ਉਹ ਕੁਝ ਵੀ ਕਰਨ ਨੂੰ ਤਿਆਰ ਸੀ। "ਨਿੰਮੋ" ਨੇ ਇੱਕ ਦਿਨ ਦੁਖੀ ਮਨ ਨਾਲ "ਮਾਟੂ" ਨੂੰ ਫੋਨ 'ਤੇ ਪੂਰੀ ਸੱਚਾਈ ਬਿਆਨ ਕਰ ਦਿੱਤੀ। "ਪੁੱਤ ਮੈਂ ਤੇਰੀ ਅਸਲੀ ਮਾਂ ਹਾਂ"! ਜਿਸ ਨੇ ਨੌਂ ਮਹੀਨੇ ਢਿੱਡ 'ਚ ਰੱਖ ਕੇ ਦੁੱਧ ਚੁਗਾਇਆ! ਮਾਂ ਦਾ ਕਰਜ਼ਾ ਤਾਂ ਸੱਤ ਜਨਮ ਨਹੀਂ ਉਤਰਦਾ! ਸਾਨੂੰ ਭੁੱਲ ਨਾ ਜਾਂਈ! ਮਾਂ ਨੂੰ ਭੁੱਲਿਆ ਨਰਕਾਂ ਦਾ ਭਾਗੀ ਹੁੰਦਾ!" ਤਰਕ ਭਰੇ "ਨਿੰਮੋ" ਦੇ ਬੋਲਾਂ ਨੇ, ਉਸ ਦਾ ਸੁਖ-ਚੈਨ ਖੋਹ ਲਿਆ ਸੀ। ਕਹਿੰਦੇ ਨੇ ਪੁੱਤ ਕਪੁੱਤ ਹੋ ਸਕਦੇ ਨੇ ਪਰ ਕੁਮਾਪੇ ਨਹੀਂ ਹੁੰਦੇ। ਹੁਣ ਉਸ ਦਾ ਮਨ ਵੀ ਡਗਮਗਾਉਣ ਲੱਗ ਪਿਆ ਸੀ। ਜਿਵੇਂ ਕਹਿੰਦੇ ਨੇ ਪਿਆਰ ਤੇ ਗਮ ਛੇਤੀ ਮੁੱਕ ਜਾਂਦੇ ਨੇ! ਉਸ ਦੇ ਅੰਦਰ ਆਪਣੇ ਤੇ ਪਰਾਏ ਵਾਲੀ ਲਕੀਰ ਖਿੱਚੀ ਗਈ। ਉਹ ਸੋਚਾਂ ਦੀ ਦਲਦਲ ਵਿਚ ਫਸਿਆ ਰਹਿੰਦਾ। ਅੱਜ ਅਚਾਨਕ ਪੁਲਿਸ, ਹੈਲਥ ਵਿਭਾਗ ਅਤੇ ਇਨਕਮ ਟੈਕਸ ਵਾਲਿਆਂ ਨੇ ਰੈਸਟੋਰੈਂਟ ਵਿਚ ਆ ਛਾਪਾ ਮਾਰਿਆ। ਉਨ੍ਹਾਂ ਨੇ ਤਲਾਸ਼ੀ ਦੌਰਾਨ ਇੱਕ ਗੈਰ ਕਾਨੂੰਨੀ ਲੜਕਾ ਜੋ ਕੁਝ ਦਿਨਾਂ ਪਹਿਲਾਂ ਹੀ ਆਰਜੀ ਤੌਰ 'ਤੇ ਕੰਮ ਲਈ ਰੱਖਿਆ ਸੀ, ਗ੍ਰਿਫਤਾਰ ਕਰ ਲਿਆ ਗਿਆ। ਹੈਲਥ ਵਾਲਿਆਂ ਨੇ ਅਣਗਹਿਲੀ ਵਰਤਣ ਤੇ ਬੇਤੁਕੇ ਪਏ ਸਮਾਨ ਨੂੰ ਵੀ ਜ਼ਬਤ ਕਰ ਲਿਆ। ਰੈਸਟੋਰੈਂਟ ਦਾ ਮਾਲਕ ਹੋਣ ਦੇ ਨਾਤੇ "ਮਾਟੂ" ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਸੀ। ਅਗਲੇ ਦਿਨ ਅਦਾਲਤ ਵਿਚ ਉਸ ਦੀ ਪੇਸ਼ੀ ਹੋਈ। ਜੱਜ ਨੇ ਤਿੰਨ ਦਿੱਨ ਕਸਟੱਡੀ ਵਿਚ ਰੱਖਣ ਦਾ ਹੁਕਮ ਸੁਣਾ ਦਿੱਤਾ। ਹਵਾਲਾਤ ਵਿਚ ਬੰਦ "ਮਾਟੂ" ਦੇ ਕੰਨਾਂ ਵਿਚ ਮਾਂ ਦੇ ਬੋਲ, "ਪੁੱਤ ਖ਼ੂਨ ਕਦੇ ਚਿੱਟਾ ਨਹੀਂ ਹੁੰਦਾ! ਕਾਗਜ਼ ਕਾਲੇ ਕਰਨ ਨਾਲ ਖ਼ੂਨ ਨਹੀ ਬਦਲਦਾ" ਬੈਚੇਨ ਕਰ ਰਹੇ ਸੀ। "ਕੇਸ ਵੀ ਮੇਰੇ ਉਤੇ, ਜੇਲ੍ਹ ਵੀ ਮੈਂ ਜਾਵ, ਨਾਲੇ ਮੁਸੀਬਤਾਂ ਵੀ ਝੱਲਾਂ, ਇਹ ਸਭ ਕਿਊਂ? ਮੈਂ ਮੁੰਤਬੰਨਾ ਜਿਊਂ ਹੋਇਆ...?" ਉਸ ਦੇ ਦਿਮਾਗ ਵਿਚ ਪੁੱਠੇ-ਸਿੱਧੇ ਸਵਾਲ ਆਉਣ ਲੱਗ ਪਏ ਸਨ। ਯੌਰਪ ਦੇ ਕਾਨੂੰਨ ਮੁਤਾਬਕ, ਕਿਸੇ ਗੈਰ ਕਾਨੂੰਨੀ ਨੂੰ ਕੰਮ 'ਤੇ ਰੱਖਣਾ ਜੁਰਮ ਹੈ। ਇਸ ਜੁਰਮ ਤਹਿਤ ਇੱਕ ਸਾਲ ਦੀ ਕੈਦ ਅਤੇ ਭਾਰੀ ਜੁਰਮਾਨਾ ਦੀ ਸਜ਼ਾ ਹੈ। "ਮੇਲਾ" ਇਸ ਡਰ ਤੋਂ "ਮਾਟੂ" ਨੂੰ ਛਡਾਉਣ ਲਈ ਵਕੀਲਾਂ ਦੇ ਦਰ ਖੜਕ੍ਹਾ ਰਿਹਾ ਸੀ। ਚੌਵੀ ਘੰਟੇ ਹਿਰਾਸਤ ਵਿਚ ਰੱਖਣ ਤੋਂ ਬਾਅਦ ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ। ਮਾਨਯੋਗ ਜੱਜ ਨੇ ਅਗਲੀ ਪੇਸ਼ੀ ਤੱਕ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ। ਉਹ ਚੁੱਪ-ਚੁੱਪ ਰਹਿੰਦਾ, ਉਸ ਨੂੰ ਘਰ ਵੀ ਪਰਾਇਆ ਲੱਗਣ ਲੱਗ ਪਿਆ ਸੀ। ਉਸਦਾ ਪਰਿਵਾਰ ਪ੍ਰਤੀ ਮੋਹ ਭੰਗ ਹੋ ਚੁੱਕਿਆ ਸੀ। ਉਹ ਇੱਕ ਦਿਨ ਬਿਨ੍ਹਾਂ ਦੱਸੇ ਘਰ ਛੱਡ ਕੇ ਚਲਿਆ ਗਿਆ। "ਮੇਲੇ" ਨੇ ਉਸ ਦੀ ਭਾਲ ਵਿਚ ਸਭ ਪਾਸੇ ਫੋਨ ਘੁੰਮਾਏ ਪਰ ਸਭ ਬੇ-ਅਰਥ ਸੀ। ਉਹ ਗੁੰਮਸ਼ੁਦਾ ਹੋਣ ਦੀ ਰਿਪੋਰਟ ਦਰਜ਼ ਕਰਵਾਉਣ ਬਾਰੇ ਸੋਚਣ ਲੱਗ ਪਿਆ। ਸਵੇਰੇ ਜਦੋਂ ਉਸ ਨੇ ਲੈਟਰ ਬਾਕਸ ਖੋਲ੍ਹਿਆ, "ਮਾਟੂ" ਦਾ ਵਕੀਲ ਰਾਹੀਂ ਭੇਜਿਆ ਹੋਇਆ ਨੋਟਿਸ ਵੇਖ ਕੇ ਪੈਰਾਂ ਥੱਲਿਓਂ ਜ਼ਮੀਨ ਖਿਸਕ ਗਈ, ਜਿਸ ਵਿਚ ਜਾਇਦਾਦ ਵਿਚੋਂ ਆਪਣਾ ਹਿੱਸਾ ਲੈਣ ਲਈ ਜਤਾਇਆ ਸੀ। ਬਲੱਡ ਪ੍ਰੈਸ਼ਰ ਤੇ ਸ਼ੂਗਰ ਦੇ ਮਰੀਜ਼ "ਮੇਲੇ" ਦਾ ਬਲੱਡ ਹਾਈ ਹੋ ਗਿਆ ਸੀ। ਚਿੰਤਾ ਵਿਚ ਡੁੱਬਿਆ "ਮੇਲਾ" ਹੱਥੀਂ ਲਾਏ ਪੇੜ੍ਹ ਦੀ ਛਾਂ ਤੋਂ ਸੱਖਣਾ ਹੋ ਗਿਆ ਸੀ। ਇੱਕ ਕਾਲੀ ਰਾਤ ਆਈ ਦਿਨ ਚੜ੍ਹਣ ਤੋਂ ਪਹਿਲਾਂ ਹੀ "ਮੇਲੇ" ਨੂੰ ਆਪਣੇ ਨਾਲ ਲੈ ਗਈ। "ਮਿੰਦੋਂ" ਉਸ ਦੇ ਜਾਣ ਤੋਂ ਬਾਅਦ ਫ਼ਿਕਰਾਂ ਵਿਚ ਪੈ ਕੇ ਡਿਪਰੈਸ਼ਨ ਵਿਚ ਚਲੀ ਗਈ। ਉਹ ਪਾਗ਼ਲਾਂ ਵਾਂਗ ਗੱਲਾਂ ਕਰਨ ਲੱਗ ਪਈ ਸੀ। ਡਾਕਟਰ ਦੇ ਕਹਿਣ 'ਤੇ ਉਸ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ। "ਮਿੰਦੋ" ਜਾਇਦਾਦ ਵਾਲੀ ਵੰਡ ਦਾ ਦੁੱਖ ਦਿਲ ਨੂੰ ਲਾ ਬੈਠੀ ਸੀ। ਅਦਾਲਤ ਨੇ "ਮਿੰਦੋਂ" ਦੇ ਡਿਪਰੈਸ਼ਨ ਤੋਂ ਬਾਹਰ ਆਉਣ ਤੱਕ ਫੈਸਲਾ ਰਾਖਵਾਂ ਰੱਖ ਲਿਆ। "ਮੇਲੇ" ਤੇ "ਮਿੰਦੋਂ" ਦੇ ਨਾਮ ਕਾਗ਼ਜ਼ਾਤ ਹੋਣ ਕਾਰਨ ਘਰ ਅੰਦਰ ਕਿਸੇ ਨੂੰ ਜਾਣ ਦੀ ਇਜਾਜ਼ਤ ਨਹੀਂ ਸੀ। ਅਦਾਲਤ ਵਿਚ ਕੇਸ ਚੱਲਣ ਲੱਗ ਪਿਆ। ਮੁਕੱਦਮੇਬਾਜ਼ੀ ਦੌਰਾਨ ਕਲਾਇੰਟ ਸੁੰਗੜਦੇ ਨੇ ਤੇ ਵਕੀਲ ਮੋਟੇ ਹੋ ਜਾਂਦੇ ਨੇ। ਵਕੀਲਾਂ ਦੀ ਲੁੱਟ ਸ਼ੁਰੂ ਹੋ ਚੁੱਕੀ ਸੀ। ਘਰ ਦੇ ਮਾਲਕ ਬੇਘਰ ਹੋਏ ਫਿਰਦੇ ਸਨ। ਕਈ ਦਿਨਾਂ ਤੋਂ ਬੇਹੋਸ਼ ਪਈ "ਮਿੰਦੋਂ" ਨੇ ਅੱਜ ਆਖਰੀ ਸਾਹ ਲਏ ਤੇ ਉਹ ਵੀ "ਮੇਲੇ" ਦੀ ਆਤਮਾ ਨਾਲ ਲੀਨ ਹੋ ਗਈ। ਘਰ ਤੇ ਰੈਸਟੋਰੈਂਟ ਨੂੰ ਤਾਲੇ ਲੱਗ ਚੁੱਕੇ ਸਨ। ਬੰਦ ਪਏ ਦਰਵਾਜ਼ਿਆਂ ਨੂੰ ਵੇਖ ਕੇ ਅਰਸ਼ਾਂ ਵਿਚੋਂ ਦੋਵਾਂ ਦੀ ਆਤਮਾ ਲਾਹਨਤਾਂ ਪਾ ਰਹੀ ਸੀ। ਲੋਕੀਂ ਕਹਿੰਦੇ ਨੇ ਚੰਗੇ ਨਾਲ ਹਰ ਕੋਈ ਚੰਗਾ ਹੁੰਦਾ, ਪਰ ਇਹ ਕਹਾਵਤ ਝੂਠੀ ਸਾਬਤ ਹੋ ਰਹੀ ਸੀ।

# ਸੁਪਨੇ 'ਚ ਤਾੜੀਆਂ

## ਕੰਡੇ ਦਾ ਕੰਡਾ



-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ
ਨੇੜੇ ਨੈਸ਼ਲੇ ਮੋਗਾ
98557-35666
(Punjab Mail USA)



ਅੱਜ ਸਵੇਰੇ-ਸਵੇਰੇ ਸੈਰ ਕਰਨ ਗਏ ਨੂੰ ਮੈਨੂੰ ਇੱਕ ਡੀ.ਵੀ.ਡੀ. ਲੱਭੀ। ਮੈਂ ਉਹ ਘਰ ਆ ਕੇ ਟੀ.ਵੀ. 'ਤੇ ਵੇਖਣ ਲਈ ਡੀ.ਵੀ.ਡੀ. ਨੂੰ ਚਲਾਇਆ ਤਾਂ ਇਹ ਇੱਕ ਫਿਲਮ ਸੀ। ਜਿਹੜੀ ਅੰਗਰੇਜ਼ੀ ਵਿਚ ਸੀ। ਮੈਂ ਤੁਹਾਨੂੰ ਉਸ ਫਿਲਮ ਦੀ ਕਹਾਣੀ ਪੰਜਾਬੀ 'ਚ ਦੱਸਦਾਂ ਹਾਂ। ਬਹੁਤ ਪੁਰਾਣੀ ਗੱਲ ਹੈ ਕਿ ਭਾਰਤ ਨਾਂ ਦੇ ਦੇਸ਼ ਚ ਇੱਕ ਰੰਗਲਾ ਸੂਬਾ ਹੁੰਦਾ ਸੀ। ਜਿਸ ਨੂੰ ਪੰਜਾਂ ਦਰਿਆਵਾਂ ਤੇ ਖੁਸ਼ਹਾਲੀਆਂ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਹ ਰੰਗਲਾ ਗੁਰੂਆਂ, ਪੀਰਾਂ, ਅਣਖੀ ਯੋਧੇ, ਸੂਰਮਿਆਂ, ਸ਼ਹੀਦਾਂ ਤੇ ਦਲੇਰੀ 'ਚ ਬਹੁਤ ਮਸ਼ਹੂਰ ਸੀ। ਇੱਥੋਂ ਦੇ ਗੱਭਰੂ, ਮੁਟਿਆਰਾਂ ਬਹੁਤ ਸੋਹਣੇ-ਸੁਨੱਖੇ, ਚੇਹਰਿਆਂ 'ਤੇ ਲਾਲੀਆਂ, ਹੱਸਦੇ, ਟੱਪਦੇ, ਨੱਚਦੇ, ਗਿੱਧੇ-ਭੰਗੜੇ, ਢੋਲ-ਢੁੱਮਕਿਆਂ, ਕਬੱਡੀ, ਖੋ-ਖੋ, ਬਾਂਦਰ ਕਿੱਲਾ, ਭਲਵਾਨੀ, ਕੁਸ਼ਤੀਆਂ, ਦੁੱਧ-ਦਹੀਂ, ਲੱਸੀਆਂ, ਸਰ੍ਹੋਂ ਦਾ ਸਾਗ ਮੱਕੀ ਦੀ ਰੋਟੀ, ਮਨ ਸਾਫ, ਪਵਿੱਤਰ ਰਿਸ਼ਤੇ, ਇੱਥੋਂ ਦੇ ਸੱਭਿਆਚਾਰ ਕਰਕੇ ਰੰਗਲਾ ਸਾਰੇ ਦੇਸ਼ਾਂ-ਵਿਦੇਸ਼ਾਂ 'ਚ ਮਸ਼ਹੂਰ ਸੀ। ਬੱਸ ਲੋਕ ਆਪਣੇ ਆਪ 'ਚ ਮਸਤ ਰਹਿੰਦੇ। ਦਸਾਂ-ਨੌਹਾਂ ਦੀ ਕਿਰਤ ਕਰਦੇ। ਪੰਜਾਬੀ ਹੋਣ 'ਤੇ ਮਾਣ ਮਹਿਸੂਸ ਕਰਦੇ। ਦੂਜਿਆਂ ਸੂਬਿਆਂ ਵਾਲੇ ਵੀ ਰੰਗਲੇ ਨੂੰ ਬਹੁਤ ਪਿਆਰ ਕਰਦੇ। ਪਰ ਕਹਿੰਦੇ ਨੇ ਇਹ ਗੱਲ ਕੁੱਝ ਸਿਆਸਤਦਾਨਾਂ ਨੂੰ ਚੰਗੀ ਨਹੀਂ ਲੱਗੀ। ਰੰਗਲਾ ਉਨ੍ਹਾਂ ਦੀ ਅੱਖ 'ਚ ਰੜਕਣ ਲੱਗਾ। ਇਸ ਤੋਂ ਪਹਿਲਾਂ ਕੁੱਛ ਸੋਚਦੇ, ਉਨ੍ਹਾਂ ਨੇ ਰੰਗਲੇ ਨੂੰ ਨਜ਼ਰ ਲਾਅ ਦਿੱਤੀ ਤੇ ਫਿੱਕਾ ਕਰ ਦਿੱਤਾ। ਸਿਆਸਤ ਤਾਂ ਸਿਆਸਤ ਹੈ। ਉਹਦਾ ਕੋਈ ਦੀਨ ਧਰਮ ਨਹੀਂ ਹੁੰਦਾ। ਸਿਆਸਤ ਦੀ ਕੋਈ ਜਾਤ ਨਹੀਂ ਹੁੰਦੀ। ਸਿਆਸਤ ਨੇ ਆਪਣੀ ਸ਼ੱਤਰੰਜ ਦੀ ਚਾਲ ਚੱਲੀ। ਘਰੇ ਹੀ ਚੋਰੀ ਕੀਤੀ। ਕਾਮਯਾਬੀ ਮਿਲੀ। ਸਿਆਸਤ ਨੇ ਰੰਗਲੇ ਨੂੰ ਨਸ਼ੇ ਦੇ ਰੰਗਾਂ 'ਚ ਰੰਗ ਦਿੱਤਾ। ਕਾਹਦੀ ਖਾਤਿਰ ਪੈਸੇ ਖਾਤਿਰ। ਹੁਣ ਰੰਗਲਾ ਨਸ਼ੇ 'ਚ ਰੰਗਿਆ ਰਹਿੰਦਾ ਤੇ ਸਿਆਸਤ ਕਰੋੜਾਂ, ਅਰਬਾਂ, ਖਰਬਾਂ, ਜ਼ਰਬਾਂ ਕਰ-ਕਰ ਕੇ ਕਮਾਈ ਕਰ ਰਹੀ ਸੀ। ਸਿਆਸਤ ਨੇ ਆਪਣੇ ਵਲੋਂ ਰੰਗਲੇ ਨੂੰ ਵੇਚ ਦਿੱਤਾ। ਪਰ ਸਿਆਸਤ ਨੂੰ ਅਸਲ ਗੱਲ ਦਾ ਪਤਾ ਨਹੀਂ ਚਲਿਆ, ਜਾਣੇ-ਅਨਜਾਨੇ 'ਚ ਕੁੱਝ ਗੱਭਰੂ ਮੁਟਿਆਰਾਂ ਦੇਸ਼ਾਂ-ਵਿਦੇਸਾਂ 'ਚ ਨਿਕਲ ਗਏ ਸੀ। ਉਹ ਫਿੱਕੇ ਹੋਣੋਂ ਬੱਚ ਗਏ। ਰੰਗਲੇ ਨੂੰ ਨਸ਼ੇ 'ਚ ਪੂਰੀ ਤਰ੍ਹਾਂ ਰੰਗਣ 'ਚ ਸਿਆਸਤ ਫੇਲ ਹੋ ਗਈ। ਕਈ ਹੋਰ ਵੀ ਬੱਚ ਗਏ। ਕਿਸੇ ਵੀ ਚੀਜ਼ ਦਾ ਪੂਰੀ ਤਰ੍ਹਾਂ ਖਾਤਮਾ ਨਹੀਂ ਹੋ ਸਕਦਾ। ਇਹ ਸਿਆਸਤ ਵੀ ਜਾਣਦੀ ਹੈ। ਸਿਆਸਤ ਦੇ ਰੰਗ 'ਚ ਜਿਹੜੇ ਨਹੀਂ ਰੰਗੇ ਗਏ ਜਾਂ ਰਹਿ ਗਏ, ਹੁਣ ਸਿਆਸਤ ਨੇ ਉਨ੍ਹਾਂ ਵਿਚੋਂ ਕਈਆਂ ਨੂੰ ਅਹੁਦਾ ਦੇ ਕੇ ਆਪਣੇ ਰੰਗ 'ਚ ਰੰਗ ਲਿਆ। ਹੋਰ ਜਿਹੜੇ ਬਚੇ ਹੋਏ ਨੇ ਉਨ੍ਹਾਂ ਨੂੰ ਰੰਗ 'ਚ ਰੰਗਨ ਲਈ ਕੋਸ਼ਿਸ਼ਾਂ ਜਾਰੀ ਨੇ। ਜੋ ਕਿਸੇ ਲਈ ਖੂਹ ਪੁੱਟਦਾ ਹੈ, ਅਸਲ 'ਚ ਉਹ ਆਪਣੇ ਲਈ, ਆਪਣੇ ਪਰਿਵਾਰ ਲਈ, ਆਪਣੇ ਭਾਈਚਾਰੇ ਲਈ, ਆਪਣੀ ਕੌਮ ਲਈ ਖੂਹ ਪੁੱਟਦਾ ਹੈ। ਫਿਲਮ ਦੇ ਆਖਿਰ 'ਚ ਇੱਕ ਸੈਲਾਬ ਵਿਖਾਇਆ ਗਿਆ ਹੈ, ਜੋ ਕਿਸੇ ਸੁਨਾਮੀ ਵਾਂਗ ਆਉਂਦਾ ਹੈ, ਸਾਰੀ ਗੰਦੀ ਸਿਆਸਤ ਨੂੰ ਰੋੜ ਕੇ ਹਮੇਸ਼ਾਂ-ਹਮੇਸ਼ਾਂ ਲਈ ਲੈ ਜਾਂਦਾ ਹੈ। ਮੈਂ ਤਾੜੀਆਂ ਮਾਰਦਾਂ ਹਾਂ। ਮੈਨੂੰ ਮੇਰੀ ਘਰਵਾਲੀ ਕਹਿ ਰਹੀ ਹੈ "ਉੱਠੋ ਸਵੇਰ ਹੋ ਗਈ, ਕੀ ਸਵੇਰੇ-ਸਵੇਰੇ ਸੁਪਨੇ 'ਚ ਤਾੜੀਆਂ ਮਾਰੀ ਜਾਂਦੇ ਹੋ"॥ਮੈਂ ਨਹਾ ਕੇ ਦਫ਼ਤਰ ਜਾਣ ਲਈ ਤਿਆਰ ਹੋ ਜਾਂਦਾ ਹਾਂ। ਅੱਜ ਮੇਰੇ 'ਚ ਵੱਖਰੀ ਤਰ੍ਹਾਂ ਦੀ ਫੁਰਤੀ ਤੇ ਖੁਸ਼ੀ ਹੈ, ਜੋ ਬਿਆਨ ਨਹੀਂ ਕੀਤੀ ਜਾ ਸਕਦੀ, ਬੱਸ ਕੁੱਛ ਚੰਗਾ ਹੋਣ ਦੀ ਆਸ ਹੈ ।

# ਕੁਰੀਤੀਆਂ ਅਤੇ ਅਸਹਿਣਸ਼ੀਲਤਾ ਵੱਲ ਵੱਧ ਰਿਹਾ ਹੈ ਸਾਡਾ ਸਮਾਜ

-ਡਾ. ਅਮਨਪ੍ਰੀਤ ਸਿੰਘ ਬਰਾੜ
96537-90000
(Punjab Mail USA)



ਅੱਜ ਹਰ ਕੋਈ ਸਮਾਜ ਵਿਚ ਵੱਧ ਰਹੀਆਂ ਕੁਰੀਤੀਆਂ ਤੋਂ ਚਿੰਤਤ ਹੈ। ਹਰ ਸਮਾਜ ਵਿਚ ਕੁਝ ਮਾੜੇ ਅਨਸਰ ਹੁੰਦੇ ਹਨ ਪਰ ਇਨ੍ਹਾਂ ਮਾੜੇ ਅਨਸਰਾਂ ਦੀ ਗਿਣਤੀ ਵਿਚ ਪਿਛਲੇ ਕੁਝ ਸਾਲਾਂ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ ਅਤੇ ਅੱਜ ਵੀ ਹੋ ਰਿਹਾ ਹੈ। ਛੋਟੀਆਂ-ਛੋਟੀਆਂ ਲੁੱਟਾਂ-ਖੋਹਾਂ, ਚੈਨੀ ਖੋਹਣ, ਪਰਸ, ਮੋਬਾਇਲ ਅਤੇ ਨਕਦੀ ਖੋਹਣ ਆਮ ਜਿਹੀ ਗੱਲ ਹੋ ਗਈ। ਇਥੋਂ ਤੱਕ ਕਿ ਮਿਹਨਤ ਮਜ਼ਦੂਰੀ ਕਰਨ ਵਾਲੇ ਲੋਕਾਂ ਨੂੰ ਵੀ ਬਖਸ਼ਿਆ ਨਹੀਂ ਜਾਂਦਾ। ਗਲੀਆਂ, ਮੁਹੱਲਿਆਂ ਵਿਚ ਪਾਰਕਿੰਗ ਪਿੱਛੇ ਅਤੇ ਕੁੱਤਿਆਂ ਨੂੰ ਗੁਆਂਢੀਆਂ ਦੇ ਘਰਾਂ ਮੂਹਰੇ ਟੱਟੀ ਕਰਵਾਉਣ 'ਤੇ ਲੜਾਈ, ਸੜਕ 'ਤੇ ਗੱਡੀ ਚਲਾਉਂਦਿਆਂ ਰਸਤਾ ਨਾ ਦੇਣ 'ਤੇ ਅਤੇ ਕਾਰ ਨਾਲ ਸਕੂਟਰ/ ਮੋਟਰ ਸਾਈਕਲ ਨਾਲ ਲੱਗਣ 'ਤੇ ਲੜਾਈ-ਝਗੜਾ ਜਿਹੜਾ ਕਈ ਵਾਰ ਮਰਨ ਮਾਰਨ ਤੱਕ ਪਹੁੰਚ ਜਾਂਦਾ ਹੈ। ਇਹ ਗੱਲ ਰਹੀਂ ਘਰੋਂ ਬਾਹਰ ਦੀ, ਘਰ ਦੇ ਅੰਦਰ, ਭਰਾ-ਭਰਾ, ਪਿਓ ਪੁੱਤ, ਪਤੀ-ਪਤਨੀ, ਮਾਂ-ਪਿਓ, ਆਪਣੇ ਮਾਸੂਮ ਬੱਚਿਆਂ ਨੂੰ ਵੀ ਮਾਰਨ ਤੋਂ ਗੁਰੇਜ਼ ਨਹੀਂ ਕਰਦੇ, ਆਤਮ-ਹੱਤਿਆ ਤਾਂ ਆਮ ਜਿਹੀ ਗੱਲ ਹੋ ਗਈ। ਉਸ ਵਿਚ ਅਮੀਰ-ਗਰੀਬ ਅਤੇ ਉਮਰ ਦੇ ਲਿਹਾਜ਼ ਨਾਲ ਵੀ ਹਰ ਵਰਗ ਆਉਂਦਾ ਹੈ। ਇਥੋਂ ਤੱਕ ਕਿ ਪੁਲਿਸ ਜਿਨ੍ਹਾਂ ਨੇ ਜੁਰਮ ਰੋਕਣਾ ਹੈ, ਉਨ੍ਹਾਂ ਦਾ ਵੀ ਬਰਾਬਰ ਦਾ ਹਿੱਸਾ ਹੈ। ਭਾਵੇਂ ਕਿ ਮਨੋਬਲ ਦੇ ਲਿਹਾਜ਼ ਨਾਲ ਉਹ ਆਮ ਲੋਕਾਂ ਤੋਂ ਉੱਪਰ ਹੋਣੇ ਚਾਹੀਦੇ ਹਨ। ਇਸ ਸਾਰੇ ਦਾ ਮਤਲਬ ਇਕੋ ਹੀ ਹੈ ਕਿ ਲੋਕਾਂ ਵਿਚ ਸਹਿਣਸ਼ੀਲਤਾ ਬਹੁਤ ਘੱਟ ਗਈ ਜਾਂ ਇਹ ਕਹਿ ਲਵੋ, ਜਦੋਂ ਤੁਹਾਡੀਆਂ ਖਾਹਿਸ਼ਾਂ ਅਤੇ ਆਮਦਨ ਦੇ ਸਰੋਤਾਂ ਦਾ ਆਪਸ ਵਿਚ ਤਾਲਮੇਲ ਨਾ ਬੈਠੇ, ਤਾਂ ਮਾਯੂਸੀ ਅਤੇ ਲੜਾਈ ਨਿਕਲਦੀ ਹੈ। ਮਾਯੂਸੀ ਵੱਧ ਕੇ ਡਿਪਰੈਸ਼ਨ ਅਤੇ ਪਾਗਲਪਨ ਨੂੰ ਜਨਮ ਦਿੰਦੀ ਹੈ, ਉਸ ਵਿਚੋਂ ਕਤਲ ਅਤੇ ਆਤਮ-ਹੱਤਿਆ ਜਨਮ ਲੈਂਦੇ ਹਨ।

**ਬਰਾਬਰੀ ਦੇ ਹੱਕ:-** 1980-90 ਦੇ ਦਹਾਕੇ ਵਿਚ ਔਰਤਾਂ ਦੇ ਸ਼ੋਸ਼ਣ ਨੂੰ ਲੈ ਕੇ ਬੜੀ ਵੱਡੀ ਮੁਹਿੰਮ ਚੱਲੀ, ਜਿਸ ਤਹਿਤ ਬਰਾਬਰੀ ਦੇ ਹੱਕ ਦੇਣ ਦੀ ਗੱਲ ਤੁਰੀ। ਇਸ ਵਿਚ ਕੋਈ ਦੋ ਰਾਏ ਨਹੀਂ ਕਿ ਉਸ ਸਮੇਂ ਇਹ ਬਹੁਤ ਵੱਡੀ ਸਮੱਸਿਆ ਸੀ। ਇਸ ਤਹਿਤ ਕਾਨੂੰਨ ਬਦਲੇ ਗਏ, ਜਿਸ ਵਿਚ ਮੁੱਖ ਕਾਨੂੰਨ 498-ਏ ਲਿਆਂਦਾ ਗਿਆ ਘਰੇਲੂ ਹਿੰਸਾ ਦਾ। ਪਰ ਇਸ ਨੇ ਸਮਾਜ ਦੇ ਜਿਸ ਹਿੱਸੇ 'ਤੇ ਅਸਰ ਕੀਤਾ, ਉਸ ਨੂੰ ਮੱਧ ਵਰਗ ਕਹਿੰਦੇ ਹਨ। ਇਹ ਮੈਂ ਇਸ ਲਈ ਕਹਿ ਰਿਹਾ ਹਾਂ ਕਿਉਂਕਿ ਅਮੀਰ ਇਸ ਤਰ੍ਹਾਂ ਦੇ ਕੰਮ ਵਿਚ ਪੈਂਦੇ ਹੀ ਨਹੀਂ, ਕੋਈ ਕਿਤੇ ਤੁਰਿਆ ਫਿਰੇ, ਉਹ ਪਰਵਾਹ ਨਹੀਂ ਕਰਦੇ। ਜੇ ਨਹੀਂ ਬਣੀ, ਤਾਂ ਚੁੱਪ ਕਰਕੇ 13-ਬੀ ਤਹਿਤ ਲੈਣ-ਦੇਣ ਕਰਕੇ ਤਲਾਕ ਲੈ ਲੈਂਦੇ ਹਨ। ਗਰੀਬ ਔਰਤਾਂ ਦੇ ਹਾਲਾਤ ਅੱਜ ਵੀ ਉਹੀ ਹਨ। ਉਥੇ ਕੁੱਟਮਾਰ ਆਮ ਹੈ। ਪਰ ਅੱਜ ਮੱਧ ਵਰਗ ਵਿਚ ਇਕ ਵੱਡੀ ਸਮੱਸਿਆ ਖੜ੍ਹੀ ਹੁੰਦੀ ਜਾ ਰਹੀ ਹੈ, ਜਿਥੇ ਇਕ ਤਾਂ ਜੇ ਨਹੀਂ ਬਣੀ, ਤਾਂ ਸਭ ਤੋਂ ਪਹਿਲਾ ਹਥਿਆਰ ਹੈ 498-ਏ ਵਿਚ ਮੁੰਡੇ ਤੇ ਉਸਦੇ ਪਰਿਵਾਰ ਨੂੰ ਅੰਦਰ ਕਰਵਾ ਦਿਓ, ਤਾਂ ਕਿ ਸੌਦੇ ਦੀ ਰਕਮ ਵੱਡੀ ਹੋ ਜਾਵੇ। ਕਚਿਹਰੀ ਵਿਚ ਕੇਸ ਦਾਖਲ ਕਰਵਾ ਦਿਓ, ਜਿਨ੍ਹਾਂ ਵਿਚ ਮੁੰਡਾ ਉਲਝ ਗਿਆ, ਆਮਦਨ ਬੰਦ ਪਰ ਕੋਰਟ ਰਾਹੀਂ ਖਰਚਾ ਬਨਵਾ ਲਿਆ ਜਾਂਦਾ ਹੈ। ਲੈ ਦੇ ਕੇ ਆਖੀਰ ਪੈਸਿਆਂ ਦੀ ਸੈਟਲਮੈਂਟ 'ਤੇ ਤਲਾਕ ਹੁੰਦਾ ਹੈ। ਕਾਫੀ 498-ਏ ਦੇ ਕੇਸ ਸਾਲਾਂ ਬਾਅਦ ਝੂਠੇ ਪਾਏ ਜਾਂਦੇ ਹਨ। ਜਦ ਤੱਕ ਇੰਨਸਾਫ ਮਿਲਦਾ ਹੈ, ਉਦੋਂ ਤੱਕ ਇੰਨਸਾਫ ਲੈਣ ਵਾਲੇ ਦਾ ਕੈਰੀਅਰ ਖਰਾਬ ਹੋ ਜਾਂਦਾ ਹੈ ਅਤੇ ਸਮਾਜ ਵਿਚ ਬਦਨਾਮੀ ਅਲੱਗ। ਉਮਰ ਢੱਲਣ ਲੱਗਦੀ ਹੈ ਪਰ ਕਿਤੇ ਨਾ ਕਿਤੇ ਬਦਲੇ ਦੀ ਅੱਗ ਮਾਨਸਿਕ ਸੰਤੁਲਨ ਵੀ ਵਿਗਾੜਦੀ ਹੈ, ਜਿਸ ਨੂੰ ਬਹੁਤ ਸਮਝਦਾਰ ਵਿਅਕਤੀ ਹੀ ਸੰਭਾਲ ਸਕਦਾ ਹੈ। ਪਰ ਅੱਜ ਹਾਲਾਤ ਹੋਰ ਵਿਗੜਦੇ ਨਜ਼ਰ ਆ ਰਹੇ ਹਨ। ਪਿਛਲੇ ਕੁੱਝ ਮਹੀਨਿਆਂ ਦੀਆਂ ਘਟਨਾਵਾਂ ਦਾ ਜ਼ਿਕਰ ਕਰੀਏ, ਤਾਂ ਕੁਝ ਨੌਜਵਾਨਾਂ ਦੇ ਕਤਲ ਹੋਏ, ਜਿਨ੍ਹਾਂ ਨੂੰ ਲੁੱਟ ਜਾਂ ਆਪਸੀ ਰੰਜਿਸ਼ ਦਾ ਨਾਮ ਦੇਣ ਦੀ ਕੋਸ਼ਿਸ਼ ਕੀਤੀ ਗਈ, ਜਿਵੇਂ ਵਿਦੇਸ਼ੋਂ ਆਏ ਨੌਜਵਾਨ ਦਾ ਦਰਬਾਰ ਸਾਹਿਬ ਜਾਂਦੇ ਦਾ ਕਤਲ, ਇਸੇ ਤਰ੍ਹਾਂ ਪਟਿਆਲਾ ਵਿਚ ਕਤਲ, ਇਹੋ ਜਿਹੇ ਕਈ ਕੇਸ ਹਨ। ਪਰ ਜਦੋਂ ਪੁਲਿਸ ਦੀ ਤਫ਼ਤੀਸ਼ ਹੋਈ, ਤਾਂ ਪਤਾ ਲੱਗਦਾ ਹੈ ਕਿ ਇਹ ਕਤਲ ਉਨ੍ਹਾਂ ਦੀਆਂ ਘਰਵਾਲੀਆਂ ਨੇ ਹੀ, ਆਪਣੇ ਪ੍ਰੇਮੀਆਂ ਨਾਲ ਮਿਲਕੇ ਕਰਵਾਏ ਹਨ। ਇਹ ਸਮਾਜ ਦਾ ਨਿਘਾਰ ਨਹੀਂ ਤਾਂ ਹੋਰ ਕੀ ਹੈ।

ਕੀ ਸਮਾਜ ਵਿਚ ਵਿਆਹ ਦੇ ਬੰਧਨ ਨੂੰ ਅਪਵਿੱਤਰ ਕਰਕੇ ਖਤਮ ਨਹੀਂ ਕੀਤਾ ਜਾ ਰਿਹਾ? ਦੋ ਲੋਕ ਜੁੜਦੇ ਹਨ ਸਾਰੀ ਜ਼ਿੰਦਗੀ ਸਾਥ ਨਿਭਾਉਣ ਲਈ, ਪਰ ਜਦੋਂ ਇਸ ਰਿਸ਼ਤੇ ਦੀ ਪਵਿੱਤਰਤਾ ਹੀ ਭੰਗ ਹੋ ਜਾਵੇ, ਤਾਂ ਵਿਸ਼ਵਾਸ ਕਿਸ 'ਤੇ ਕਰੇ ਕੋਈ। ਇਥੋਂ ਤੱਕ ਕਿ ਬੱਚਿਆਂ ਦਾ ਭਵਿੱਖ ਵੀ ਤਬਾਹ ਕਰ ਜਾਂਦੇ ਹਨ। ਅੱਜ ਕਿਤੇ ਚਲੇ ਜਾਓ, ਜੇ ਕਿਤੇ ਤਕਰਾਰ ਮਹਿਲਾ ਅਤੇ ਆਦਮੀ ਵਿਚਕਾਰ ਹੈ, ਤਾਂ ਆਦਮੀ ਦੀ ਸੁਣਵਾਈ ਹੋਣੀ ਹੀ ਬਹੁਤ ਮੁਸ਼ਕਿਲ ਹੈ। ਕਈ ਵਾਰ ਕੋਈ ਹੋਰ ਰੰਜਿਸ਼ ਕੱਢਣ ਲਈ ਬਲਾਤਕਾਰ ਦੇ ਝੂਠੇ ਕੇਸ ਪਾਏ ਜਾਂਦੇ ਹਨ, ਬਾਅਦ ਵਿਚ ਕੇਸ ਵਾਪਸ ਲਏ ਜਾਂਦੇ ਹਨ ਪਰ ਝੂਠ ਦੀ ਸਜ਼ਾ ਕਿਸੇ ਨੂੰ ਨਹੀਂ। ਕਈ ਵਾਰੀ ਤਾਂ ਇੰਝ ਲੱਗਦਾ ਹੈ ਜਿਵੇਂ ਮਰਦ ਹੋਣਾ ਹੀ ਗੁਨਾਹ ਹੈ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਔਰਤ ਹੀ ਔਰਤ ਦੀ ਵੈਰੀ ਹੁੰਦੀ ਹੈ। ਪਰ ਅੱਜ ਦੇ ਸਮਾਜ ਵਿਚ ਤਾਂ ਬੰਦਾ ਹੀ ਬੰਦੇ ਦਾ ਵੈਰੀ ਹੈ।

**ਦਹੇਜ ਦੀ ਪ੍ਰਥਾ:-** ਦਹੇਜ ਦੀ ਪ੍ਰਥਾ ਬੰਦ ਤਾਂ ਕੀ ਹੋਣੀ ਸੀ, ਸਗੋਂ ਹੁਣ ਲੜਕੀਆਂ ਵੀ ਵਿਆਹ ਕਰਾਉਣ ਲਈ ਪੈਸੇ ਲੈਣ ਲੱਗ ਪਈਆਂ ਹਨ। ਹੁੰਦਾ ਕੀ ਜਦੋਂ ਕਿਸੇ ਲੜਕੀ ਦੀ ਸਹੁਰੇ ਘਰ ਮੌਤ ਹੁੰਦੀ ਹੈ, ਤਾਂ ਦਹੇਜ ਦੀ ਗੱਲ ਸਾਹਮਣੇ ਆਉਂਦੀ ਹੈ। ਉਧਰ ਬਾਹਰ ਜਾਣ ਵਾਲੇ ਚਾਹਵਾਨਾਂ ਦਾ ਸੁਪਨਾ ਉਦੋਂ ਟੁੱਟਦਾ ਹੈ, ਜਦੋਂ ਲੱਖਾਂ ਖਰਚ ਕੇ ਵੀ ਲੜਕੀ ਲੜਕੇ ਨੂੰ ਬਾਹਰ ਨਹੀਂ ਸੱਦਦੀ ਜਾਂ ਲੜਕਾ ਲੜਕੀ ਨੂੰ ਬਾਹਰ ਲੈ ਕੇ ਨਹੀਂ ਜਾਂਦਾ। ਸਿੱਧੀ ਗੱਲ ਅੱਜ ਰਿਸ਼ਤਿਆਂ ਦੀ ਪਵਿੱਤਰਤਾ ਪੈਸੇ ਦੀ ਭੇਂਟ ਚੜ੍ਹ ਗਈ ਹੈ। ਇਸ ਲਈ ਅਸੀਂ ਆਪ ਜ਼ਿੰਮੇਵਾਰ ਹਾਂ। ਕਿਉਂ ਨਹੀਂ ਸਾਦੇ ਵਿਆਹ ਹੁੰਦੇ, ਜਿਹੜੀ ਧਿਰ ਵੀ ਪੈਸੇ ਮੰਗੇ, ਉਸਨੂੰ ਕੋਰੀ ਨਾਂਹ ਕਰੋ, ਚਾਹੇ ਮੁੰਡੇ ਵਾਲਾ ਹੋਵੇ ਜਾਂ ਕੁੜੀ ਵਾਲਾ। ਪਹਿਲਾਂ ਕਰਜ਼ੇ ਚੜ੍ਹਾ ਕੇ ਵਿਆਹ, ਫੇਰ ਜਾਂ ਦਹੇਜ ਦੀ ਬਲੀ ਜਾਂ ਆਤਮ-ਹੱਤਿਆ। ਵਿਸ਼ਵਾਸ ਕਿਸ 'ਤੇ ਅਤੇ ਕਿਵੇਂ ਕੀਤਾ ਜਾਵੇ, ਅੱਜ ਵੱਡਾ ਸਵਾਲ ਇਹ ਖੜ੍ਹਾ ਹੋ ਗਿਆ ਹੈ। ਹਾਲਾਤ ਇਹ ਹਨ ਕਿ ਅੱਜ ਵਿਆਹ ਤੋਂ ਲੜਕੇ-ਲੜਕੀਆਂ ਡਰਨ ਲੱਗ ਪਏ ਹਨ ਅਤੇ ਲਿਵ-ਇਨ ਰਿਲੇਸ਼ਨ ਦਾ ਰਾਹ ਲੱਭਿਆ, ਉਸ ਵਿਚ ਉਸ ਤੋਂ ਵੱਡੇ ਧੋਖੇ ਦਾ ਸ਼ਿਕਾਰ ਹੋ ਜਾਂਦੇ ਹਨ।

**ਹਰ ਪਾਸੇ ਮਾਂ-ਬੋਲੀ ਤੇ ਸੱਭਿਆਚਾਰ ਨੂੰ ਲੈ ਕੇ ਚਿੰਤਾ:-** ਕਿਸੇ ਪਾਸੇ ਦੇਖੋ ਜਿਸਦੀ ਜੇਬ ਵਿਚ ਪੈਸੇ ਹਨ ਅਤੇ ਉਸਨੂੰ ਰੋਟੀ-ਰੋਜ਼ਗਾਰ ਦੀ ਚਿੰਤਾ ਨਹੀਂ, ਉਹ ਇਸ ਚਿੰਤਾ ਵਿਚ ਹੈ ਕਿ ਸਾਡੀ ਮਾਂ-ਬੋਲੀ ਤੇ ਸੱਭਿਆਚਾਰ ਖਤਮ ਹੋ ਰਿਹਾ ਹੈ ਅਤੇ ਪ੍ਰਦੂਸ਼ਨ ਵੱਧ ਰਿਹਾ ਹੈ। ਜਿੰਨੇ ਵੱਡੇ ਲੋਕ, ਓਨੀਆਂ ਇਹੋ ਜਿਹੀਆਂ ਸਲਾਹਾਂ। ਇਹ ਗੱਲਾਂ ਜ਼ਿਆਦਾ ਲੀਡਰਾਂ, ਉੱਚ ਕੋਟੀ ਦੇ ਵਿਦਵਾਨਾਂ, ਕਾਰਪੋਰੇਟ ਦੇ ਮਾਲਕਾਂ ਜਾਂ ਹੋਰ ਸੰਸਥਾ ਚਲਾਉਂਦੇ ਸੱਜਣਾਂ ਵਲੋਂ ਆਉਂਦੀਆਂ ਹਨ। ਜਿਹੜੇ ਸੱਭਿਆਚਾਰ ਦੀ ਦੁਹਾਈ ਦਿੰਦੇ ਹਨ, ਉਨ੍ਹਾਂ ਦੀਆਂ ਸੰਸਥਾਵਾਂ ਵਿਚ ਪੱਛਮੀ ਪਹਿਰਾਵਾ ਲਾਜ਼ਮੀ ਹੈ ਅਤੇ ਰਾਤ ਦੀਆਂ ਪਾਰਟੀਆਂ ਰੱਖੀਆਂ ਜਾਂਦੀਆਂ ਹਨ, ਤਾਂ ਕਿ ਕਾਰਪੋਰੇਟ ਕਲਚਰ ਸਿਖਾਇਆ ਜਾ ਸਕੇ। ਸਾਡੇ ਦੇਸ਼ ਵਿਚ ਕਿਸੇ ਦੀ ਤਰੱਕੀ 'ਤੇ ਰੋਕ ਲਾਉਣੀ ਹੋਵੇ ਤਾਂ ਸਭ ਤੋਂ ਵੱਡਾ ਹਥਿਆਰ ਹੁੰਦਾ ਹੈ, ਉਸਦੇ ਕਰੈਕਟਰ 'ਤੇ ਇਲਜ਼ਾਮ ਲਾਉਣਾ, ਜਦੋਂ ਕੋਈ ਕਿਸੇ ਨਾਲ ਹੱਸ ਕੇ ਬੋਲ ਲਵੇ ਤਾਂ ਲੋਕ ਟੈਗ ਲਾਉਣ ਲੱਗ ਜਾਂਦੇ ਹਨ ਚਾਲ ਚੱਲਣ ਦਾ। ਪਰ ਹੈਰਾਨੀ ਦੀ ਗੱਲ ਇਹ ਹੈ ਕੋਈ ਵੀ ਸੱਭਿਆਚਾਰ ਹਿਤੈਸ਼ੀ, ਜਿਹੜੇ ਸਪਾ ਸੈਂਟਰ ਬੈਂਕਾਕ ਦੀ ਤਰਜ਼ 'ਤੇ ਖੁੱਲ੍ਹ ਰਹੇ ਹਨ, ਉਨ੍ਹਾਂ ਦਾ ਜ਼ਿਕਰ ਨਹੀਂ ਕਰਦਾ। ਕੀ ਕਰਾਸ ਮਸਾਜ (ਮਾਲਸ਼) ਕਰਾਉਣਾ ਦੇਸ਼ ਦੇ ਸੱਭਿਆਚਾਰ ਦੇ ਅਨੁਕੂਲ ਹੈ। ਗੱਲ ਕਰੋ ਤਾਂ ਇਹ ਮਾਸਪੇਸ਼ੀਆਂ ਨੂੰ ਮੁੜ ਸੁਰਜੀਤ ਕਰਨ ਅਤੇ ਸਰੀਰਕ ਥਕਾਨ ਦੂਰ ਕਰਨ ਵਿਚ ਸਹਾਈ ਹੁੰਦੇ ਹਨ। ਪਰ ਪਹਿਲੇ ਜ਼ਮਾਨੇ ਵਿਚ ਇਸ ਲਈ ਮਾਲਸ਼ੀ ਤੇ ਨੈਣਾਂ ਹੁੰਦੀਆਂ ਸਨ। ਗੱਲ ਕੀ ਸਾਡੇ ਦੋਹਰੇ ਮਾਪਦੰਡ ਹਨ।


**ਕਾਰਪੋਰੇਟ ਕਲਚਰ ਨੇ ਖਾ ਲਈ ਰਿਸ਼ਤੇਦਾਰੀ:-** ਕੋਈ ਸਮਾਂ ਸੀ ਘਰ ਛੋਟੇ ਸੀ ਪਰ ਫੇਰ ਵੀ ਘਰ ਵਿਚ ਰਿਸ਼ਤੇਦਾਰ ਆਉਂਦੇ ਸੀ ਅਤੇ ਰਾਤ ਠਹਿਰਦੇ ਸੀ। ਪਰ ਅੱਜ ਹਾਲਾਤ ਇਹ ਹਨ ਕਿ ਘਰ ਵੱਡੇ ਹੋ ਗਏ ਹਨ, ਅੱਜ ਹੇਠਾਂ ਬਿਸਤਰੇ ਲਾਉਣ ਦੀ ਥਾਂ ਵਧੀਆਂ ਗੈਸਟ ਰੂਮ ਬਣ ਗਏ ਹਨ ਪਰ ਇਨ੍ਹਾਂ ਵਿਚ ਠਹਿਰਨ ਵਾਲੇ ਘੱਟ ਗਏ। ਇਸ ਵਿਚ ਕਾਫੀ ਹੱਦ ਤੱਕ ਕਾਰਪੋਰੇਟ ਕਲਚਰ ਜ਼ਿੰਮੇਵਾਰ ਹੈ, ਜਿਸ ਨੇ ਪਹਿਲਾਂ ਗਲੈਮਰ ਅਤੇ ਲਗਜ਼ਰੀ ਦੀ ਲੋਕਾਂ ਨੂੰ ਆਦਤ ਪਾਈ, ਫੇਰ ਬੈਂਕਾਂ ਤੋਂ ਕਰਜ਼ੇ ਦਿਵਾਏ, ਜਿਸ ਦੇ ਫਲਸਰੂਪ ਹੋਇਆ ਇਹ ਕਿ ਲੋਕ ਕਿਸ਼ਤਾਂ ਲਾਉਣ ਲਈ ਨੌਕਰੀ ਦੇ ਖੁਸਣ ਤੋਂ ਡਰਨ ਲੱਗੇ। ਫਿਰ ਇਨ੍ਹਾਂ ਕਾਰਪੋਰੇਟਾਂ ਵਿਚ ਨੌਕਰੀ ਕਰਨ ਵਾਲਿਆਂ ਦੇ ਵਿਚ ਤਨਾਵ ਵੱਧਣ ਲੱਗਾ, ਤਾਂ ਕਾਰਪੋਰੇਟ ਨੇ ਲੋਕਾਂ ਦਾ ਮਨੋਬਲ ਵਧਾਉਣ ਦੇ ਚੱਕਰ ਵਿਚ ਵੱਡੀਆਂ ਗਲੈਮਰ ਪਾਰਟੀਆਂ ਕਰਾਉਣੀਆਂ ਸ਼ੁਰੂ ਕੀਤੀਆਂ ਤੇ ਇਸ ਦਾ ਤਰਕ ਦਿੱਤਾ ਕਿ ਇਸ ਨਾਲ ਨੌਕਰੀ ਕਰ ਰਹੇ ਲੋਕਾਂ ਦਾ ਆਪਸ ਵਿਚ ਇਕ ਦੂਜੇ ਪ੍ਰਤੀ ਵਿਸ਼ਵਾਸ ਵਧੇਗਾ ਅਤੇ ਜੋ ਲੋਕਾਂ ਦੀ ਜ਼ਰੂਰਤ ਇਕ ਦੂਜੇ ਤੋਂ ਹੁੰਦੀ ਹੈ, ਉਹ ਉਥੋਂ ਹੀ ਪੂਰੀ ਹੋਵੇ। ਫੇਰ ਦਫਤਰ ਦੇ ਲੋਕਾਂ ਨੂੰ ਇਕੱਠੇ ਕਰਕੇ ਛੁੱਟੀਆਂ 'ਤੇ ਭੇਜਣ ਦਾ ਕਲਚਰ ਸ਼ੁਰੂ ਕੀਤਾ। ਫਲਸਰੂਪ ਲੋਕੀ ਆਪਣੇ ਰਿਸ਼ਤੇ ਚਾਚੇ, ਮਾਮੇ, ਤਾਏ, ਭਰਾ ਆਦਿ ਭੁੱਲ ਗਏ। ਕਰੋਨਾ ਕਾਲ ਵਿਚ ਇਸ ਦਾ ਅਸਰ ਪ੍ਰਤੱਖ ਹੋਇਆ, ਕਾਫੀ ਲੋਕਾਂ ਨੂੰ ਡਿਪਰੈਸ਼ਨ ਹੋਇਆ, ਕਈਆਂ ਨੇ ਆਤਮ-ਹੱਤਿਆ ਕੀਤੀ। ਕਿਉਂਕਿ ਉਸ ਵੇਲੇ ਫਸਲੀ ਬਟੇਰਿਆਂ ਵਾਲੇ ਰਿਸ਼ਤੇ ਉੱਡ ਗਏ ਤੇ ਰੱਬ ਦੇ ਬਣਾਏ ਰਿਸ਼ਤੇ ਸੰਭਾਲੇ ਹੀ ਨਹੀਂ ਸਨ। ਇਸ ਵਿਚ ਇਕੱਲਾ ਕਾਰਪੋਰੇਟ ਦਾ ਦੋਸ਼ ਨਹੀਂ, ਸਾਡਾ ਵੀ ਲਾਲਚ ਇਨ੍ਹਾਂ ਵੱਧ ਗਿਆ ਹੈ ਕਿ ਅਸੀਂ ਵੀ 4 ਦਿਨ ਵਿਦੇਸ਼ ਛੁੱਟੀਆਂ ਲਈ ਕੋਹਲੂ ਦੇ ਬੈਲ ਵਾਂਗ ਕੰਮ ਕਰ ਸਕਦੇ ਹਾਂ। ਜਿਸ ਦੌੜ ਵਿਚ ਪੱਲੇ ਬਹੁਤ ਘੱਟ ਪੈਂਦਾ ਪਰ ਗਵਾਚ ਬਹੁਤ ਕੁਝ ਜਾਂਦਾ ਹੈ। ਇਹ ਸਾਰੇ ਕੁਝ ਦਾ ਕਾਰਨ ਇਕੋ ਹੀ ਹੈ 'ਚਾਦਰ ਤੋਂ ਵੱਧ ਪੈਰ ਪਸਾਰਨੇ'।





## ਡਾ. ਦਿਨੇਸ਼ ਕੁਮਾਰ ਦੀ ਰਚਨਾ ਸਤਲੁਜ ਦੇ ਕੰਢੇ-ਕੰਢੇ

-ਦਿਲਜੀਤ ਸਿੰਘ ਬੇਦੀ
(Punjab Mail USA)





ਹੱਥਲੀ ਪੁਸਤਕ ਅਕਾਰ ਪੱਖੋਂ ਛੋਟੀ ਹੈ ਪਰ ਸਾਹਿਤਕ ਤੇ ਭੌਤਿਕ ਸਮੱਗਰੀ ਪੱਖੋਂ ਬਹੁਤ ਮਹੱਤਵਪੂਰਨ ਤੇ ਮੁਲਵਾਨ ਹੈ। ਡਾ. ਦਿਨੇਸ਼ ਕੁਮਾਰ ਇੱਕ ਵਧੀਆ ਵਕਤਾ, ਸਫਲ ਪ੍ਰਬੰਧਕ, ਲੋਕ ਹਿੱਤਾਂ ਲਈ ਲੜਨ ਵਾਲੇ ਅਤੇ ਬਹੁਤ ਚੰਗੇ ਈ.ਐੱਨ.ਟੀ. ਰੋਗਾਂ ਦੇ ਮਾਹਿਰ ਸਰਜਨ ਹਨ। ਉਨ੍ਹਾਂ ਆਪਣੇ ਡਾਕਟਰੀ ਵਿਸ਼ੇ ਅਤੇ ਈ.ਐੱਨ.ਟੀ. ਨਾਲ ਸੰਬੰਧਤ ਵਧੀਆ ਵਿਗਿਆਨਕ ਪੁਸਤਕਾਂ ਵੀ ਲਿਖੀਆਂ ਹਨ, ਇਸ ਤਰ੍ਹਾਂ ਡਾ. ਦਿਨੇਸ਼ ਸ਼ਰਮਾ ਬਹੁ-ਪਾਸਾਰੀ ਬਹੁਪਰਤੀ, ਪ੍ਰਤਿਭਾ ਦਾ ਮਾਲਕ ਹੈ, ਬਹੁਤ ਸਾਲ ਉਸ ਨੇ ਸਿਹਤ ਵਿਭਾਗ ਅਤੇ ਮੈਡੀਕਲ ਕਾਲਜ ਵਿਖੇ ਸੇਵਾ ਨਿਭਾਈ ਹੈ। ਉਸ ਕੋਲ ਵਧੀਆ ਲਿਖਣ ਦੀ ਮੁਹਾਰਤ ਵੀ ਹੈ। ਛੋਟੇ-ਛੋਟੇ ਵਾਕ ਵਾਰਤਕ ਨੂੰ ਬਲ ਬਖਸ਼ਦੇ ਹਨ, ਪਾਠਕ ਰਚਨਾ 'ਚ ਖੁੱਭਦਾ ਜਾਂਦਾ ਹੈ।

ਸਤਲੁਜ ਦੇ ਕੰਢੇ-ਕੰਢੇ ਕਿਤਾਬ ਵਿਚ ਇੱਕ ਸੌ ਵੀਹ ਛੋਟੇ-ਛੋਟੇ ਜਾਣਕਾਰੀ ਭਰਪੂਰ ਦਿਲਚਸਪ ਨਿਬੰਧ ਹਨ। ਇਹ ਪੁਸਤਕ ਹਿੰਦੀ ਵਿਚ ਲਿਖੀ ਗਈ, ਜਿਸ ਦਾ ਪੰਜਾਬੀ ਅਨੁਵਾਦ ਬਲਰਾਜ ਧਾਰੀਵਾਲ ਨੇ ਸਫਲ ਪੂਰਵਕ ਕੀਤਾ ਹੈ। ਲੇਖਕ ਨੇ ਹੱਥਲੀ ਪੁਸਤਕ ਆਪਣੀ ਮਾਤਾ ਸ਼੍ਰੀਮਤੀ ਰਾਜਕੁਮਾਰੀ ਅਤੇ ਪਿਤਾ ਸ਼੍ਰੀ ਵਿਦਿਆ ਪ੍ਰਕਾਸ਼ ਦੀਆਂ ਮਿਠੀਆਂ ਨਿੱਘੀਆਂ ਯਾਦਾਂ ਨੂੰ ਸਮਰਪਿਤ ਕੀਤੀ ਹੈ। ਇਸ ਕਿਤਾਬ ਦਾ ਮੁੱਖਬੰਦ ਨੇਤਰ ਰੋਗਾਂ ਦੇ ਮਾਹਿਰ ਡਾਕਟਰ ਅਤੇ ਉਘੇ ਕਹਾਣੀਕਾਰ ਡਾ. ਬਲਜੀਤ ਸਿੰਘ ਢਿਲੋਂ ਤੋਂ ਇਲਾਵਾ ਦੋ ਸ਼ਬਦ ਡਾ. ਦਿਨੇਸ਼ ਕੁਮਾਰ ਨੇ ਆਪ ਲਿਖੇ ਹਨ। ਲੇਖਕ ਨੇ ਨੰਗਲ ਟਾਊਨ ਵਿਚ ਮੇਰੇ ਬਚਪਨ ਦੇ ਦਿਨ ਨਿਬੰਧ ਨੂੰ ਅੱਗੇ ਤਿੰਨ ਸਬ ਸਿਰਲੇਖਾਂ ਸਤਲੁਜ ਦਰਿਆ, ਜਾਲਫ਼ਾ ਦੇਵੀ ਮੰਦਿਰ, ਗੁਰਦੁਆਰਾ ਬਿਭੌਰ ਸਾਹਿਬ ਵਿਚ ਵੰਡਿਆ ਹੈ। ਏਸੇ ਤਰ੍ਹਾਂ ਨੰਗਲ ਟਾਊਟਸ਼ਿੱਪ ਵਿਚ ਵੀ ਚਾਰ ਸਬ ਸਿਰਲੇਖ ਹਨ, ਗੁਰਦੁਆਰਾ ਸ਼੍ਰੀ ਘਾਟ ਸਾਹਿਬ, ਸਨਾਤਨ ਧਰਮ ਸਭਾ ਮੰਦਰ, ਚੁੱਪ-ਸ਼ਾਂਤ ਸੰਤ ਅਤੇ ਅੱਖਾਂ ਦੇ ਆਪਰੇਸ਼ਨ ਦਾ ਸਲਾਨਾ ਕੈਂਪ ਦਰਜ਼ ਹੈ। ਇਸ ਵਿਚ ਸਤਲੁਜ ਸਦਨ, ਸ਼ਿਵਾਲਿਕ ਟਾਕੀਜ਼, ਨੰਗਲ ਟਾਊਨਸ਼ਿਪ ਵਰਕਸ਼ਾਪ ਤੇ ਟਰੇਡ ਯੂਨੀਅਨ ਲਹਿਰ ਦੇ ਪਹਿਲੇ ਸਬਕ, ਨੰਗਲ ਟਾਊਨਸ਼ਿਪ ਦਾ ਨਹਿਰੀ ਹਸਪਤਾਲ, ਜਦੋਂ ਮੈਂ ਚਲਦੀ ਗੱਡੀ ਵਿਚੋਂ ਛਾਲ ਮਾਰ ਦਿੱਤੀ, ਭਾਖੜਾ ਡੈਮ ਅਤੇ ਗੋਬਿੰਦ ਸਾਗਰ, ਪੰਡਿਤ ਜਵਾਹਰ ਲਾਲ ਨਹਿਰੂ, ਮੈਨਲੇ ਹਾਰਵੇ ਸਲੋਕਮ, ਲਾਲ ਬਹਾਦਰ ਸ਼ਾਸਤਰੀ ਅਤੇ 1965 ਦੀ ਭਾਰਤ-ਪਾਕਿਸਤਾਨ ਦੀ ਲੜਾਈ, ਮਰਫ਼ੀ ਰੇਡੀਓ-ਬਾਹਰਲੀ ਦੁਨੀਆਂ ਨਾਲ ਮੇਰੀ ਜਾਣ-ਪਛਾਣ, ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰਾਂ ਦੇ ਦਰਸ਼ਨ, ਮੇਰੇ ਬਚਪਨ ਦਾ ਇਕ ਦ੍ਰਿਸ਼, ਇੰਦਰਾ ਗਾਂਧੀ, ਅਗਲੇ ਪ੍ਰਧਾਨ ਮੰਤਰੀ, ਹਰਾ ਇਨਕਲਾਬ, ਖੰਭਾਂ ਵਾਲੇ ਮਹਿਮਾਨਾਂ ਦਾ ਪਹੁੰਚਣਾ ਅਤੇ ਖੱਟੀਆਂ-ਮਿੱਠੀਆਂ ਯਾਦਾਂ ਲੇਖਕ ਨੇ ਅੱਠ ਸਬ ਸਿਰਲੇਖ ਅੰਕਿਤ ਕੀਤੇ ਹਨ, ਜਿਨ੍ਹਾਂ ਵਿਚ ਰਾਜਨੀਤਿਕ ਤੌਰ 'ਤੇ ਜਾਗਰੂਕ ਭਾਈਚਾਰਾ, ਓਰਲ ਪੋਲੀਓ ਵੈਕਸੀਨ (ਓ.ਪੀ.ਵੀ.) ਨਾਲ ਮੇਰਾ ਪਹਿਲੀ ਵਾਰ ਸਾਹਮਣਾ, ਰਾਮ-ਲੀਲ੍ਹਾ ਅਤੇ ਵਿਜੇ ਦਸ਼ਮੀ, ਸਰਦਾਰ ਪ੍ਰਤਾਪ ਸਿੰਘ ਕੈਰੋਂ, ਤਾਰਿਆਂ ਨੂੰ ਵੇਖਣਾ, ਬੀਤੇ ਦਿਨਾਂ ਦੇ ਰਸਾਲੇ, ਕਦੀ ਧੁੱਪ ਤੇ ਕਦੀ ਛਾਂ ਅਤੇ ਡਲਹੌਜ਼ੀ ਦਾ ਸਫ਼ਰ ਹਨ। ਗੁਰਸ਼ਰਨ ਸਿੰਘ: ਨਾਟਕਕਾਰ ਅਤੇ ਨੰਗਲ ਨੂੰ ਅਲਵਿਦਾ ਅੰਕਿਤ ਹੈ।

'ਓਨ ਦਿ ਬੈਂਕਸ ਓਫ ਰੀਵਰ ਸਤਲੁਜ' ਉਸ ਵੱਲੋਂ ਅੰਗਰੇਜ਼ੀ ਵਿਚ ਲਿਖੀ ਪੁਸਤਕ ਹੈ। ਇਸ ਪੁਸਤਕ ਵਿਚ ਬ੍ਰਿਤਾਂਤ ਇੱਕ ਫਿਲਮ ਵਾਂਗ ਤੁਰਦੇ ਹਨ।

ਡਾ. ਦਿਨੇਸ਼ ਸ਼ਰਮਾ ਦੇ ਮਾਤਾ-ਪਿਤਾ ਸਕੂਲ ਵਿਚ ਹਿੰਦੀ ਅਧਿਆਪਕ ਸਨ। ਉਸ ਨੇ ਉਸਾਰੀ ਅਧੀਨ ਭਾਖੜਾ ਡੈਮ, ਨੰਗਲ ਟਾਊਨਸ਼ਿੱਪ ਅਤੇ ਡਲ ਹਾਈਡਲ ਚੈਨਲ ਨੂੰ ਆਪਣੀਆਂ ਅੱਖਾਂ ਸਾਹਮਣੇ ਉਸਰਦੇ ਵੇਖਿਆ। ਹਸਪਤਾਲ, ਹੋਰ ਗਤੀਵਿਧੀਆਂ ਅਤੇ ਮਜ਼ਦੂਰਾਂ ਦੇ ਸੰਘਰਸ਼ ਨੂੰ, ਬਚਪਨ ਦੀ ਅੱਖ ਰਾਹੀਂ ਵੇਖਿਆ, ਮਾਣਿਆ ਹੈ। ਬਹੁਤ ਸਾਰੇ ਵੀ.ਵੀ.ਆਈ.ਪੀ., ਜਿਹੜੇ ਭਾਖੜਾ ਡੈਮ ਵੇਖਣ ਆਉਂਦੇ ਸਨ, ਉਸਨੇ ਨੇੜੇ ਹੋ ਕੇ ਵੇਖਿਆ। ਪੰਡਿਤ ਜਵਾਹਰ ਲਾਲ ਨਹਿਰੂ ਅਤੇ ਚੀਨ ਦੇ ਪ੍ਰਧਾਨ ਮੰਤਰੀ ਦੀ ਮੀਟਿੰਗ 1957 ਵਿਚ ਨੰਗਲ ਵਿਖੇ ਹੋਈ। ਉਸ ਮੀਟਿੰਗ ਵਿਚ ਪੰਚ-ਸ਼ੀਲ 'ਤੇ ਵਿਚਾਰ-ਵਟਾਂਦਰਾ ਹੋਇਆ। ਬਾਅਦ ਵਿਚ ਉਹ 'ਹਿੰਦੀ-ਚੀਨੀ-ਭਾਈ-ਭਾਈ' ਦੀ ਆਧਾਰ ਸ਼ਿਲਾ ਬਣਿਆ। ਉਹ ਥਾਂ ਹਾਲੇ ਵੀ ਕਾਇਮ ਹੈ। ਡਾ. ਸ਼ਰਮਾ ਦੀਆਂ ਹਜ਼ਾਰਾਂ ਯਾਦਾਂ ਹਨ, ਜਿਨ੍ਹਾਂ ਨੂੰ ਉਨ੍ਹਾਂ ਇਸ ਪੁਸਤਕ ਦੇ ਪੰਨਿਆਂ 'ਤੇ ਉਲੀਕਿਆ, ਮੋਤੀਆਂ ਵਾਂਗ ਮਾਲਾ ਪਰੋਈ। ਪਰ ਇੱਕ ਟੁੰਬਣ ਵਾਲੀ ਘਟਨਾ, ਉਸ ਨਿੱਕੀ ਰੇਲ ਦਾ ਸਫ਼ਰ ਸੀ, ਜਿਸ ਵਿਚੋਂ ਡਾਕਟਰ ਦਿਨੇਸ਼ ਨੇ ਅਚਾਨਕ ਛਾਲ ਮਾਰ ਦਿੱਤੀ ਸੀ।

ਡਾਕਟਰ ਦਿਨੇਸ਼ ਨੇ ਟਰੇਡ ਯੂਨੀਅਨ ਨੇਤਾ ਨਬੂੰਦਰੀਪਾਦ, ਰਾਜੇਸ਼ਵਰ ਰਾਉ ਅਤੇ ਅਟੱਲ ਬਿਹਾਰੀ ਵਾਜਪਾਈ, ਸ. ਪ੍ਰਤਾਪ ਸਿੰਘ ਕੈਰੋਂ, ਪੰਡਿਤ ਜਵਾਹਰ ਲਾਲ ਨਹਿਰੂ, ਮੁਰਾਰਜੀ ਡਿਸਾਈ ਨੂੰ ਵੀ ਸੁਣਿਆ। ਉਸ ਨੇ ਸ. ਪ੍ਰਤਾਪ ਸਿੰਘ ਕੈਰੋਂ, ਚੌਧਰੀ ਹੁੱਡਾ ਅਤੇ ਭਾਜੀ ਗੁਰਸ਼ਰਨ ਸਿੰਘ ਨੂੰ ਖਿਰਾਜੇ ਅਕੀਦਤ ਪੇਸ਼ ਕੀਤੇ ਹਨ। ਸਾਰੀ ਪੁਸਤਕ ਨੂੰ ਮਨ ਲਾ ਕੇ ਪੜ੍ਹੀਏ ਤਾਂ ਨੰਗਲ ਟਾਊਨਸ਼ਿੱਪ, ਭਾਖੜਾ ਡੈਮ, ਗੋਬਿੰਦ ਸਾਗਰ, ਨੰਗਲ ਡੈਮ, ਜੋ ਕਿ ਨਵ- ਨਿਰਮਾਣ ਅਧੀਨ ਨਵੇਂ ਆਧੁਨਿਕ ਭਾਰਤ ਵਰਸ਼ ਦੇ ਟੈਂਪਲ ਦੇ ਸ਼ਾਖ਼ਸ਼ਾਤ ਦਰਸ਼ਨ ਹੋ ਜਾਂਦੇ ਹਨ, ਉੱਨਤੀ ਦੀਆਂ ਪਰਤਾਂ ਆਪਣੇ ਆਪ ਖੁੱਲ੍ਹ ਜਾਂਦੀਆਂ ਹਨ। ਡਾਕਟਰ ਸ਼ਰਮਾ ਨੇ ਬਚਪਨ ਦੀਆਂ ਯਾਦਾਂ ਨੂੰ ਸਾਕਾਰ ਰੂਪ ਵਿਚ ਪੇਸ਼ ਕੀਤਾ।

ਬਚਪਨ ਦੇ ਦਿਨ ਸੱਚਮੁੱਚ ਬੜੇ ਪਿਆਰੇ ਹੁੰਦੇ ਹਨ। ਇਨ੍ਹਾਂ ਦੀਆਂ ਯਾਦਾਂ ਬਹੁਤ ਹੀ ਮਿੱਠੀਆਂ ਹੁੰਦੀਆਂ ਹਨ। ਜ਼ਿੰਦਗੀ ਦੇ ਲਹਿੰਦੇ ਵਰ੍ਹਿਆਂ ਵਿਚ ਇਹ ਯਾਦਾਂ ਹੋਰ ਵੀ ਜ਼ਿਆਦਾ ਯਾਦ ਆਉਂਦੀਆਂ ਹਨ। ਲੇਖਕ ਨੇ ਆਪਣੇ ਬਚਪਨ ਦੀਆਂ ਯਾਦਾਂ ਨੂੰ ਬਹੁਤ ਰੌਚਕ ਢੰਗ ਨਾਲ ਕਲਮਬੱਧ ਕੀਤਾ ਹੈ। 1960 ਦਾ ਦਹਾਕਾ ਨਵੇਂ-ਨਵੇਂ ਆਜ਼ਾਦ ਹੋਏ ਭਾਰਤ ਲਈ ਬਹੁਤ ਮਹੱਤਵਪੂਰਨ ਸੀ। ਪੱਛਮੀ ਪੰਜਾਬ ਤੋਂ ਬੇਘਰ ਹੋ ਕੇ ਆਏ ਸ਼ਰਨਾਰਥੀ ਆਪਣੀ ਜ਼ਿੰਦਗੀ ਨਵੇਂ ਸਿਰੇ ਤੋਂ ਸ਼ੁਰੂ ਕਰ ਰਹੇ ਸਨ। ਦੇਸ਼ ਦੀ ਵੰਡ ਵੇਲੇ ਹੋਈ ਕਤਲੋਗਾਰਤ, ਲੁੱਟ-ਮਾਰ ਅਤੇ ਬਰਬਾਦੀ ਦੀਆਂ ਡਰਾਉਣੀਆਂ ਯਾਦਾਂ ਹਾਲੇ ਵੀ ਉਸ ਨੂੰ ਵਿਚਲਿਤ ਕਰਦੀਆਂ ਹਨ।

ਪੰਜਾਬ ਵਿਚ ਭਾਖੜਾ ਡੈਮ ਦਾ ਨਿਰਮਾਣ ਭਾਰਤ ਦਾ ਇੱਕ ਵੱਕਾਰੀ ਪ੍ਰੋਜੈਕਟ ਸੀ। ਲੇਖਕ ਦਾ ਬਚਪਨ ਭਾਖੜਾ ਡੈਮ ਨਾਲ ਸੰਬੰਧਤ ਨੰਗਲ ਟਾਊਨਸ਼ਿਪ ਵਿਚ ਬੀਤਿਆ। ਸਤਲੁਜ ਦੇ ਕੰਢੇ ਉੱਤੇ ਵਸਾਏ ਗਏ ਇਸ ਛੋਟੇ ਜਿਹੇ ਕਸਬੇ ਦਾ ਬਹੁਤ ਮਨਮੋਹਕ ਚਿੱਤਰ ਅਤੇ ਉਸ ਵੇਲੇ ਦੇ ਜੀਵਨ ਦਾ ਵਰਣਨ ਪਾਠਕ ਦਾ ਦਿਲ ਮੋਹ ਲੈਂਦਾ ਹੈ। ਪਿਛਲੇ ਪੰਜਾਹ ਵਰ੍ਹਿਆਂ ਵਿਚ ਜੀਵਨ ਦੇ ਢੰਗ ਵਿਚ ਬਹੁਤ ਬਦਲਾਓ ਹੋਇਆ ਹੈ। ਇਸ ਤੋਂ ਪਹਿਲਾਂ ਜੀਵਨ ਬਹੁਤ ਸਾਧਾਰਨ ਸੀ। ਇਸ ਦਾ ਬਹੁਤ ਖ਼ੂਬਸੂਰਤ ਵਰਣਨ ਪਾਠਕ ਨੂੰ ਹੱਥਲੀ ਕਿਤਾਬ ਵਿਚ ਪੜ੍ਹਨ ਲਈ ਮਿਲਦਾ ਹੈ। ਅੱਜਕੱਲ੍ਹ ਦੀ ਜ਼ਿੰਦਗੀ ਬਹੁਤ ਗੁੰਝਲਦਾਰ ਹੋ ਗਈ ਹੈ। ਲੇਖਕ ਨੇ ਆਪਣੀਆਂ ਖੱਟੀਆਂ-ਮਿੱਠੀਆਂ ਯਾਦਾਂ ਦਾ ਗੁਲਦਸਤਾ, ਹੱਥਲੀ ਪੁਸਤਕ ਰਾਹੀਂ ਪਾਠਕਾਂ ਨੂੰ ਸਮਰਪਿਤ ਕੀਤਾ ਹੈ। ਇਸ ਪੁਸਤਕ ਦੇ 96 ਪੰਨੇ ਹਨ, ਪੁਸਤਕ ਦੇ ਪ੍ਰਕਾਸ਼ਨ ਅਜ਼ਾਦ ਬੁੱਕ ਡਿੱਪੂ ਅੰਮ੍ਰਿਤਸਰ ਨੇ ਕੀਤਾ ਹੈ।

# ਸੂਚਨਾ ਦੇ ਹੱਕ ਨੂੰ ਖਤਮ ਕਰਨ ਵਾਲੀਆਂ ਸਰਕਾਰੀ ਲੂੰਬੜ ਚਾਲਾਂ ਦਾ ਸੱਚ

ਬ੍ਰਿਸ ਭਾਨ ਬੁਜਰਕ
ਕਾਹਨਗੜ੍ਹ ਰੋਡ, ਪਾਤੜਾਂ
ਜ਼ਿਲ੍ਹਾ ਪਟਿਆਲਾ :
98761-01698
(Punjab Mail USA)



ਦੇਸ਼ ਅੰਦਰ ਸੂਚਨਾ ਦਾ ਅਧਿਕਾਰ ਲਾਗੂ ਹੋਇਆਂ 18 ਵਰ੍ਹੇ ਹੋ ਚੁੱਕੇ ਹਨ, ਜਿਸ ਦੀ ਵਰਤੋਂ ਵੱਖ-ਵੱਖ ਰਾਜਾਂ ਵਿਚ ਕੀਤੀ ਜਾ ਰਹੀ ਹੈ। ਸੂਚਨਾ ਦੇ ਅਧਿਕਾਰ ਐਕਟ ਦੀ ਜਿੱਥੇ ਠੀਕ ਰੂਪ ਵਿਚ ਵਰਤੋਂ ਹੋ ਰਹੀ ਹੈ, ਉੱਥੇ ਹੀ ਕੁਝ ਕਾਲੀਆਂ ਭੇਡਾਂ ਵੱਲੋਂ ਇਸ ਦੀ ਦੁਰਵਰਤੋਂ ਵੀ ਕੀਤੀ ਜਾ ਰਹੀ ਹੈ। ਜਿਸ ਕਰਕੇ ਸਰਕਾਰੀ ਤੰਤਰ ਸਹੀ ਰੂਪ ਵਿਚ ਸੂਚਨਾ ਦੇ ਅਧਿਕਾਰ ਦੀ ਵਰਤੋਂ ਕਰਨ ਵਾਲਿਆਂ ਨੂੰ ਵੀ ਕਾਲੀਆਂ ਭੇਡਾਂ ਨਾਲ ਹੀ ਰਲਾ ਕੇ ਵੇਖਣ ਲੱਗ ਪਿਆ ਹੈ। ਇਸ ਗੱਲ ਦੇ ਮਾੜੇ ਪ੍ਰਭਾਵ ਅਜਿਹੇ ਸਾਹਮਣੇ ਆਏ ਹਨ ਕਿ ਸਰਕਾਰੀ ਤੰਤਰ ਨੇ ਲੋੜੀਂਦੀਆਂ ਸੂਚਨਾਵਾਂ ਦੇਣ ਤੋਂ ਪਾਸਾ ਹੀ ਵੱਟ ਲਿਆ ਹੈ। ਕਿਉਂਕਿ ਦੇਸ਼ ਦੇ ਬਹੁਤੇ ਰਾਜਾਂ ਅੰਦਰ ਕੰਮ ਕਰ ਰਹੇ ਜ਼ਿਆਦਾਤਰ ਸੂਚਨਾ ਕਮਿਸ਼ਨਰ ਵੀ ਅਫਸਰਸ਼ਾਹੀ ਦਾ ਹੀ ਪੱਖ ਪੂਰਨ 'ਤੇ ਲੱਗੇ ਹੋਏ ਹਨ। ਪੰਜਾਬ ਦੇ ਬਹੁਤੇ ਸੂਚਨਾ ਅਫਸਰ ਤਾਂ ਮੁੱਖ ਸੂਚਨਾ ਕਮਿਸ਼ਨ ਪੰਜਾਬ ਨੂੰ ਵੀ ਟਿੱਚ ਜਾਣਦੇ ਹਨ। ਐਕਟ ਦੇ ਲਾਗੂ ਹੋਣ ਨਾਲ ਪ੍ਰਸ਼ਾਸਕੀ ਸੁਧਾਰ ਕਾਫੀ ਹੱਦ ਤੱਕ ਹੋਣੇ ਸ਼ੁਰੂ ਹੋ ਗਏ ਹਨ। ਜੇਕਰ ਰਾਜਨੀਤਿਕ ਪਾਰਟੀਆਂ ਨੂੰ ਵੀ ਇਸ ਐਕਟ ਦੇ ਘੇਰੇ ਵਿਚ ਲੈ ਲਿਆ ਜਾਵੇ, ਤਾਂ ਦੇਸ਼ ਅੰਦਰ ਵਧ ਰਹੇ ਭ੍ਰਿਸ਼ਟਾਚਾਰ ਨੂੰ ਕਾਫੀ ਹੱਦ ਤੱਕ ਰੋਕਣ ਦੇ ਨਾਲ ਹੀ ਵਿਕਾਸ ਕਾਰਜਾਂ ਵਿਚ ਕੀਤੇ ਜਾਣ ਵਾਲੇ ਘਪਲਿਆਂ ਨੂੰ ਰੋਕਣ ਵਿਚ ਸਫਲਤਾ ਮਿਲ ਸਕਦੀ ਹੈ। ਹਾਲਾਤ ਅਜਿਹੇ ਹਨ ਕਿ ਸਰਕਾਰੀ ਤੰਤਰ ਨਾਲ ਰਾਜਨੀਤਿਕ ਲੋਕਾਂ ਦੀ ਯਾਰੀ ਹੋਣ ਕਰਕੇ ਵਿਕਾਸ ਕਾਰਜਾਂ ਵਾਸਤੇ ਆਉਂਦੇ ਪੈਸੇ ਜਾਂ ਸਰਕਾਰੀ ਅਦਾਰਿਆਂ ਨੂੰ ਨਿੱਜੀ ਤੌਰ 'ਤੇ ਹੋਣ ਵਾਲੀ ਆਮਦਨ ਵਿਚੋਂ ਅੱਧੇ ਤੋਂ ਵੱਧ ਪੈਸਾ ਹਿੱਸਿਆਂ ਵਿਚ ਹੀ ਉਡ ਜਾਂਦਾ ਹੈ। ਅਜਿਹੇ ਕੰਮਾਂ ਨੂੰ ਪਾਰਦਰਸ਼ਤਾ ਢੰਗ ਨਾਲ ਕਰਵਾਉਣ ਲਈ ਅਤੇ ਦੇਸ਼ ਅੰਦਰ ਬੈਠੇ ਚੋਰਾਂ 'ਤੇ ਪਹਿਰਾ ਦੇਣ ਲਈ ਸੂਚਨਾ ਐਕਟ ਬਹੁਤ ਵੱਡਾ ਹਥਿਆਰ ਹੈ। ਪਰ ਇਸ ਨੂੰ ਚੋਰਾਂ ਨਾਲ ਰਲਣ ਵਾਲੇ ਪਹਿਰੇਦਾਰਾਂ ਤੋਂ ਬਚਾ ਕੇ ਰੱਖਣ ਦੀ ਲੋੜ ਮਹਿਸੂਸ ਹੋਣ ਲੱਗ ਪਈ ਹੈ।




## ਕੀ ਹੈ ਸੂਚਨਾ ਦਾ ਅਧਿਕਾਰ

12 ਅਕਤੂਬਰ, 2005 ਨੂੰ ਕੇਂਦਰ ਸਰਕਾਰ ਨੇ ਸੂਚਨਾ ਦਾ ਹੱਕ ਕਾਨੂੰਨ ਲਾਗੂ ਕੀਤਾ ਸੀ। ਜਿਸ ਦੇ ਤਹਿਤ ਦੇਸ਼ ਦਾ ਹਰ ਨਾਗਰਿਕ ਇਸ ਅਧਿਕਾਰ ਦੀ ਵਰਤੋਂ ਕਰਕੇ ਕਿਸੇ ਵੀ ਸਰਕਾਰੀ ਅਤੇ ਅਰਧ ਸਰਕਾਰੀ ਅਦਾਰੇ ਵਿਚੋਂ ਲੋੜੀਂਦੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ। ਇਸ ਤੋਂ ਪਹਿਲਾਂ ਸਰਕਾਰੀ ਦਫਤਰਾਂ ਵਿਚ ਬੈਠੇ ਬਾਬੂ ਸਰਕਾਰੀ ਰਿਕਾਰਡ ਕਹਿ ਕੇ ਜਵਾਬ ਦੇ ਦਿੰਦੇ ਸਨ। ਪਰ ਹੁਣ ਉਨ੍ਹਾਂ ਨੂੰ ਜਵਾਬਦੇਹ ਬਣਾਉਣ ਲਈ ਇਹ ਐਕਟ ਲਾਗੂ ਕੀਤਾ ਗਿਆ ਜਾਂ ਫਿਰ ਇਵੇਂ ਕਹਿ ਲਈਏ ਕਿ ਆਜ਼ਾਦੀ ਤੋਂ ਬਾਅਦ ਵੀ ਗੁਲਾਮੀ ਭਰੀ ਜ਼ਿੰਦਗੀ ਬਤੀਤ ਕਰ ਰਹੇ ਭਾਰਤ ਵਾਸੀਆਂ ਨੂੰ ਥੋੜ੍ਹੀ ਜਿਹੀ ਆਜ਼ਾਦੀ ਮਿਲੀ ਕਿ ਉਹ ਕਿਸੇ ਵੀ ਵਿਕਾਸ ਕਾਰਜਾਂ ਜਾਂ ਫਿਰ ਹੋਰ ਕੰਮਾਂ/ਕਾਰਾਂ ਜਿਨ੍ਹਾਂ 'ਤੇ ਉਨ੍ਹਾਂ ਦਾ ਆਪਣਾ ਹੱਕ ਹੈ ਅਤੇ ਲੋਕਾਂ ਦੀ ਆਪਣੀ ਕਿਰਤ ਵਿਚੋਂ ਆਏ ਪੈਸੇ ਨਾਲ ਸਭ ਕੁਝ ਚੱਲ ਰਿਹਾ ਹੈ। ਉਸ ਬਾਰੇ ਜਾਣਕਾਰੀ ਲੈ ਸਕਣ। ਇਸ ਸੂਚਨਾ ਦੇ ਅਧਿਕਾਰ 'ਤੇ ਕਿਸੇ ਖਾਸ ਆਰ.ਟੀ.ਆਈ. ਕਾਰਕੁੰਨ/ਪੱਤਰਕਾਰ/ਰਾਜਨੀਤਿਕ ਪਾਰਟੀ ਦਾ ਕੋਈ ਕਬਜ਼ਾ ਨਹੀਂ ਹੈ। ਕੁਝ ਲੋਕ ਸੂਚਨਾ ਅਧਿਕਾਰ ਦੇ ਮਾਮਲੇ ਵਿਚ ਗੁੰਮਰਾਹ ਕਰ ਜਾਂਦੇ ਹਨ ਕਿ ਸੂਚਨਾ ਕੋਈ ਖਾਸ ਵਿਅਕਤੀ ਹੀ ਲੈ ਸਕਦਾ ਹੈ। ਅਸਲ ਵਿਚ ਇਹ ਅਧਿਕਾਰ ਆਮ ਵਿਅਕਤੀ ਲਈ ਹੀ ਲਾਗੂ ਕੀਤਾ ਗਿਆ ਹੈ। ਜ਼ਿਆਦਾਤਰ ਲੋਕ ਇਸ ਐਕਟ ਦੀ ਵਰਤੋਂ ਆਪਣੇ ਕੰਮਾਂ ਲਈ ਹੀ ਕਰਦੇ ਹਨ। ਬਹੁਤ ਘੱਟ ਅਜਿਹੇ ਵਿਅਕਤੀ ਨਜ਼ਰ ਆ ਰਹੇ ਹਨ, ਜਿਹੜੇ ਸੂਚਨਾ ਅਧਿਕਾਰ ਐਕਟ ਨੂੰ ਸਮਾਜਿਕ/ ਪ੍ਰਸ਼ਾਸਨਿਕ/ ਰਾਜਨੀਤਿਕ ਸੁਧਾਰਾਂ ਲਈ ਵਰਤ ਰਹੇ ਹਨ। ਜਦੋਂਕਿ ਚਾਹੀਦਾ ਤਾਂ ਇਹ ਸੀ ਕਿ ਵੱਡੀ ਗਿਣਤੀ ਵਿਚ ਲੋਕ ਇਸ ਅਧਿਕਾਰ ਦੀ ਵਰਤੋਂ ਕਰਦੇ। ਸੂਚਨਾ ਦੇ ਅਧਿਕਾਰ ਤਹਿਤ ਜਾਣਕਾਰੀ ਲੈਣ ਲਈ ਇੱਕ ਪੱਤਰ ਅਤੇ ਦਸ ਰੁਪਏ ਅਰਜ਼ੀ ਫੀਸ ਸਬੰਧਤ ਵਿਭਾਗ ਨੂੰ ਭੇਜਣੀ ਪੈਂਦੀ ਹੈ। ਦਸ ਰੁਪਏ ਫੀਸ ਪੰਜਾਬ ਵਿਚ ਭਰੀ ਜਾਂਦੀ ਹੈ। ਦੇਸ਼ ਦੇ ਬਾਕੀ ਰਾਜਾਂ ਨੇ ਆਪਣੇ ਹਿਸਾਬ ਨਾਲ ਫੀਸ ਰੱਖੀ ਹੋਈ ਹੈ। ਸੂਚਨਾ ਐਕਟ ਦੇ ਮੁਤਾਬਿਕ ਇਸ ਨਾਲ ਸਬੰਧਤ ਸੂਚਨਾ ਅਫਸਰ ਨੂੰ 20 ਦਿਨਾਂ ਦੇ ਅੰਦਰ ਜਵਾਬ ਅਤੇ 30 ਦਿਨਾਂ ਦੇ ਅੰਦਰ ਖਰਚਾ ਭਰਵਾ ਕੇ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾਉਣੀ ਹੁੰਦੀ ਹੈ। ਜਿਹੜੀ ਉਸ ਕੋਲੋਂ ਮੰਗੀ ਗਈ ਹੈ। ਸੂਚਨਾ ਲੰਬੀ ਹੋਣ ਜਾਂ ਦਫਤਰ ਵਿਚ ਸਟਾਫ ਦੀ ਘਾਟ ਹੋਣ ਕਾਰਨ ਹੋਣ ਵਾਲੀ ਦੇਰੀ ਬਾਰੇ ਸੂਚਨਾ ਮੰਗਣ ਵਾਲੇ ਨੂੰ ਸੂਚਿਤ ਕੀਤਾ ਜਾ ਸਕਦਾ ਹੈ। ਪਰ ਸਰਕਾਰੀ ਤੰਤਰ ਵੱਲੋਂ ਅਜਿਹਾ ਨਹੀਂ ਕੀਤਾ ਜਾਂਦਾ। ਕਿਸੇ ਵੀ ਵਿਭਾਗ ਨਾਲ ਸਬੰਧਤ ਸੂਚਨਾ ਅਫਸਰ, ਸੂਚਨਾ ਲਏ ਜਾਣ ਦਾ ਕਾਰਨ ਨਹੀਂ ਪੁੱਛ ਸਕਦਾ। ਫਿਰ ਵੀ ਇਸ ਭ੍ਰਿਸ਼ਟ ਤੰਤਰ ਵੱਲੋਂ ਵੱਧ ਤੋਂ ਵੱਧ ਖੱਜਲ-ਖੁਆਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਕਿ ਸੂਚਨਾ ਮੰਗਣ ਵਾਲਾ ਵਿਅਕਤੀ ਥੱਕ-ਹਾਰ ਕੇ ਆਪਣੇ ਘਰ ਹੀ ਬੈਠ ਜਾਵੇ। ਸੂਚਨਾ ਦੇ ਅਧਿਕਾਰ ਦੀ ਵਰਤੋਂ ਨਾਲ ਦੇਸ਼ ਪੱਧਰ 'ਤੇ ਵੱਡੇ-ਵੱਡੇ ਘਪਲੇ ਉਜਾਗਰ ਹੋਏ ਹਨ। ਦੇਸ਼ ਪੱਧਰ 'ਤੇ ਦਰਜਨ ਭਰ ਵਿਅਕਤੀਆਂ ਨੂੰ ਆਪਣੀ ਜਾਨ ਤੋਂ ਵੀ ਹੱਥ ਧੋਣਾ ਪਿਆ ਹੈ ਅਤੇ ਇਹ ਐਕਟ ਸਰਕਾਰਾਂ ਅਤੇ ਅਫਸਰਸ਼ਾਹੀ ਲਈ ਮਾਰੂ ਹਥਿਆਰ ਵੀ ਸਾਬਤ ਹੋਇਆ ਹੈ। ਕਿਉਂਕਿ ਸੂਚਨਾ ਨਾ ਦੇਣ ਦੀ ਸੂਰਤ ਵਿਚ ਉਸ ਦਫਤਰੀ ਬਾਬੂ ਨੂੰ ਪੱਚੀ ਹਜ਼ਾਰ ਤੱਕ ਜੁਰਮਾਨਾ ਹੋ ਸਕਦਾ ਹੈ। ਪਰ ਅਜਿਹਾ ਬਹੁਤ ਹੀ ਘੱਟ ਹੁੰਦਾ ਹੈ। ਜੇਕਰ ਸਰਕਾਰ ਵੱਲੋਂ ਦੋ ਰੁਪਏ ਪ੍ਰਤੀ ਪੰਨੇ ਵਾਲੇ ਜੱਟੂ ਖਰਚੇ ਦਾ ਵਪਾਰਕ ਤੌਰ 'ਤੇ ਹਿਸਾਬ-ਕਿਤਾਬ ਲਾਇਆ ਜਾਵੇ, ਤਾਂ ਪ੍ਰਤੀ ਪੰਨੇ ਦਾ ਖਰਚ ਸਮੇਂ ਸਿਰ ਸੂਚਨਾ ਮਿਲਣ 'ਤੇ 80 ਰੁਪਏ ਤੱਕ ਪੈ ਜਾਂਦਾ ਹੈ। ਕਿਉਂਕਿ ਤਿੰਨ ਵਾਰੀ ਰਜਿਸਟਰਡ ਡਾਕ ਦਾ ਖਰਚ ਅਤੇ ਫੀਸ ਦੇਣੀ ਪੈਂਦੀ ਹੈ। ਜੇਕਰ ਸੂਚਨਾ ਸਮੇਂ ਸਿਰ ਨਹੀਂ ਮਿਲਦੀ, ਤਾਂ ਇਹ ਹੀ ਸਰਕਾਰ ਦਾ ਦੋ ਰੁਪਏ ਖਰਚ ਵਾਲਾ ਪੰਨਾ ਪੰਜ ਸੌ ਤੋਂ ਲੈ ਕੇ ਪੰਦਰਾਂ ਸੌ ਰੁਪਏ ਤੱਕ ਵੀ ਪੈ ਸਕਦਾ ਹੈ। ਇੱਕ ਆਮ ਵਿਅਕਤੀ ਦੀ ਚਾਰ ਸੌ ਰੁਪਏ ਦਿਹਾੜੀ ਅਤੇ ਤਿੰਨ ਸੌ ਰੁਪਏ ਚੰਡੀਗੜ੍ਹ ਦਾ ਖਰਚਾ ਵੀ ਲਾਇਆ ਜਾਵੇ, ਤਾਂ ਇੱਕ ਚੱਕਰ ਦੇ ਸੱਤ ਸੌ ਰੁਪਏ ਖਰਚ ਆਉਂਦੇ ਹਨ। ਜੇਕਰ ਇਹ ਖਰਚਾ ਸੂਚਨਾ ਅਫਸਰਾਂ ਦੀ ਤਨਖਾਹ ਨਾਲ ਜੋੜ ਕੇ ਵੇਖਿਆ ਜਾਵੇ, ਤਾਂ ਕਿਸੇ ਵੀ ਸੂਚਨਾ ਅਫਸਰ ਦੀ ਤਨਖਾਹ ਇੱਕ ਲੱਖ ਰੁਪਏ ਪ੍ਰਤੀ ਮਹੀਨੇ ਤੋਂ ਘੱਟ ਨਹੀਂ ਹੈ। ਸਾਰੇ ਖਰਚੇ ਪਾ ਕੇ ਡੇਢ ਲੱਖ ਦੇ ਨੇੜੇ ਤਨਖਾਹ ਬਣਦੀ ਹੈ ਅਤੇ ਹਰ ਰੋਜ਼ ਦੀ ਦਿਹਾੜੀ ਚਾਰ ਹਜ਼ਾਰ ਰੁਪਏ ਤੋਂ ਵੱਧ ਹੈ। ਜੇਕਰ ਆਮ ਇਨਸਾਨ ਨਾਲ ਇਹ ਦਿਹਾੜੀ ਜੋੜੀ ਜਾਵੇ, ਤਾਂ ਸਰਕਾਰ ਦਾ ਦੋ ਰੁਪਏ ਵਾਲਾ ਪੰਨੇ ਦਾ ਖਰਚਾ ਪਨਤਾਲੀ ਸੌ ਤੋਂ ਲੈ ਕੇ ਤੇਰਾਂ ਹਜ਼ਾਰ ਤੱਕ ਪਵੇਗਾ। ਇਹ ਸਭ ਕੁਝ ਇਸ ਕਰਕੇ ਦੱਸਿਆ ਜਾ ਰਿਹਾ ਹੈ ਕਿ ਇੱਕ ਮਾਮਲੇ ਵਿਚ ਮੇਰੀਆਂ ਤਿੰਨ ਪੇਸ਼ੀਆਂ ਚੰਡੀਗੜ੍ਹ ਪਈਆਂ। ਸੂਚਨਾ ਦਾ ਇੱਕ ਪੰਨਾ ਸੀ, ਜਿਸ ਕਰਕੇ ਸਰਕਾਰ ਦੇ ਦੋ ਰੁਪਏ ਪ੍ਰਤੀ ਕਾਪੀ ਵਾਲੇ ਖਰਚੇ ਨੂੰ ਜੱਟੂ ਸੌਦਾ ਸਮਝਣ ਦੀ ਬਜਾਏ ਵਪਾਰੀ ਦੇ ਹਿਸਾਬ ਨਾਲ ਵੇਖਣਾ ਬਹੁਤ ਜ਼ਰੂਰੀ ਹੈ।

## ਚਾਲਾਂ

ਸੂਚਨਾ ਅਧਿਕਾਰ ਐਕਟ ਨੂੰ ਲਾਗੂ ਹੋਇਆਂ 18 ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਿਆ ਹੈ। ਪਰ ਅਜੇ ਤੱਕ ਵੀ ਸਰਕਾਰਾਂ ਇਸ ਐਕਟ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਉਣ ਵਿਚ ਕਾਮਯਾਬ ਨਹੀਂ ਹੋ ਸਕੀਆਂ। ਜਿਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਇਸ ਨਾਲ ਸਰਕਾਰਾਂ ਦੇ ਆਪਣੇ ਨੁਮਾਇੰਦੇ ਵੀ ਜੁੜੇ ਹੋਏ ਹਨ। ਖਾਸ ਕਰਕੇ ਪੰਜਾਬ ਰਾਜ ਦੇ ਇਹ ਹਾਲਾਤ ਹਨ ਕਿ ਸਰਕਾਰ ਦੇ ਆਪਣੇ ਰਾਜਨੀਤਿਕ ਲੋਕਾਂ ਦੀ ਵਿਕਾਸ ਕਾਰਜਾਂ ਵਿਚ ਸਭ ਤੋਂ ਪਹਿਲਾਂ ਹਿੱਸੇਦਾਰੀ ਰੱਖੀ ਜਾਂਦੀ ਹੈ। ਜਿਸ ਕਰਕੇ ਸੂਚਨਾ ਐਕਟ ਤਹਿਤ ਸਾਰਾ ਰਿਕਾਰਡ ਮਿਲਣ ਨਾਲ ਵਰਤੋਂ ਕੀਤੇ ਗਏ ਪੈਸੇ ਦੀ ਗਿਣਤੀ/ਮਿਣਤੀ ਹੁੰਦੀ ਹੈ। ਤੇ ਵਿਕਾਸ ਕਾਰਜਾਂ ਦੇ ਕੰਮਾਂ ਵਿਚ ਪਾਰਦਰਸ਼ਤਾ ਪੈਦਾ ਹੁੰਦੀ ਹੈ, ਜਿਸ ਨੂੰ ਸਰਕਾਰੀ ਤੰਤਰ/ਰਾਜਨੀਤਿਕ ਲੋਕ ਵੇਖਣਾ ਨਹੀਂ ਚਾਹੁੰਦੇ। ਜੇਕਰ ਪੰਜਾਬ ਰਾਜ ਸੂਚਨਾ ਕਮਿਸ਼ਨ ਦੀ ਗੱਲ ਕੀਤੀ ਜਾਵੇ, ਜਿਸ ਨੇ ਸੂਚਨਾ ਐਕਟ ਦੀ ਉਲੰਘਣਾ ਕਰਨ ਵਾਲੇ ਅਫਸਰਾਂ ਨੂੰ ਜੁਰਮਾਨੇ ਕਰਨੇ ਹੁੰਦੇ ਹਨ। ਉਹ ਵੀ ਅਫਸਰਸ਼ਾਹੀ ਦੀਆਂ ਲਗਾਮਾਂ ਖਿੱਚ ਕੇ ਰੱਖਣ ਦੀ ਬਜਾਏ ਆਮ ਲੋਕਾਂ ਦੇ ਹੱਥਾਂ ਵਿਚ ਨਵੇਂ ਤੋਂ ਨਵੇਂ ਨਿਯਮ ਲਾਗੂ ਕਰਕੇ ਬੇੜੀਆਂ ਪਾਉਣ ਦਾ ਕੰਮ ਕਰ ਰਿਹਾ ਹੈ। ਕਿਸੇ ਵੀ ਅਣਗਹਿਲੀ ਵਰਤਣ ਵਾਲੇ ਅਫਸਰ ਦੀ ਪੇਸ਼ੀ ਪਵਾਉਣੀ ਸੌਖੀ ਨਹੀਂ ਰਹੀ। ਕਿਉਂਕਿ ਪੰਜਾਬ ਦੇ ਅਫਸਰਾਂ ਵਲੋਂ ਸੂਚਨਾ ਐਕਟ ਪ੍ਰਤੀ ਵਰਤੀਆਂ ਜਾ ਰਹੀਆਂ ਅਣਗਹਿਲੀਆਂ ਦੇ ਚਿੱਠੇ ਹੀ ਬਹੁਤ ਵੱਡੀ ਤਦਾਦ ਵਿਚ ਪਹੁੰਚਣੇ ਸ਼ੁਰੂ ਹੋ ਗਏ ਕਿ ਸੂਚਨਾ ਕਮਿਸ਼ਨ ਨੂੰ ਨਿਪਟਾਰੇ ਕਰਨੇ ਔਖੇ ਹੋ ਗਏ। ਜੇਕਰ ਇਨ੍ਹਾਂ ਸਰਕਾਰ ਦੇ ਅਫਸਰਾਂ ਨੂੰ ਜੁਰਮਾਨੇ ਕੀਤੇ ਜਾਂਦੇ ਹਨ, ਤਾਂ ਸਰਕਾਰ ਨਰਾਜ਼ ਹੁੰਦੀ ਹੈ। ਜੁਰਮਾਨੇ ਨਹੀਂ ਕੀਤੇ ਜਾਂਦੇ, ਤਾਂ ਸ਼ਿਕਾਇਤਾਂ ਦਾ ਨਿਪਟਾਰਾ ਕਰਨਾ ਔਖਾ ਹੋ ਗਿਆ ਸੀ, ਜਿਸ ਕਰਕੇ ਅਫਸਰਸ਼ਾਹੀ ਨੂੰ ਬਚਾਉਣ ਲਈ ਆਮ ਲੋਕਾਂ ਦੇ ਮੋਢਿਆਂ 'ਤੇ ਅਜਿਹਾ ਭਾਰ ਪਾ ਦਿੱਤਾ ਗਿਆ ਕਿ ਉਹ ਚੁੱਕਣ ਦੇ ਕਾਬਲ ਹੀ ਨਹੀਂ ਰਹੇ ਅਤੇ ਸੂਚਨਾ ਕਮਿਸ਼ਨ ਦੇ ਦਫਤਰ ਵਿਚ ਭੀੜ ਘਟਣੀ ਸ਼ੁਰੂ ਹੋ ਗਈ। ਐਕਟ ਦੀ ਸ਼ੁਰੂਆਤ ਦੇ ਪਹਿਲੇ ਸਾਲਾਂ ਦੌਰਾਨ ਮੰਗੀ ਗਈ ਸੂਚਨਾ ਦੇ ਸਬੂਤ ਭੇਜ ਕੇ ਇੱਕ ਮਹੀਨੇ ਦੇ ਅੰਦਰ ਹੀ ਪੇਸ਼ੀ ਪਾ ਦਿੱਤੀ ਜਾਂਦੀ ਸੀ। ਹੁਣ ਹਲਾਤ ਇਹ ਹਨ ਕਿ ਇੱਕ ਪਾਸੇ ਤਾਂ ਪੇਸ਼ੀ ਦੀ ਕੋਈ ਹੱਦ ਸੀਮਾ ਨਹੀਂ ਹੈ। ਦੂਸਰੇ ਪਾਸੇ ਮੰਗੀ ਗਈ ਸੂਚਨਾ ਨੂੰ ਤਿੰਨ ਪੜਤਾਂ ਵਿਚ ਭੇਜਣ ਦੇ ਨਾਲ ਹੀ ਹਲਫੀਆ ਬਿਆਨ ਭੇਜੋ ਕਿ ਇਸ ਸਬੰਧੀ ਕਿਤੇ ਵੀ ਕੇਸ ਨਹੀਂ ਪਾਇਆ ਗਿਆ। ਤਿੰਨ ਪੜਤਾਂ ਵਾਲੀ ਸ਼ਰਤ ਨਾਲ ਆਮ ਲੋਕਾਂ ਦਾ ਖਰਚ ਵਧ ਗਿਆ ਹੈ ਅਤੇ ਅਫਸਰਸ਼ਾਹੀ ਨੂੰ ਮੌਜ ਲੱਗ ਗਈ ਹੈ। ਇਹ ਵੀ ਇੱਕ ਡੂੰਘੀ ਚਾਲ ਹੈ। ਕਿਉਂਕਿ ਸਰਕਾਰੀ ਦਫਤਰਾਂ ਵਿਚ ਬੈਠੇ ਸੂਚਨਾ ਅਫਸਰ ਭੇਜੇ ਗਏ ਪੱਤਰ ਹੀ ਗਾਇਬ ਕਰ ਦਿੰਦੇ ਸਨ। ਜਿਸ ਕਰਕੇ ਕਮਿਸ਼ਨ ਦੇ ਪੇਸ਼ੀ ਪੈਣ ਵੇਲੇ ਉਨ੍ਹਾਂ ਦੇ ਹੱਥ ਵਿਚ ਕੁਝ ਵੀ ਨਹੀਂ ਸੀ ਹੁੰਦਾ ਕਿ ਇਸ ਵਿਅਕਤੀ ਨੇ ਸੂਚਨਾ ਕੀ ਮੰਗੀ ਸੀ। ਅਫਸਰਸ਼ਾਹੀ ਦੀ ਇਸ ਸਮੱਸਿਆ ਦਾ ਹੱਲ ਕਰਨ ਲਈ ਕਮਿਸ਼ਨ ਨੇ ਆਮ ਲੋਕਾਂ ਦੀ ਜ਼ਿੰਮੇਵਾਰੀ ਲਾ ਦਿੱਤੀ ਕਿ ਸਾਡੇ ਅਫਸਰ ਔਖੇ ਨਾ ਹੋਣ, ਜਿਸ ਕਰਕੇ ਤੁਸੀਂ ਆਪਣੇ ਬੇਨਤੀ ਪੱਤਰ ਸਮੇਤ ਸਾਰੇ ਸਬੂਤਾਂ ਦੀਆਂ ਤਿੰਨ/ਤਿੰਨ ਕਾਪੀਆਂ ਭੇਜੋ। ਜਿਨ੍ਹਾਂ ਵਿਚੋਂ ਇੱਕ ਪੇਸ਼ੀ ਤੋਂ ਪਹਿਲਾਂ ਸਰਕਾਰੀ ਬਾਬੂਆਂ ਨੂੰ ਭੇਜੀ ਜਾ ਸਕੇ। ਅਤੇ ਇਨ੍ਹਾਂ ਵਿਚੋਂ ਇੱਕ ਕਾਪੀ ਭੇਜੀ ਵੀ ਜਾਂਦੀ ਹੈ। ਤਾਂ ਕਿ ਸੂਚਨਾ ਅਫਸਰ ਨੂੰ ਕਾਗਜ਼ ਫਰੋਲਣ ਲਈ ਬਹੁਤੀ ਮਿਹਨਤ ਨਾ ਕਰਨੀ ਪਵੇ। ਸੂਚਨਾ ਕਮਿਸ਼ਨ ਵੱਲੋਂ ਅਫਸਰਸ਼ਾਹੀ ਪ੍ਰਤੀ ਸਖ਼ਤ ਰਵੱਈਆ ਅਪਣਾਉਣ ਦੀ ਬਜਾਏ ਕਥਿਤ ਰੂਪ ਵਿਚ ਉਨ੍ਹਾਂ ਦਾ ਹੀ ਪੱਖ ਪੂਰਨ ਕਰਕੇ ਲੋਕਾਂ ਨੂੰ ਸੂਚਨਾ ਹੀ ਨਹੀਂ ਦਿੱਤੀਆਂ ਜਾ ਰਹੀਆਂ। ਪੰਜਾਬ ਦੇ ਕੁਝ ਵਿਭਾਗ ਅਜਿਹੇ ਹਨ, ਜਿਨ੍ਹਾਂ ਵਿਚ ਪੰਜਾਬ ਪੁਲਿਸ ਵੀ ਸ਼ਾਮਲ ਹੈ। ਇਹ ਵਿਭਾਗ ਜ਼ਿਆਦਾਤਰ ਸੂਚਨਾਵਾਂ ਨੂੰ ਤੀਸਰੀ ਧਿਰ ਨਾਲ ਸਬੰਧਤ ਕਹਿ ਕੇ ਵਾਪਸ ਕਰ ਦਿੰਦਾ ਹੈ, ਜਦੋਂਕਿ ਤੀਸਰੀ ਧਿਰ ਨਾਲ ਬਹੁਤ ਗਿਣਤੀ ਸੂਚਨਾਵਾਂ ਦਾ ਕੋਈ ਸਬੰਧ ਹੀ ਨਹੀਂ ਹੁੰਦਾ। ਦੁਬਾਰੇ ਫਿਰ ਉਹੀ ਚੱਕਰ ਸ਼ੁਰੂ ਹੋ ਜਾਂਦਾ ਹੈ ਕਿ ਤੀਸਰੀ ਧਿਰ ਦੀ ਸੂਚਨਾ ਦੇ ਫੈਸਲੇ ਵਾਸਤੇ ਚੰਡੀਗੜ੍ਹ ਜਾਓ, ਪੱਲਿਓਂ ਖਰਚਾ ਕਰੋ। ਕਮਿਸ਼ਨ ਵੱਲੋਂ ਇਹ ਪੁੱਛਣ ਦੀ ਬਜਾਏ ਕਿ ਇਹ ਤੀਸਰੀ ਧਿਰ ਕਿਵੇਂ ਹੋਈ, ਬਸ ਸੂਚਨਾ ਦੇਣ ਦਾ ਹੁਕਮ ਸੁਣਾ ਦਿੱਤਾ ਜਾਂਦਾ ਹੈ। ਪਰ ਤੀਸਰੀ ਧਿਰ ਕਹਿ ਕੇ ਲੋਕਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਸੂਚਨਾ ਅਫਸਰਾਂ ਨੂੰ ਕੋਈ ਤਾੜਨਾ ਨਹੀਂ ਕੀਤੀ ਜਾਂਦੀ। ਪੰਜਾਬ ਦਾ ਪੰਚਾਇਤੀ ਰਾਜ ਵਿਭਾਗ, ਆਬਕਾਰੀ ਤੇ ਕਰ ਵਿਭਾਗ, ਫੂਡ ਸਪਲਾਈ ਵਿਭਾਗ, ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਮਾਲ ਮਹਿਕਮਾ ਆਦਿ ਵਰਗੇ ਹੋਰ ਵੀ ਕਈ ਵਿਭਾਗ ਸੂਚਨਾ ਐਕਟ ਨੂੰ ਖਤਮ ਕਰਨ 'ਤੇ ਲੱਗੇ ਹੋਏ ਹਨ। ਕਿਉਂਕਿ ਪੇਂਡੂ ਖੇਤਰਾਂ ਵਿਚ ਰਹਿ ਰਹੇ ਲੋਕਾਂ ਵੱਲੋਂ ਜ਼ਿਆਦਾਤਰ ਸੂਚਨਾਵਾਂ ਪੰਚਾਇਤੀ ਰਾਜ, ਫੂਡ ਸਪਲਾਈ ਵਿਭਾਗ ਅਤੇ ਮਾਲ ਮਹਿਕਮੇ ਤੋਂ ਮੰਗੀਆਂ ਜਾਂਦੀਆਂ ਹਨ। ਜਿਹੜੇ ਆਮ ਲੋਕਾਂ ਲਈ ਸਭ ਤੋਂ ਵੱਡੀ ਸਿਰਦਰਦੀ ਦਾ ਕਾਰਨ ਬਣਦੇ ਹਨ। ਖੇਤੀਬਾੜੀ ਵਿਭਾਗ ਪੰਜਾਬ, ਪੁਲਿਸ ਮਹਿਕਮਾ, ਆਬਕਾਰੀ ਤੇ ਕਰ ਵਿਭਾਗ ਵਰਗੇ ਅਦਾਰਿਆਂ ਨਾਲ ਆਮ ਲੋਕਾਂ ਦਾ ਕੋਈ ਵਾਸਤਾ ਨਹੀਂ ਹੁੰਦਾ। ਪਰ ਸੂਚਨਾ ਦੇਣ ਦੇ ਮਾਮਲੇ ਵਿਚ ਇਨ੍ਹਾਂ ਵਿਭਾਗਾਂ ਦੇ ਜ਼ਿਲ੍ਹਾ ਜਾਂ ਬਲਾਕ ਪੱਧਰ ਦੇ ਸੂਚਨਾ ਅਫਸਰ ਬਹੁਤੀ ਜ਼ਿੰਮੇਵਾਰੀ ਨਹੀਂ ਸਮਝਦੇ, ਜਿਸ ਕਰਕੇ ਸੂਚਨਾ ਦੇ ਅਧਿਕਾਰ ਨੂੰ ਬਚਾਅ ਕੇ ਰੱਖਣ ਲਈ ਜਿੱਥੇ ਮੁੱਖ ਸੂਚਨਾ ਕਮਿਸ਼ਨ ਵੱਲੋਂ ਸਖਤਾਈ ਵਰਤੇ ਜਾਣ ਦੀ ਜ਼ਰੂਰਤ ਹੈ, ਉੱਥੇ ਹੀ ਆਮ ਲੋਕਾਂ ਨੂੰ ਇਸ ਐਕਟ ਪ੍ਰਤੀ ਜਾਗਰੂਕ ਹੋ ਕੇ ਸੰਜੀਦਗੀ ਨਾਲ ਪਹਿਰਾ ਦੇਣ ਦੀ ਵੀ ਲੋੜ ਮਹਿਸੂਸ ਹੋਣ ਲੱਗ ਪਈ ਹੈ।

# ਹਰੀ ਕ੍ਰਾਂਤੀ ਦੇ ਪਿਤਾ



ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ, ਜ਼ਿਲ੍ਹਾ-ਬਠਿੰਡਾ
70873-67969
(Punjab Mail USA)



ਡਾ. ਐੱਮ.ਐੱਸ. ਸਵਾਮੀਨਾਥਨ ਦੇ ਅਕਾਲ ਚਲਾਣੇ ਨਾਲ ਪੂਰੇ ਦੇਸ਼ ਦੇ ਨਾਲ-ਨਾਲ ਕਿਸਾਨੀ ਖ਼ੇਤਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਐੱਮ.ਐੱਸ. ਸਵਾਮੀਨਾਥਨ ਨੇ ਚਾਵਲ ਅਤੇ ਕਣਕ ਦੀਆਂ ਨਵੀਆਂ ਕਿਸਮਾਂ ਖ਼ੋਜ ਕੇ ਕਣਕ ਅਤੇ ਚਾਵਲ ਦੇ ਉਤਪਾਦਨ ਵਿਚ ਰਿਕਾਰਡਤੋੜ ਉਤਪਾਦਨ ਕਰਕੇ ਦੇਸ਼ ਨੂੰ ਭੁੱਖਮਰੀ ਵਿਚੋਂ ਕੱਢਦੇ ਹੋਏ ਦੇਸ਼ ਦੀ ਆਰਥਿਕਤਾ ਅਤੇ ਖੇਤੀ ਖ਼ੇਤਰ ਨੂੰ ਮੰਦਹਾਲੀ ਵਿਚੋਂ ਕੱਢਿਆ। ਡਾ. ਸਵਾਮੀਨਾਥਨ ਕਿਸਾਨਾਂ ਦੀ ਖ਼ੁਸ਼ਹਾਲੀ ਚਾਹੁੰਦੇ ਸਨ, ਇਸੇ ਕਰਕੇ ਉਨ੍ਹਾਂ ਮੈਡੀਕਲ ਖ਼ੇਤਰ ਦੀ ਪੜ੍ਹਾਈ ਛੱਡ ਕੇ ਖੇਤੀਬਾੜੀ ਦੀ ਪੜ੍ਹਾਈ ਕੀਤੀ। ਬਤੌਰ ਆਈ.ਪੀ.ਐੱਸ. ਚੋਣ ਹੋਣ ਦੇ ਬਾਵਜੂਦ ਉਨ੍ਹਾਂ ਨੇ ਆਈ.ਪੀ.ਐੱਸ. ਨੂੰ ਛੱਡਦੇ ਹੋਏ ਵਿਦੇਸ਼ ਵਿਚ ਜਾ ਕੇ ਖੇਤੀਬਾੜੀ ਵਿਚ ਉਚੇਰੀ ਪੜ੍ਹਾਈ ਕਰਦੇ ਹੋਏ ਖ਼ੋਜ ਕਾਰਜ ਜਾਰੀ ਰੱਖਿਆ ਅਤੇ ਨਤੀਜੇ ਵਜੋਂ ਭਾਰਤ ਆ ਕੇ ਉਨ੍ਹਾਂ ਨੇ ਹਰੀ ਕ੍ਰਾਂਤੀ ਦਾ ਮੁੱਢ ਬੰਨ੍ਹਿਆ। ਡਾ. ਸਵਾਮੀਨਾਥਨ ਅੱਜ ਸਾਡੇ ਵਿਚ ਨਹੀਂ ਰਹੇ ਪ੍ਰੰਤੂ ਉਨ੍ਹਾਂ ਦੁਆਰਾ ਖੇਤੀਬਾੜੀ ਖ਼ੇਤਰ ਵਿਚ ਪਾਏ ਮਹੱਤਵਪੂਰਨ ਯੋਗਦਾਨ ਕਰਕੇ ਹਰੀ ਕ੍ਰਾਂਤੀ ਦੇ ਪਿਤਾ ਵਜੋਂ ਹਮੇਸ਼ਾ ਯਾਦ ਰੱਖਿਆ ਜਾਵੇਗਾ। ਸਰਕਾਰ ਨੂੰ ਚਾਹੀਦਾ ਹੈ ਕਿ ਐੱਮ.ਐੱਸ. ਸਵਾਮੀਨਾਥਨ ਰਿਪੋਰਟ ਲਾਗੂ ਕਰਕੇ ਕਿਸਾਨਾਂ ਨੂੰ ਰਾਹਤ ਦੇਣ ਦੇ ਨਾਲ-ਨਾਲ ਡਾ. ਸਵਾਮੀਨਾਥਨ ਦਾ ਸੁਪਨਾ ਵੀ ਸਾਕਾਰ ਕੀਤਾ ਜਾਵੇ, ਡਾ. ਸਵਾਮੀਨਾਥਨ ਪ੍ਰਤੀ ਸਾਡੀ ਇਹੋ ਸੱਚੀ ਸ਼ਰਧਾਂਜਲੀ ਹੋਵੇਗੀ।

# ਹਰ ਮੌਸਮ ’ਚ ਖਾਓ - ਰਸੀਲਾ ਸੰਤਰਾ

**“ਵਿਟਾਮਿਨ-ਮਿਨਰਲਜ਼ ਨਾਲ ਭਰਪੂਰ ਹਰ ਮੌਸਮ ਦਾ ਪਸੰਦੀਦਾ ਫੱਲ ਸੰਤਰਾ ਸਟਰੈਸ ਦੂਰ ਕਰਨ ਵਿਚ ਮਦਦ ਕਰ ਰਿਹਾ ਹੈ। ਛੋਟੇ ਬੱਚਿਆਂ ਨੂੰ ਅਤੇ ਪੁਰਾਣੀ ਖੰਘ ਦੀ ਹਾਲਤ ’ਚ ਫੈਮਿਲੀ ਡਾਕਟਰ ਦੀ ਸਲਾਹ ਨਾਲ ਸੰਤਰੇ ਦਾ ਸੇਵਨ ਕਰਨਾ ਚਾਹੀਦਾ ਹੈ”- ਅਨਿਲ ਧੀਰ**






ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)


ਵਿਸ਼ਵ ਭਰ ਵਿਚ ਅੱਜ ਹਰ ਉਮਰ ਦੇ ਵਿਅਕਤੀ ਦਾ ਪਸੰਦੀਦਾ ਸੁਆਦੀ ਰਸੀਲਾ ਫਲ ਹੈ ਸੰਤਰਾ। 16ਵੀਂ ਸਦੀ ’ਚ ਇਹ ਫੱਲ ਯੂਰਪ ਵਿਚ ਆਮ ਮਿਲਣ ਲੱਗ ਗਿਆ ਸੀ। ਸੰਤਰੀ ਸ਼ਬਦ ਦੀ ਵਰਤੋਂ ਰੰਗ ਤੋਂ ਪਹਿਲਾਂ ਫਲ ਨੂੰ ਦਰਸਾਉਣ ਲਈ ਕੀਤੀ ਜਾਂਦੀ ਸੀ। ਵਿਸ਼ਵ ਭਰ ’ਚ ਅੰਦਾਜ਼ਨ 600 ਤੋਂ ਵੱਧ ਕਿਸਮ ਦੇ ਸੰਤਰੇ ਦੱਸੇ ਜਾ ਰਹੇ ਹਨ। ਅੰਤਰਰਾਸ਼ਟਰੀ ਪੱਧਰ ’ਤੇ ਵੈਲੇਂਸੀਆ ਸੰਤਰਾ ਫਲੇਵਰ ਅਤੇ ਸੁਆਦੀ ਲਓ ਮਸ਼ਹੂਰ ਹੈ। ਫਲੋਰੀਡਾ ਦੇ ਨੇਵਲ, ਮਿਨੀਓਲਾ ਟੈਂਜਲੋਸ, ਮੁਰਕੋਟ ਹਨੀ ਟੈਂਗਰੀਨ ਵਗੈਰਾ ਕਿਸਮ ਦੇ ਸੰਤਰੇ ਤਾਜ਼ੇ, ਮਿੱਠੇ ਤੇ ਘੱਟ ਤੇਜ਼ਾਬੀ ਮੰਨੇ ਜਾ ਰਹੇ ਹਨ। ਸੰਤਰੇ ’ਚ ਵੱਖ-ਵੱਖ ਫਾਈਟੋਕੈਮੀਕਲ -ਕੈਰੋਟੀਨੋਇਡਜ਼, ਬੀਟਾ-ਕੈਰੋਟੀਨ, ਲੂਟੀਨ ਅਤੇ ਬੀਟਾ-ਕ੍ਰਿਪਟੌਕਸੈਂਥਿਨ, ਫਲੇਵੋਨੋਇਡਜ਼ਅਤੇ ਸੰਤਰੇ ਦੀ ਖੁਸ਼ਬੂ ਪੈਦਾ ਕਰਨ ਵਾਲੇ ਬਹੁਤ ਸਾਰੇ ਅਸਥਿਰ ਮਿਸ਼ਰਣ- ਐਡੀਹਾਈਡਜ਼, ਐਸਟਰ, ਅਲਕੋਹਲ, ਟੇਰੇਪੇਨਸ ਸ਼ਾਮਿਲ ਹਨ। ਹੋਮ ਕਿਚਨ ’ਤੇ ਕਮਰਸ਼ੀਅਲ ਇੰਡਸਟਰੀ ਅੰਦਰ ਅੱਜ ਸੰਤਰੇ ਫੱਲ ਦਾ ਜੂਸ, ਮਾਮਲੇਡ, ਮਿਕਸਫਰੂਟ ਜੈਮ, ਕੇਕ, ਕੁਕੀਜ਼, ਚਾਕਲੇਟ, ਕੈਂਡੀ, ਫਰੈਗਰੇਂਸ ਵਗੈਰਾ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ। ਬ੍ਰਾਜ਼ੀਲ ਦੁਨੀਆਂ ’ਚ ਸੰਤਰੇ ਦੇ ਜੂਸ ਦਾ ਸਭ ਤੋਂ ਵੱਡਾ ਉਤਪਾਦਕ ਅਤੇ ਇਸ ਤੋਂ ਬਾਅਦ ਅਮਰੀਕਾ ਦਾ ਨਾਂ ਆ ਰਿਹਾ ਹੈ।

## ਰੇਮੇਡੀਜ਼ :

- ਹਾਈ ਬਲੱਡ ਪ੍ਰੈਸ਼ਰ ਵਾਲੇ ਡੇਲੀ ਨਾਸ਼ਤੇ ’ਚ 1 ਕੱਪ ਤਾਜ਼ੇ ਸੰਤਰੇ ਦਾ ਰਸ ਸ਼ੁਰੂ ਕਰ ਸਕਦੇ ਹਨ। ਸੰਤਰੇ ’ਚ ਕੋਈ ਸੋਡੀਅਮ ਨਹੀਂ ਹੁੰਦਾ, ਬਲਕਿ ਜੂਸ ਦਾ ਸੇਵਨ 14% ਪੋਟਾਸ਼ਿਅਮ ਦੀ ਮਾਤਰਾ ਵੱਧਾ ਸਕਦਾ ਹੈ। ਬਲੱਡ ਪ੍ਰੈਸ਼ਰ ਦੇ ਜ਼ੋਖਮ ਨੂੰ ਘਟਾਉਣ ਲਈ ਪੋਟਾਸ਼ਿਅਮ ਦਾ ਸੇਵਨ ਵਧਾਉਣ ਨਾਲ ਖੂਨ ਦੀਆਂ ਨਾੜੀਆਂ ਨੂੰ ਆਰਾਮ ਦੇਣ ਅਤੇ ਖੋਲ੍ਹਣ ’ਚ ਮਦਦ ਕਰ ਸਕਦਾ ਹੈ।
- ਕੋਲੇਸਟ੍ਰੋਲ ਨੂੰ ਘਟਾਉਣ ਲਈ ਸੰਤਰਾ ਨਮਕੀਨ ਪਾਣੀ ਨਾਲ ਕਲੀਨ ਕਰਕੇ ਫਲ ਦੇ ਨਾਲ ਛਿਲਕੇ ਦਾ ਬਾਈਟ ਵੀ ਲਿਆ ਜਾ ਸਕਦਾ ਹੈ। ਫਲ ਅੰਦਰ ਮੌਜੂਦ ਫਾਈਬਰ ਵਧਿਆ ਹੋਏ ਕੋਲੈਸਟ੍ਰੋਲ ਨੂੰ ਘਟਾਉਂਦਾ ਹੈ।
- ਡਾਇਬਟੀਜ਼ ਦੇ ਖਤਰੇ ਨੂੰ ਘੱਟ ਕਰਨ ’ਚ ਰੋਜ਼ਾਨਾਂ 4 ਗ੍ਰਾਮ ਖੁਰਾਕ ਫਾਈਬਰ ਮਦਦ ਕਰ ਸਕਦਾ ਹੈ। ਇਸ ਨਾਲ ਖੂਨ ’ਚ ਗਲੂਕੋਜ਼ ਨਹੀਂ ਘੱਟਦਾ ਪਰ ਸਰੀਰ ਇਨਸੂਲਿਨ ਪ੍ਰਤੀ ਪ੍ਰਤੀਕ੍ਰਿਆ ਕਰਨ ਦੇ ਤਰੀਕੇ ’ਚ ਸੁਧਾਰ ਕਰਦਾ ਹੈ। ਘੱਟ ਇਨਸੂਲੀਨ ਸੰਵੇਦਨਸ਼ੀਲਤਾ ਟਾਈ-2 ਡਾਇਬਟੀਜ਼ ’ਚ ਯੋਗਦਾਨ ਪਾ ਸਕਦੀ ਹੈ। ਸਰੀਰ ਫਾਈਬਰ ਨੂੰ ਹੋਰ ਪੌਸ਼ਟਿਕ ਤੱਤਾਂ ਨਾਲੋਂ ਹੋਲੀ-ਹੋਲੀ ਪ੍ਰੋਸੈਸ ਕਰਦਾ ਹੈ, ਇਸ ਲਈ ਬਾਰ-ਬਾਰ ਸਨੈਕਸ ਲੈਣ ਦੀ ਇੱਛਾ ਘੱਟ ਜਾਂਦੀ ਹੈ।
- ਤੰਦਰੁਸਤ ਮਨ ਅਤੇ ਸਰੀਰ ਲਈ ਸੰਤਰੇ ਦੀ ਫਰੂਟ-ਸਲਾਦ ’ਚ ਅਨਾਨਾਸ, ਸਟ੍ਰਾਬੇਰੀ, ਪੀਅਰ ਨੂੰ ਸ਼ਾਮਿਲ ਕਰੋ।
- ਫਲ ਅੰਦਰ ਮੌਜੂਦ ਵਿਟਾਮਿਨ-ਸੀ ਚਮੜੀ ਨੂੰ ਹੈਲਦੀ ਰੱਖਦਾ ਹੈ। ਕੋਲੇਜਨ ਦੇ ਉਤਪਾਦਨ ’ਚ ਯੋਗਦਾਨ ਪਾ ਕੇ ਜ਼ਖਮਾਂ ਨੂੰ ਆਰਾਮ ਦਿੰਦਾ ਹੈ। ਚਮੜੀ ਦਾ ਲਚਕੀਲਾਪਨ, ਡ੍ਰਾਈਨੈਸ ਅਤੇ ਰਿੰਕਲਸ ਨੂੰ ਠੀਕ ਕਰਨ ’ਚ ਮਦਦ ਕਰ ਸਕਦਾ ਹੈ।
- ਸੰਤਰੇ ’ਚ ਮੌਜੂਦ ਕੋਲੀਨ ਅਤੇ ਜ਼ੈਕਸਨਥਿਨ: ਚੰਗੀ ਨੀਂਦ, ਹੈਲਦੀ ਅੱਖਾਂ, ਮਾਸਪੇਸ਼ੀਆਂ ਦੀ ਗਤੀ, ਸਿੱਖਣ ਅਤੇ ਯਾਦਾਸ਼ਤ ਬੇਹਤਰ ਕਰਨ ’ਚ ਹੈਲਪ ਕਰਦਾ ਹੈ। ਸਰੀਰ ਅੰਦਰ ਸੋਜ਼ਿਸ਼ ਨੂੰ ਘਟਾਉਂਦਾ ਹੈ।
- ਚਿਹਰੇ ਦੀ ਖੂਬਸੂਰਤੀ ਲਈ ਔਰਤਾਂ ਸੰਤਰੇ ਦੇ ਛਿਲਕਾ ਪਾਊਡਰ ’ਚ ਸ਼ਹਿਦ ਮਿਕਸ ਕਰਕੇ ਬਤੌਰ ਫੇਸ-ਪੈਕ ਇਸਤੇਮਾਲ ਕਰ ਸਕਦੀਆਂ ਹਨ।
- ਆਮ ਘਬਰਾਹਟ ਘੱਟ ਕਰਨ ਲਈ ਸੰਤਰਾ ਖਾਣ ਦੇ ਨਾਲ-ਨਾਲ ਤਾਜ਼ਾ ਛਿਲਕਾ ਦਬਾ ਕੇ ਸੁੰਘਣ ਨਾਲ ਮਦਦ ਮਿਲਦੀ ਹੈ।

**ਨੋਟ :** ਗਰਭਵਤੀ ਔਰਤਾਂ, ਛੋਟੇ ਬੱਚੇ ਅਤੇ ਖਾਂਸੀ, ਗਲੇ ਦੀ ਬਿਮਾਰੀ ’ਚ ਸੰਤਰੇ ਦਾ ਸੇਵਨ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਕਰਨਾ ਚਾਹੀਦਾ ਹੈ।

# ਪੰਜਾਬ ਦੀ ਵੰਡ ਦਾ ਗੁਰਮੁਖੀ, ਉਰਦੂ ’ਤੇ ਪ੍ਰਭਾਵ


ਸੱਤਪਾਲ ਸਿੰਘ ਦਿਓਲ
ਐਡਵੋਕੇਟ, 98781-70771
(Punjab Mail USA)




ਮੇਰੇ ਮਾਤਾ-ਪਿਤਾ ਪੜ੍ਹੇ-ਲਿਖੇ ਨਹੀਂ ਸਨ। ਬਚਪਨ ਵਿਚ ਉਹ ਦੱਸਿਆ ਕਰਦੇ ਸਨ ਕਿ ਉਰਦੂ ਮੁਸਲਮਾਨਾਂ ਦੀ ਭਾਸ਼ਾ ਹੈ। ਇਸੇ ਤਰ੍ਹਾਂ ਮੇਰੇ ਹਮਉਮਰ ਪਾਕਿਸਤਾਨੀ ਮਿੱਤਰ ਨੇ ਦੱਸਿਆ ਕਿ ਉਸ ਦੇ ਮਾਤਾ-ਪਿਤਾ ਬਚਪਨ ਵਿਚ ਸਮਝਾਉਂਦੇ ਸੀ ਕਿ ਗੁਰਮੁਖੀ ਸਿੱਖਾਂ ਦੀ ਭਾਸ਼ਾ ਹੈ। ਜਦੋਂ ਆਜ਼ਾਦ ਭਾਰਤ ਵਿਚ ਪੰਜਾਬੀ ਸੂਬੇ ਦਾ ਸੰਘਰਸ਼ ਚੱਲ ਰਿਹਾ ਸੀ, ਤਾਂ ਪੰਜਾਬ ਵਿਚ ਬਹੁਤ ਸਾਰੇ ਹਿੰਦੂ ਭਾਈਚਾਰੇ ਨੂੰ ਪ੍ਰੇਰਿਤ ਕਰਕੇ ਉਨ੍ਹਾਂ ਦੀ ਮਾਤਰ ਭਾਸ਼ਾ ਹਿੰਦੀ ਲਿਖਵਾ ਦਿੱਤੀ ਗਈ। ਪੰਜਾਬੀ ਦੇ ਪ੍ਰਤੀ ਨਫਰਤ ਪੈਦਾ ਕਰਨ ਦੀ ਕੋਸ਼ਿਸ ਕੀਤੀ ਗਈ। ਬਹੁਤ ਦੇਰ ਬਾਅਦ ਬਹੁਤ ਸਾਰੇ ਲੋਕਾਂ ਨੇ ਇਸ ’ਤੇ ਪਛਤਾਵਾ ਵੀ ਜ਼ਾਹਰ ਕੀਤਾ। ਇਹ ਮਾਨਸਿਕਤਾ ਆਖਰ ਸ਼ੁਰੂ ਕਿੱਥੋਂ ਹੋਈ? ਕੀ ਭਾਸ਼ਾ ਕਿਸੇ ਤਬਕੇ ਨੂੰ ਕੋਈ ਨੁਕਸਾਨ ਪਹੁੰਚਾ ਸਕਦੀ ਹੈ?



ਭਾਰਤੀ ਪੰਜਾਬ ਵਿਚ ਉਰਦੂ, ਗੁਰਮੁਖੀ ਤੋਂ ਬਾਅਦ ਦੂਸਰੀ ਜ਼ਰੂਰੀ ਭਾਸ਼ਾ ਸੀ। ਜਿਸ ਨੂੰ ਸਮੁੱਚੇ ਪੰਜਾਬੀ ਸਮਾਜ ਵਿਚ ਅਹਿਮ ਤੇ ਜ਼ਰੂਰੀ ਸਥਾਨ ਹਾਸਲ ਸੀ। ਆਜ਼ਾਦੀ ਤੋਂ ਪਹਿਲਾਂ ਜਾਂ ਬਾਅਦ ਵਿਚ ਲਹਿੰਦੇ ਪੰਜਾਬ ਵੱਲੋਂ ਹਿਜਰਤ ਕਰਕੇ ਆਏ ਲੋਕ ਉਰਦੂ ਦੀ ਬਹੁਤ ਜਾਣਕਾਰੀ ਰੱਖਦੇ ਸੀ। ਮਾਲ ਰਿਕਾਰਡ ਤੇ ਸਰਕਾਰੇ-ਦਰਬਾਰੇ ਬਹੁਤ ਸਾਰੇ ਦਸਤਾਵੇਜ਼ ਉਰਦੂ ਵਿਚ ਹੀ ਲਿਖੇ ਹੁੰਦੇ ਸੀ। ਪਰ ਸਾਡੇ ਲੋਕ ਬਹੁਤੇ ਪੜ੍ਹੇ-ਲਿਖੇ ਨਹੀਂ ਸਨ। ਸਿੱਖ ਭਾਈਚਾਰੇ ਨਾਲ ਮੁਸਲਮਾਨ ਹੁਕਮਰਾਨਾਂ ਵੱਲੋਂ ਕੀਤੇ ਜ਼ੁਲਮਾਂ ਨੇ ਉਰਦੂ ਨੂੰ ਸਿੱਖਾਂ ਤੋਂ ਦੂਰ ਕਰਨ ਦੀ ਮਾਨਸਿਕਤਾ ਬਣਾਈ। ਇੰਨਾ ਹੀ ਨਹੀਂ, ਮੁਸਲਮਾਨ ਹੁਕਮਰਾਨਾਂ ਵੱਲੋਂ ਸੱਤਾ ਦੇ ਹੰਕਾਰ ਵਿਚ ਸਿੱਖ ਧਰਮ ਦੇ ਪੈਰੋਕਾਰਾਂ ’ਤੇ ਜੋ ਜ਼ੁਲਮ ਕੀਤੇ, ਉਨ੍ਹਾਂ ਦੇ ਕਾਰਨ ਸੰਤਾਲੀ ਦੇ ਦੰਗੇ ਵੀ ਭੜਕੇ ਅਤੇ ਉਰਦੂ ਪ੍ਰਤੀ ਨਫਰਤੀ ਮਾਨਸਿਕਤਾ ਵੀ ਬਣਾਈ। ਭਾਰਤੀ ਪੰਜਾਬ ਵਿਚ ਮਾਲ ਵਿਭਾਗ ਦੇ ਪੁਰਾਣੇ ਦਸਤਾਵੇਜ਼ਾਂ ਦਾ ਉਲੱਥਾ ਕਰਨ ਲਈ ਅੱਜ ਉਰਦੂ ਦੇ ਜਾਣਕਾਰ ਲੱਭਣੇ ਪੈਂਦੇ ਹਨ, ਜਿਹੜੇ ਕਿ ਅੱਜਕੱਲ੍ਹ ਬਹੁਤ ਥੋੜੇ ਸੇਵਾਮੁਕਤ ਕਾਨੂੰਨਗੋ, ਤਹਿਸੀਲਦਾਰ ਜਾਂ ਹੋਰ ਅਧਿਕਾਰੀ ਹਨ। ਆਉਣ ਵਾਲੇ ਸਮੇਂ ਵਿਚ ਇਹ ਵੀ ਉਪਲਬਧ ਨਹੀਂ ਹੋਣਗੇ। ਆਜ਼ਾਦ ਭਾਰਤ ਦੇ ਪੰਜਾਬ ਵਿਚ ਉਰਦੂ ਪੜ੍ਹਨ ਨਾਲ ਕੋਈ ਨੁਕਸਾਨ ਨਹੀਂ ਸੀ ਹੁੰਦਾ, ਵਿਹਾਰਕ ਤੌਰ ’ਤੇ ਬਹੁਤ ਫਾਇਦਾ ਹੋਣਾ ਸੀ। ਜੇ ਸਿਰਫ ਭਾਸ਼ਾ ਹੀ ਕਿਸੇ ਤਬਕੇ ਦਾ ਨੁਕਸਾਨ ਕਰਦੀ ਹੁੰਦੀ, ਤਾਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਉਰਦੂ ਫਾਰਸੀ ਸੰਸਕ੍ਰਿਤ ਆਦਿਕ ਭਾਸ਼ਾਵਾਂ ਵਿਚ ਵਿਦਵਤਾ ਕਿਉਂ ਹਾਸਲ ਕਰਦੇ। ਸਾਡੇ ਵਡੇਰਿਆਂ ਨੇ ਜੋ ਹੋਰਨਾਂ ਭਾਸ਼ਾਵਾਂ ਦਾ ਅਧਿਐਨ ਕੀਤਾ, ਉਸ ਨਾਲ ਗੁਰਮੁਖੀ ਦਾ ਸਰਬਪੱਖੀ ਵਿਕਾਸ ਹੋਇਆ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਦੋ ਤਬਕਿਆਂ ਦੀ ਨਫਰਤ ਨੂੰ ਆਮ ਲੋਕਾਂ ਵਿਚ ਦੂਰ ਕਰਨ ਦੀ ਸਮਝ ਨਹੀਂ ਹੁੰਦੀ ਪਰ ਵਿਵੇਕਸ਼ੀਲ ਲੋਕ ਆਮ ਲੋਕਾਈ ਨੂੰ ਜਾਗਰੂਕ ਕਰਕੇ ਇਹ ਕਰ ਸਕਦੇ ਹਨ। ਇਤਿਹਾਸ ਗਵਾਹ ਹੈ ਆਗੂ ਹੱਥ ਵਿਵੇਕਸ਼ੀਲ ਲੋਕਾਂ ਨੂੰ ਅਜਿਹਾ ਨਹੀਂ ਕਰਨ ਦਿੰਦੇ। ਪਰ ਆਜ਼ਾਦੀ ਤੋਂ ਪਹਿਲਾਂ ਜਾਂ ਬਾਅਦ ਵਾਲੇ ਰਾਜਨੀਤਿਕ ਲੋਕਾਂ ਨੇ ਭਾਸ਼ਾਵਾਂ ਨੂੰ ਉਥਾਨ ਵੱਲ ਜਾਣ ਦੀ ਬਜਾਏ ਨਿਘਾਰ ਵੱਲ ਲਿਜਾ ਕੇ ਆਪਣਾ ਉੱਲੂ ਸਿੱਧਾ ਕਰਨ ਨੂੰ ਤਰਜੀਹ ਦਿੱਤੀ। ਜਿਸ ਤਰ੍ਹਾਂ ਦੀ ਨਫਰਤ ਉਰਦੂ ਪ੍ਰਤੀ ਸਾਡੇ ਲੋਕਾਂ ਨੇ ਪੈਦਾ ਕਰ ਲਈ, ਉਸ ਤੋਂ ਕਿਤੇ ਵੱਧ ਲਹਿੰਦੇ ਪੰਜਾਬ ਦੇ ਲੋਕਾਂ ਵਿਚ ਗੁਰਮੁਖੀ ਬਾਰੇ ਪੈਦਾ ਹੋ ਗਈ। ਦੋ ਤਬਕਿਆਂ ਵਿਚ ਵੰਡ ਸਮੇਂ ਹੋਈ ਵੱਡ-ਟੁੱਕ ਨੇ ਇਸ ਵਿਚ ਵੱਡੀ ਭੂਮਿਕਾ ਨਿਭਾਈ। ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਪੀੜਤ ਲੋਕਾਂ ਨਾਲ ਹੋਈਆਂ ਜ਼ਿਆਦਤੀਆਂ ਨੇ ਅੱਗ ’ਤੇ ਘਿਓ ਪਾਉਣ ਦਾ ਕੰਮ ਕੀਤਾ। ਇਹ ਭਾਸ਼ਾਈ ਪਾੜਾ ਵਧ ਕੇ ਬਹੁਤ ਵੱਡਾ ਹੋ ਗਿਆ, ਜਿਸ ਦੇ ਨਤੀਜੇ ਵਜੋਂ ਪੱਛਮੀ ਪੰਜਾਬ ਵਿਚਲੀ ਪੰਜਾਬੀ ਨੂੰ ਉਰਦੂ ਨੇ ਨਿਗਲ ਲਿਆ ਤੇ ਚੜ੍ਹਦੇ ਪੰਜਾਬ ਦੀ ਉਰਦੂ ਨੂੰ ਹਿੰਦੀ, ਅੰਗਰੇਜ਼ੀ ਨੇ ਨਿਗਲ ਲਿਆ। ਇਥੇ ਇਹ ਵੀ ਕਾਬਲੇ-ਗੌਰ ਹੈ ਕਿ ਉਰਦੂ ਚੜ੍ਹਦੇ ਪੰਜਾਬ ਵਿਚ ਦੂਸਰੀ ਭਾਸ਼ਾ ਵਜੋਂ ਪੜ੍ਹਾਈ ਜਾ ਸਕਦੀ ਸੀ, ਰਾਜਨੀਤਿਕ ਮਨਸੂਬਿਆਂ ਦੇ ਢਹੇ ਚੜ੍ਹ ਕੇ ਅਜਿਹਾ ਸੰਭਵ ਨਹੀਂ ਹੋ ਸਕਿਆ। ਪੰਜਾਬੀ ਵਾਸਤੇ ਢੁੱਕਵੀਂ ਲਿਪੀ ਗੁਰਮੁਖੀ ਹੈ ਪਰ ਲਹਿੰਦੇ ਪੰਜਾਬ ਵਿਚ ਮਜ਼ਹਬ ਦੇ ਕਾਰਨਾਂ ਕਰਕੇ ਇਸ ਨੂੰ ਲਿਖਣ ਲਈ ਗੁਰਮੁਖੀ ਲਿਪੀ ਅਪਣਾਈ ਨਹੀਂ ਗਈ। ਅੱਜ ਵੀ ਉੱਥੇ ਗੁਰਮੁਖੀ ਦੀ ਹੋਂਦ ਬਰਕਰਾਰ ਰੱਖਣ ਲਈ ਉਥੋਂ ਦੇ ਬੁੱਧੀਜੀਵੀ ਯਤਨਸ਼ੀਲ ਹਨ।

ਚੜ੍ਹਦੇ ਪੰਜਾਬ ਦੇ ਟੁਕੜੇ ਕਰਨ ਸਮੇਂ ਭਾਸ਼ਾਈ ਵੰਡ ਵੀ ਰਾਜਨੀਤਿਕ ਮਨਸੂਬਿਆਂ ਨੂੰ ਮੁੱਖ ਰੱਖ ਕੇ ਕੀਤੀ ਗਈ। ਪੰਜਾਬੀ ਦੀਆਂ ਉੱਪ ਬੋਲੀਆਂ ਵਾਲੇ ਇਲਾਕੇ ਹਿੰਦੀ ਭਾਸ਼ਾਈ ਇਲਾਕੇ ਗਰਦਾਨ ਦਿੱਤੇ ਗਏ। ਉਨ੍ਹਾਂ ਦੇ ਵੱਖਰੇ ਸੂਬੇ ਬਣਾ ਕੇ ਉੱਥੇ ਹਿੰਦੀ ਨੂੰ ਪਹਿਲੀ ਭਾਸ਼ਾ ਬਣਾ ਦਿੱਤਾ ਗਿਆ। ਉੱਥੇ ਵਸਦੇ ਹਿੰਦੂ ਭਾਈਚਾਰੇ ਨੂੰ ਰਾਜਨੀਤਿਕ ਮਨਸੂਬੇ ਤੋਂ ਪ੍ਰੇਰਿਤ ਕਰ ਲਿਆ ਗਿਆ। ਹਿੰਦੀ ਜਾਂ ਅੰਗਰੇਜ਼ੀ ਪੜ੍ਹਨ ਵਿਚ ਕੋਈ ਬੁਰਾਈ ਨਹੀਂ ਪਰ ਇਨ੍ਹਾਂ ਭਾਸ਼ਾਵਾਂ ਨੂੰ ਜ਼ਬਰਦਸਤੀ ਪੰਜਾਬੀ ਉਪਰ ਭਾਰੂ ਕਰਨ ਦੀ ਕੋਸ਼ਿਸ ਕੀਤੀ ਗਈ। ਭਾਰਤ ਸਰਕਾਰ ਹੁਣ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਆਪਣੇ ਦਸਤਾਵੇਜ਼ ਛਾਪਦੀ ਹੈ। ਸ਼ਾਇਦ ਭਾਰਤ ਸਰਕਾਰ ਨੂੰ ਸਮਝ ਆ ਗਿਆ ਹੋਵੇਗਾ, ਜਿਹੜੇ ਲੋਕ ਉਨ੍ਹਾਂ ਵੱਲੋਂ ਲਿਖੀ ਭਾਸ਼ਾ ਨਹੀਂ ਸਮਝ ਸਕਦੇ, ਉਨ੍ਹਾਂ ਲਈ ਕਾਲਾ ਅੱਖਰ ਮੱਝ ਬਰਾਬਰ ਹੋਵੇਗਾ। ਇੱਕ ਸਮਾਂ ਸੀ, ਜਦੋਂ ਭਾਰਤ ਸਰਕਾਰ ਵੱਲੋਂ ਸਿਰਫ ਤੇ ਸਿਰਫ ਹਿੰਦੀ ਜਾਂ ਅੰਗਰੇਜ਼ੀ ਵਿਚ ਹੀ ਦਸਤਾਵੇਜ਼ ਛਾਪੇ ਜਾਂਦੇ ਸੀ ਤੇ ਪੱਤਰ-ਵਿਹਾਰ ਦੀ ਮੁੱਖ ਭਾਸ਼ਾ ਹਿੰਦੀ ਹੁੰਦੀ ਸੀ। ਹੱਦ ਤਾਂ ਉਦੋਂ ਹੋ ਗਈ, ਜਦੋਂ ਗਵਾਂਢੀ ਸੂਬੇ ਹਰਿਆਣਾ ਵਿਚ ਇੱਕ ਸਮੇਂ ਪੰਜਾਬੀ ਦੀ ਥਾਂ ’ਤੇ ਤਾਮਿਲ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਗਿਆ।

ਮੌਜੂਦਾ ਹਾਲਾਤ ਵਿਚ ਚੜ੍ਹਦੇ ਜਾਂ ਲਹਿੰਦੇ ਪੰਜਾਬ ਵਿਚ ਕ੍ਰਮਵਾਰ ਜੋ ਉਰਦੂ ਜਾਂ ਗੁਰਮੁਖੀ ਦਾ ਨੁਕਸਾਨ ਹੋ ਚੁੱਕਾ ਹੈ, ਉਸ ਦੀ ਭਰਪਾਈ ਹੁਣ ਲੱਗਦਾ ਹੈ ਨਹੀਂ ਹੋ ਸਕਦੀ। ਜੋ ਇਨ੍ਹਾਂ ਦੋਵੇਂ ਭਾਸ਼ਾਵਾਂ ਨੇ ਇੱਕ ਦੂਜੇ ਨਾਲ ਕੀਤਾ, ਉਹੋ ਅੱਜਕੱਲ੍ਹ ਅੰਗਰੇਜ਼ੀ ਸਾਰੀਆਂ ਭਾਸ਼ਾਵਾਂ ਨਾਲ ਕਰ ਰਹੀ ਹੈ। ਅੰਗਰੇਜ਼ੀ ਸਕੂਲ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਗਲ-ਮੁਹੱਲਿਆਂ ਤੱਕ ਪਹੁੰਚ ਚੁੱਕੇ ਹਨ। ਇਹ ਇੱਕ ਹੋਰ ਮਾਰ ਹੈ, ਜਿਸ ਨੂੰ ਦੋਵੇਂ ਪੰਜਾਬ ਸਹਿ ਰਹੇ ਹਨ। ਅੰਗਰੇਜ਼ੀ ਸਕੂਲਾਂ ਦਾ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਹੜ੍ਹ ਆਇਆ ਹੈ, ਜਿਸ ਦਾ ਅਸਰ ਬੇਗਾਨੀਆਂ ਭਾਸ਼ਾਵਾਂ ਨਾਲੋਂ ਪੰਜਾਬੀ ਤੇ ਉਰਦੂ ’ਤੇ ਜ਼ਿਆਦਾ ਦੇਖਣ ਲਈ ਮਿਲ ਰਿਹਾ ਹੈ। ਭਵਿੱਖ ਵਿਚ ਅਜੇ ਹੋਰ ਔਖੇ ਦੌਰ ਵਿਚੋਂ ਇਹ ਦੋਵੇਂ ਭਾਸ਼ਾਵਾਂ ਲੰਘਣਗੀਆਂ ਤੇ ਚੁਣੌਤੀਆਂ ਦਾ ਸਾਹਮਣਾ ਇਸ ਨੂੰ ਬਚਾਉਣ ਵਾਲੇ ਲੋਕਾਂ ਨੂੰ ਕਰਨਾ ਪਵੇਗਾ। ਕਿਸੇ ਵੀ ਭਾਸ਼ਾ ਨੂੰ ਕਿਸੇ ਧਰਮ ਜਾਂ ਫਿਰਕੇ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ।

## ਕੰਡਾ

ਕੁਦਰਤ ਨੇ ਆਪਣਾ ਪਹਿਲਾ ਅੱਖਰ, ਮੇਰੀ ਝੋਲੀ ਪਾਇਆ,
ਪਿਆਰ ਨਾਲ ਸਾਰੇ ਫ਼ਰਜ਼ ਸਮਝਾ ਕੇ, ਮੈਨੂੰ ਕਿੱਤੇ ਲਾਇਆ।

ਇਹ ਦੁਨੀਆ ਹੈ ਸੇਜ ਸੂਲਾਂ ਦੀ, ਚੋਭਾਂ ਨੇ ਹਰ ਪਾਸੇ,
ਤੇਰੇ ਲਈ ਪਰ ਸਭ ਨੇ ਇੱਕੋ, ਹੌਕੇ, ਹਾਅਵੇ, ਹਾਸੇ!

ਨਾ, ਨਾ ਕਦੀ ਤੂੰ ਸੀਅ ਨਹੀਂ ਕਰਨੀ, ਧਾਅ ਮਾਰ ਨਹੀਂ ਰੋਣਾ,
ਵਫ਼ਾਦਾਰੀ ਰੱਖੀਂ ਨਿੱਤ ਪੱਲੇ, ਜਿੱਥੇ ਵੀ ਪਵੇ ਖਲੋਣਾ!

ਸੁੰਦਰਤਾ 'ਤੇ ਕੋਮਲਤਾ ਦੀ, ਰਾਖੀ ਤੇਰੇ ਪੱਲੇ,
ਦੇਖੀਂ ਹਥਿਆਰ ਸਾਂਭ ਕੇ ਵਰਤੀਂ, ਰੱਖੀਂ ਹੱਥ ਨਿਚੱਲੇ!

ਕਈ ਬਣਨਗੇ ਤੇਰੇ ਦੁਸ਼ਮਣ, ਖ਼ਾਰ ਖਾਣਗੇ ਤੈਥੋਂ,
ਖੋਹਣਗੇ ਤੇਰੇ ਹੱਕ ਉਹ ਤੈਥੋਂ, ਇੱਧਰੋਂ, ਉੱਧਰੋਂ, ਹੈਥੋਂ!

ਜਿੱਥੇ ਵੀ ਹੋਵੇ ਜ਼ਿਕਰ ਫੁੱਲ ਦਾ, ਉੱਥੇ ਲਾਜ਼ਮੀ ਹੋਵੇ ਮੇਰਾ,
ਸ਼ਾਇਰ, ਅਦੀਬ ਹਮੇਸ਼ਾ ਦਿੰਦੇ, ਮੇਰਾ ਹੱਕ ਵਧੇਰਾ।

ਮਾਣ ਹੈ ਮੈਨੂੰ ਆਪਣੇ ਕੰਮ 'ਤੇ, ਕੁਰਬਾਨ ਹੋਵਾਂ ਲੱਖ ਵਾਰੀ,
ਦਿਲ ਉੱਤੇ ਲੱਖ ਨਸ਼ਤਰ ਚੱਲਣ, ਭਾਵੇਂ ਤਨ ਤੇਜ਼ ਕਟਾਰੀ।

ਕੰਡਾ ਹਾਂ ਕੰਡਾ ਹੀ ਰਹਾਂਗਾ, ਮੈਨੂੰ ਬੀਜੋ ਜਾਂ ਮੈਨੂੰ ਵੱਢੋ,
ਫਿਤਰਤ ਨਾ ਮੈਂ ਛੱਡਾਂ ਹੱਥੋਂ, ਮੈਨੂੰ ਰੱਖੋ 'ਤੇ ਭਾਵੇਂ ਛੱਡੋ।

ਸਫ਼ਰ ਬੜਾ ਹੀ ਮੈਂ ਤੈਅ ਕੀਤਾ, ਝੱਲੀ ਗਰਮੀ ਸਰਦੀ,
ਕਾਸ਼ ਇਸ ਜਹਾਨ 'ਤੇ ਹੁੰਦਾ, ਮੇਰਾ ਵੀ ਕੋਈ ਦਰਦੀ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
(Punjab Mail USA)

## ਡਾਲਰ

ਡਾਲਰ ਹੱਥੋਂ ਹਾਰ ਗਏ ਨੇ ਮੋਹ ਮਮਤਾ ਤੇ ਪਿਆਰ ਭਰਾਵੋ
ਇਸ ਚੰਦਰੇ ਦੀ ਲਲਕ ਨੇ ਦਿੱਤਾ ਵੰਡ ਸਾਰਾ ਪਰਿਵਾਰ ਭਰਾਵੋ

ਚੋਗਾ ਰਹੇ ਖਵਾਉਂਦੇ ਜਿਸਨੂੰ ਚੁਗ ਚੁਗ ਚਾਵਾਂ ਨਾਲ ਬੜੇ
ਖੰਭ ਮਿਲਣ 'ਤੇ ਬੋਟ ਲਾਡਲਾ ਗਿਆ ਉਡਾਰੀ ਮਾਰ ਭਰਾਵੋ

ਸਿੰਜਿਆ ਸੁਰਖ਼ ਗੁਲਾਬ ਸੀ ਜਿਹੜਾ ਰੱਤ ਜਿਗਰ ਦੇ ਨਾਲ ਅਸਾਂ
ਅੱਜ ਉਹ ਧਰਤ ਬਿਗਾਨੀ ਉਤੇ ਮਹਿਕਾਂ ਰਿਹਾ ਖਿਲਾਰ ਭਰਾਵੋ

ਰੁੱਤ ਹਿਜਰ ਦੀ ਆ ਗਈ ਵਗਦਾ ਨੈਣੋਂ ਰਹਿੰਦਾ ਨੀਰ ਸਦਾ
ਬੁੱਲ੍ਹਾਂ ਉੱਤੇ ਚੁੱਪ ਦਾ ਪਹਿਰਾ ਦਿਲ ਵਿਚ ਹਾਹਾਕਾਰ ਭਰਾਵੋ

ਸਮਝ ਨਾ ਆਵੇ ਸ਼ਕਤੀ ਕਿਹੜੀ ਇਸ ਡਾਲਰ ਦੇ ਅੰਦਰ ਹੈ
ਕਿਵੇਂ ਨਚਾਈ ਜਾਂਦਾ ਸਾਰਾ ਉਂਗਲ 'ਤੇ ਸੰਸਾਰ ਭਰਾਵੋ

ਮਾਪੇ 'ਕੱਲੇ ਛੱਡ ਘਰਾਂ ਵਿਚ ਬੱਚੇ ਤੁਰੇ ਵਿਦੇਸ਼ਾਂ ਨੂੰ
ਖਾਲੀ ਹੋਇਆ ਵਿਹੜਾ ਕਿੱਦਾਂ ਹੋਵੇਗਾ ਗੁਲਜ਼ਾਰ ਭਰਾਵੋ

ਮਾਇਆ ਭਾਰੀ ਪੈ ਗਈ ਹੈ ਹਰ ਰਿਸ਼ਤੇ 'ਤੇ ਅੱਜਕੱਲ੍ਹ
ਕਲਯੁੱਗ ਦੇ ਹਰ ਜੀਵ ਦੀ ਇਹ ਜ਼ਿੰਦਗੀ ਦਾ ਹੈ ਸਾਰ ਭਰਾਵੋ

ਰੱਬ ਕਰੇ ਉਹ ਰਾਜ਼ੀ ਰਹਿਸਣ ਗਏ ਜੋ ਸੱਤ ਸਮੁੰਦਰੋਂ ਪਾਰ
ਸਾਡਾ ਕੀ ਹੈ ਕੱਟ ਹੀ ਲਵਾਂਗੇ ਜ਼ਿੰਦਗੀ ਦੇ ਦਿਨ ਚਾਰ ਭਰਾਵੋ

-ਨਿਰਮਲ ਸਿੰਘ ਰੱਤਾ, ਅੰਮ੍ਰਿਤਸਰ।
84270-07623
(Punjab Mail USA)

## ਅੱਸੂ ਕੱਤੇ ਦੇ ਦਿਨ

ਅੱਸੂ ਵਿੱਚ ਪੱਕਦੀਆਂ, ਮੱਕੀ ਦੀਆਂ ਛੱਲੀਆਂ।
ਤੋੜ ਲਿਆਂਦੇ ਭਿੰਡੀ, ਗੁਆਰ ਦੀਆਂ ਫਲੀਆਂ।
ਚੁਗਣ ਖਿੜੀ ਕਪਾਹ, ਚੋਗੀਆਂ ਤੇ ਜੱਟੀਆਂ।
ਗੁੰਦੇ ਵਾਲ ਮੀਢੀਆਂ, ਸਿਰ ਸੋਹਵਣ ਪੱਟੀਆਂ।

ਬਾਜਰਾ, ਮੋਠ ਤੇ ਮੂੰਗੀ, ਚਰ੍ਹੀ ਚੜ੍ਹੀ ਸਿਰ ਉੱਤੇ।
ਝੋਨਾ, ਬਾਸਮਤੀ ਖੇਤੀਂ, ਆਈ ਕੱਟਣ ਦੀ ਰੁੱਤੇ।
ਰੁੱਝੇ ਕਿਰਤੀ ਕਿਸਾਨ, ਮਾਰਦੇ ਖੇਤਾਂ 'ਚ ਮੱਘੇ।
ਸਿਰ ਖੁਰਕਣ ਦਾ, ਵੇਹਲ ਨਾ ਕਿਸੇ ਨੂੰ ਲੱਗੇ।

ਵੱਢਣੇ ਬਾਜਰੇ ਦੇ ਛਿੱਟੇ, ਲਾਣੇ ਟਾਂਡੇ ਮੁਹਾਰੇ।
ਕੱਢ ਹਲ ਦੇ ਸਿਆੜ, ਸੁਹਾਗੇ ਜਾਣੇ ਮਾਰੇ।
ਫਿਰ ਕਰਨੀ ਰੌਣੀ, ਹੋਣੀ ਵਾਰੀ ਦੀ ਲੜਾਈ।
ਧੱਕਾ ਮੁੱਕੀ ਹੋਣੀ, ਫਿਰ ਸੁਲਾਹ ਤੇ ਸਫਾਈ।

ਲੈ ਬਾਂਸ ਦੀ ਪੌੜੀ, ਤੁਖਾਣ ਕਿਲੀਆਂ ਘੜਦੇ।
ਰਲ ਛੋਟੇ ਤੇ ਵੱਡੇ, ਬੰਦਾਂ 'ਚੋਂ ਛੱਲੀਆਂ ਕੱਢਦੇ।
ਸੁੱਟ ਤਰਪਾਲ ਉੱਤੇ, ਲਾਂਦੇ ਛੱਲੀਆਂ ਦੇ ਢੇਰ।
ਸੁਕਾਉਣ ਤੋਂ ਬਾਅਦ, ਫੜ ਡੰਡੇ ਕੁੱਟਦੇ ਫੇਰ।

ਸ਼ਾਇਦ ਓਪਰਾ ਲੱਗੂ, ਹੁਣ ਇਹ ਨਵੇਂ ਜੁਆਕਾਂ।
ਛੱਲੀਆਂ ਕੁੱਟਦੇ ਸਨ, ਜਿਨ੍ਹਾਂ ਖਾਧੀਆਂ ਖੁਰਾਕਾਂ।
ਪਾ ਕੇ ਛੱਜਾਂ ਵਿਚ ਦਾਣੇ, ਸਿਰ ਚੁੱਕਕੇ ਉਡਾਉਣੇ।
ਗਿੱਲੀ ਮੱਕੀ ਦੇ ਮੁਰਮੁਰੇ, ਜਾ ਕੇ ਭੱਠੀ ਭੁੰਨਾਉਣੇ।

ਅੱਸੂ ਕੱਤੇ ਦਾ ਇਹ ਮੌਸਮ, ਬੜਾ ਹੁੰਦਾ ਹੈ ਨਿਰਾਲਾ।
ਦਿਨੇ ਪੈਂਦੀ ਡਾਢੀ ਧੁੱਪ, ਰਾਤੀਂ ਹੁੰਦਾ ਹੈ ਪਾਲਾ।
ਸਾਇੰਸ ਦੀਆਂ ਕਾਢਾਂ ਨੇ, ਹੁਣ ਬਦਲ ਦਿੱਤੇ ਰੰਗ।
ਜਿੰਦ ਹੋ ਗਈ ਹੈ ਸੌਖੀ, ਜੀਣ ਦੇ ਬਦਲ ਨੇ ਢੰਗ।



-ਸੇਵਾ ਸਿੰਘ 'ਨੂਰਪੁਰੀ'
(Punjab Mail USA)

## ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਗਾਥਾ



ਤੇਜਾ ਸਿੰਘ ਸੁਤੰਤਰ ਗ਼ਦਰੀ ਯੋਧਾ ਅਲਬੇਲਾ,
ਹੱਕ ਸੱਚ ਲਈ ਜੂਝਿਆ ਜਦੋਂ ਆਇਆ ਵੇਲਾ,
ਇਨਕਲਾਬੀ ਗੁੜਤੀ ਲੈ ਗਰਜਿਆ ਗ਼ਦਰੀਆਂ ਦਾ ਚੇਲਾ।

ਗੁਰਦੁਆਰਾ ਸੁਧਾਰ ਲਹਿਰ ਲਈ ਕੁੱਦਿਆ ਨਾ ਕਰੇ ਕੁਵੇਲਾ,
ਸੁਤੰਤਰ ਜੱਥਾ ਦਹਾੜਿਆ
ਲੋਟੂਆ ਨੂੰ ਕਰਨੇ ਵੇਹਲਾ,
ਸੰਗਰਾਮੀ ਬਾਬਾ ਬੜਾ ਅਨੁਸਾਸ਼ਨੀ ਤੇ ਜੋਸ਼ੀਲਾ,
ਪੁਟ ਕੇ ਸੁੱਟਣਾ ਅੰਗਰੇਜ਼ੀ ਰਾਜ ਦਾ ਕੀਲਾ,
ਸੁਮੰਦ ਸਿੰਘ ਤੇਜਾ ਵੀਲੇ ਪਿੰਡ ਤੋਂ ਬਣਿਆ ਤੇਜਾ ਸਿੰਘ ਅਣਖੀਲਾ।

ਗੋਰਿਆਂ ਦੀ ਹਿਰਾਸਤ 'ਚੋਂ ਭੱਜਿਆ ਬੱਬਰ ਸ਼ੇਰ ਅਕੇਲਾ,
ਕਾਬੁਲ ਤੋਂ ਸੱਤਰ ਮੀਲ ਮਸ਼ਕਾ ਬੰਨ੍ਹ ਤੈਰਿਆ ਗ਼ਦਰੀ ਗੁਰੀਲਾ,
ਤੁਰਕੀ ਦੇ ਜੰਗੀ ਕਾਲਜ ਲੈ ਦਾਖਲਾ ਗ਼ਦਰੀ ਹੋਇਆ ਕਾਹਲਾ,
ਆਜ਼ਾਦੀ ਪਾਵਣ ਲਈ ਸੀ ਤੱਤਾ ਵਾਹਲਾ,
ਗ਼ਦਰੀਆਂ ਤੇ ਅਫ਼ਗਾਨੀਆਂ ਨਾਲ ਮਿਲਕੇ ਬਣਾਇਆ ਮਿਸ਼ਨ ਅਠਖੇਲਾ ,
ਅਜ਼ਾਦੀ ਬਾਦ ਬਣਾਈ ਲਾਲ ਪਾਰਟੀ ਨਾਲ ਸੁਰੈਣ ਸਿੰਘ ਖੇਲਾ।

ਕਿਰਤੀ ਕਿਸਾਨਾਂ ਦੇ ਚਿਹਰਿਆਂ 'ਤੇ ਲਿਆਂਦੀ ਲਾਲੀ,
ਕਿਰਤੀ ਪਾਰਟੀ ਉੱਭਰੀ ਅਜ਼ਾਦ ਦੇਸ਼ ਵਿਚ ਬਲਸ਼ਾਲੀ ,
ਗੜ੍ਹ ਬਣੇ ਪਾਰਟੀ ਦਾ ਕਿਸ਼ਨਗੜ੍ਹ ਨਿਹਾਲਗੜ੍ਹ ਦਲੇਲਵਾਲੀ।

ਕਿਰਤੀ ਕਾਲਜ ਬਣਾਉਣ ਲਈ ਸੁਤੰਤਰ ਜੀ ਨੇ ਘਾਲਣਾ ਘਾਲੀ,
ਦੇਣੀ ਵਿਦਿਆ ਸੰਗਰਾਮੀ ਵਾਰਿਸਾਂ ਨੂੰ ਕਰਨੇ ਜਿੰਦ ਸੁਖਾਲੀ,
20 ਕਿੱਲੇ ਦਾਨ ਦੁਆ ਨਿਆਲ ਪਿੰਡ ਤੋਂ ਕੰਮੀਆ ਲਈ ਰਾਹ ਖੋਲੀ,
ਬਣਾ ਇਮਾਰਤ ਕਿਰਤੀ ਕਾਲਜ ਦੀ ਪਾਈ ਲੋਕਾਂ ਦੀ ਝੋਲੀ।

ਲੋਕਾ ਦੇ ਹਿੱਤਾਂ ਦੀ ਕਰਦਾ ਬਾਬਾ ਰੱਖਵਾਲੀ,
ਸੰਨ 71 ਵਿਚ ਲੋਕ ਸਭਾ ਗੂੰਜਿਆ ਲਈ ਕਿਰਤੀਆਂ ਦੀ ਖੁਸ਼ਹਾਲੀ,

ਹੱਲ ਕਰਵਾਉਣ ਲਈ ਲੈ ਗਿਆ ਭਰ ਤਕਲੀਫਾਂ ਦੀ ਥੈਲੀ,
ਆਖਰੀ ਸਾਹਾਂ ਤੱਕ ਕਾਇਮ ਰਹੀ ਗ਼ਦਰੀ ਬਾਬੇ ਦੀ ਸ਼ੈਲੀ।

ਕਾਮਰੇਡ ਦਾ ਬੁੱਤ ਨਿਹਾਲਗੜ੍ਹ ਵਿਚ ਚਮਕਦਾ ਜਿਸਦਾ ਰੂਪ ਜਲਾਲੀ,
ਸੁਤੰਤਰ ਜੀ ਦੇ ਨਾਲ ਲਿਖੀ ਜਾਊ ਅੰਮ੍ਰਿਤ ਧੀਮਾਨ ਦੀ ਕਵਿਤਾ ਨਿਰਾਲੀ,
ਲਾਲ ਸਲਾਮ ਸਭ ਕਾਮਰੇਡਾਂ ਨੂੰ ਜੋ ਉਸਦੇ ਹਮਖਿਆਲੀ,
ਕਿਰਤੀਆਂ ਤੇ ਕਿਸਾਨਾਂ ਲਈ ਕੰਮ ਕਰਦੇ ਨੇ ਹੁਣ ਵੀ ਬੇਮਿਸਾਲੀ।

ਪ੍ਰੋ. ਅੰਮ੍ਰਿਤ ਧੀਮਾਨ
ਸਰਕਾਰੀ ਕਿਰਤੀ ਕਾਲਜ, ਨਿਆਲ - ਪਾਤੜਾਂ,
ਜ਼ਿਲ੍ਹਾ : ਪਟਿਆਲਾ।
ਫੋਨ ਨੰ. 98159-94677
(Punjab Mail USA)

## ਗ਼ਜ਼ਲ

ਦੂਰ ਦੂਰ ਤੱਕ ਘੁੱਪ ਹਨੇਰਾ
ਵੇਖਾਂ ਜਦ ਮੈਂ ਚਾਰ ਚੁਫੇਰਾ।

ਜਦ ਦਾ ਪੁੱਤ ਪ੍ਰਦੇਸੀ ਹੋਇਆ
ਨੈਣਾਂ ਬੂਹੇ ਲਾ ਲਿਆ ਡੇਰਾ।

ਡੋਲੀ ਬਹਿੰਦੀ ਧੀ ਨੇ ਪੁੱਛਿਆ
ਬਾਬਲ ਹੁਣ ਇਹ ਘਰ ਨਹੀਂ ਮੇਰਾ?

ਲਾਡਾਂ ਦੇ ਨਾਲ ਲਾਡੋ ਪਾਲੀ
ਦਾਨ ਹੈ ਕਰਦਾ, ਵੇਖੋ ਜ਼ੇਰਾ।

ਬਿਖੜੇ ਪੈਂਡੇ, ਚੱਲਦਾ ਜਾਵੀਂ
ਕਿਰਤੀ ਤੇਰਾ ਪੰਧ ਲੰਮੇਰਾ।

ਸ਼ਾਮ ਢਲੀ ਤਾਂ ਫਿਰ ਕੀ ਹੋਇਆ
ਚੜ੍ਹ ਹੀ ਜਾਣਾ ਸੁਰਖ਼ ਸਵੇਰਾ।

ਮਿਲ ਜਾਵੇ ਰੁਜ਼ਗਾਰ ਜੇ ਇੱਥੇ
ਛੱਡੇ ਨਾ ਕੋਈ ਰੈਣ ਬਸੇਰਾ।

ਉਹ ਕੀ ਜਾਣੇ ਅਰਥ ਆਜ਼ਾਦੀ
ਪਾਇਆ ਜਿਸਨੂੰ ਗੁਰਬਤ ਘੇਰਾ।

-ਨਿਰਮਲ ਸਿੰਘ ਰੱਤਾ
84270-07623
(Punjab Mail USA)

## "ਭਾਦੋਂ ਪਏ ਵਿਛੋੜੇ"

ਸਾਉਣ ਮਹੀਨੇ ਕੱਠੀਆਂ ਹੋਈਆਂ
ਭਾਦੋਂ ਵਿਚ ਵਿਛੋੜੇ ਪੈ ਗਏ।

ਸਹੁਰਿਆਂ ਤੋਂ ਜੋ ਪੇਕੇ ਆਈਆਂ
ਕੰਤ ਕਈਆਂ ਦੇ ਆਕੇ ਲੈ ਗਏ।

ਲੱਗ ਕੇ ਗਲ਼ੇ ਸਹੇਲੀਆਂ ਮਿਲੀਆਂ
ਅੱਖੀਆਂ ਵਿਚੋਂ ਅੱਥਰੂ ਬਹਿ ਗਏ।

ਤੀਆਂ 'ਚ ਕੱਠੀਆਂ ਪਾਈਆਂ ਪੀਂਘਾਂ
ਗਿੱਧੇ ਯਾਦਾਂ ਦੇ ਵਿਚ ਰਹਿ ਗਏ।

ਗਾਏ ਗੀਤ ਬੋਲੀਆਂ ਪਾਈਆਂ
ਕਈਆਂ ਦੇ ਤਾਂ ਗਲ਼ੇ ਹੀ ਬਹਿ ਗਏ।

ਰੱਖੜੀ ਵਾਲੇ ਦਿਨ ਫਿਰ ਭਾਈ
ਭੈਣੇ ਰੱਖੜੀ ਬੰਨ੍ਹਜਾ ਕਹਿ ਗਏ।

ਦੇਸ਼ ਵਿਦੇਸ਼ੋਂ ਆਏ ਪਰਿੰਦੇ
ਆਪੋ ਆਪਣੇ ਰਾਹੇ ਪੈ ਗਏ।

ਭਾਦੋਂ ਮਨ ਦੇ ਭਰਮ ਮਿਟਾਕੇ
"ਗਿੱਲ ਮਲਕੀਤ" ਅਲਵਿਦਾ ਕਹਿ ਗਏ।



ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225
(Punjab Mail USA)

## ਰੂਪ

ਜਦ-ਜਦ ਸੋਨ ਸਵੇਰਾ ਹੁੰਦਾ।
ਦਿਸਦਾ ਮੁੱਖੜਾ ਤੇਰਾ ਹੁੰਦਾ।

ਜਦ-ਜਦ ਜ਼ੁਲਫਾਂ ਨੂੰ ਲਹਿਰਾਵੇਂ,
ਸਿਖ਼ਰ ਦੁਪਹਿਰੇ ਨੇਰ੍ਹਾ ਹੁੰਦਾ।

ਵੇਖਕੇ ਤੈਨੂੰ, ਮੁੜ ਨਾ ਵੇਖੇ,
ਐਡਾ ਕੀਹਦਾ ਜੇਰਾ ਹੁੰਦਾ।

ਗੱਲ੍ਹ ਵਿਚ ਤੇਰੇ ਡੂੰਘ ਜੋ ਪੈਂਦਾ,
ਹੱਸੇ ਜਦੋਂ ਡੂੰਘੇਰਾ ਹੁੰਦਾ।

ਤੈਨੂੰ ਭੰਵਰਿਆਂ ਫੁੱਲ ਸਮਝਕੇ,
ਪਾਇਆ ਹਰਦਮ ਘੇਰਾ ਹੁੰਦਾ।

ਜਿਹੜੇ ਰਾਹਵਾਂ ਦੀ ਤੂੰ ਪਾਂਧੀ,
ਮਹਿਕਿਆ ਚਾਰ ਚੁਫੇਰਾ ਹੁੰਦਾ।

ਗੱਲ ਰੂਪ ਦੀ ਜਦ ਵੀ ਤੁਰਦੀ,
ਜ਼ਿਕਰ ਹਮੇਸ਼ਾ ਤੇਰਾ ਹੁੰਦਾ।

ਕਿੰਨੀ ਚੰਗੀ ਗੱਲ ਹੁੰਦੀ ਜੇ,
ਸਾਂਝਾ ਇਕ ਬਨੇਰਾ ਹੁੰਦਾ।



-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'
ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)
+1-360-448-1989
(Punjab Mail USA)

## ਪੰਜਾਬ ਦੀ ਮਿੱਟੀ

ਮੈਂ ਜਿਸ ਮਿੱਟੀ ਦਾ ਪਲਿਆ ਹਾਂ,
ਡਿੱਗ ਕਿ ਉੱਠਕੇ ਖੜ੍ਹਿਆ ਹਾਂ,
ਮੇਰੀ ਮਿੱਟੀ ਸਾਹ ਮੇਰੇ,
ਮੈਂ ਨੀ ਛੱਡ ਸਕਦਾ,
ਬੱਸ ਇਸੇ ਕਰਕੇ,
ਮੈਂ ਆਪਣਾ ਪੰਜਾਬ ਨੀ ਛੱਡ ਸਕਦਾ,

ਮੈਂ ਮਿੱਟੀ ਤੋਂ ਭਾਂਵੇ ਦੂਰ ਰਹਾਂ,
ਪਰ ਚੇਤਿਆਂ ਦੇ ਵਿੱਚ ਰਹਿੰਦੀ ਆ,
ਤੈਨੂੰ ਮਿੱਟੀ ਤੇਰੀ ਯਾਦ ਕਰੇ,
ਮਾਂ ਮੇਰੀ ਨਿੱਤ ਕਹਿੰਦੀ ਏ,
ਛੱਡ ਕਿ ਮੈਂ ਪੱਲਾ ਇਸਦਾ,
ਕੋਈ ਹੋਰ ਨੀ ਫੜ ਸਕਦਾ,
ਬੱਸ ਇਸੇ ਕਰਕੇ,
ਮੈਂ ਆਪਣਾ ਪੰਜਾਬ ਨੀ ਛੱਡ ਸਕਦਾ,


ਮੇਰਾ ਤਾਂ ਕੋਈ ਨਾਮ ਨਹੀਂ ਸੀ,
ਨਾਂ ਦਿੱਤਾ ਮੈਨੂੰ ਇਸ ਮਿੱਟੀ ਨੇ,
ਇਹ ਮਿੱਟੀ ਗੁਰੂਆਂ ਪੀਰਾਂ ਦੀ,
ਜਿਹਦੀ ਰਾਗ੍ਹ ਸ਼ਹਿਦ ਤੋਂ ਮਿੱਠੀ ਏ,
ਇਹ ਫੁੱਲ ਹੈ ਮਹਿਕਾ ਵੰਡਦਾ ਜੋ,
ਮੈਂ ਨੀ ਵੱਢ ਸਕਦਾ,
ਬੱਸ ਇਸੇ ਕਰਕੇ,
ਮੈਂ ਆਪਣਾ ਪੰਜਾਬ ਨੀ ਛੱਡ ਸਕਦਾ,

ਮੇਰੀ ਮਿੱਟੀ ਦੇ ਵਿੱਚ ਬਰਕਤ ਹੈ,
ਗੀਤ ਅਣਖ ਦੇ ਗਾਉਂਦੀ ਹੈ,
ਭਾਂਵੇ ਵਿਚ ਮੁਸੀਬਤਾਂ ਘਿਰ ਜਾਵੇ,
ਇਹ ਫਿਰ ਵੀ ਹੱਸਦੀ ਗਾਉਂਦੀ ਏ,
"ਜੋਗੇ" ਦਾ ਮਾਣ ਏ ਮਿੱਟੀ ,
ਇਹਨੂੰ ਨੀ ਵੰਡ ਸਕਦਾ,
ਬੱਸ ਇਸੇ ਕਰਕੇ,
ਮੈਂ ਆਪਣਾ ਪੰਜਾਬ ਨੀ ਛੱਡ ਸਕਦਾ ,

ਪਿੰਡ ਰਹੋ ਜਾਂ ਸ਼ਹਿਰ ਰਹੋ,
ਮਿੱਟੀ ਨੂੰ ਸਦਾ ਪਿਆਰ ਕਰੋ,
ਪੰਜਾਬ ਰਹੋ ਜਾਂ ਵਲੈਤ ਰਹੋ,
ਮਿੱਟੀ ਨੂੰ ਸਦਾ ਯਾਦ ਰਹੋ,
ਪਵੇ ਮੁਸੀਬਤ ਆਣ ਕੋਈ,
ਉੱਚੀ ਸਦਾ ਆਵਾਜ਼ ਕਰੋ,
ਉਰਦੂ ਸਿੱਖੋ ਜਾਂ ਅੰਗਰੇਜ਼ੀ,
ਪਰ ਮਾਂ ਬੋਲੀ ਨੂੰ ਪਿਆਰ ਕਰੋ।



ਜਸਵੰਤ ਸਿੰਘ ਜੋਗਾ
ਫੋਨ :62396-43306
(Punjab Mail USA)


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Elk Grove 9700 BLVD
Bradshaw 9600 RD
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567